# ਜਗਤ-ਫੇਰੀ ਦਾ ਸੰਖੇਪ

ਜਨਮ– ਵੈਸਾਖ ਵਦੀ ੧, (੫ ਵੈਸਾਖ) ਸੰਮਤ ੧੫੬੧ ਮੁਤਾਬਕ ੩੧ ਮਾਰਚ ਸੰਨ ੧੫੦੪ ਈਸਵੀ ।

ਜਨਮ ਅਸਥਾਨ–ਮੱਤੇ ਦੀ ਸਰਾਂ, ਤਹਿਸੀਲ ਮੁਕਸਤਰ ਜ਼ਿਲ੍ਹਾ ਫੀਰੋਜ਼ਪੁਰ।

ਮਾਤਾ-ਪਿਤਾ– ਪਿਤਾ : ਬਾਬਾ ਫੇਰੂ ਮੱਲ ਜੀ, ਮਾਤਾ : ਮਾਤਾ ਦਇਆ ਕੌਰ (ਸਭਰਾਈ) ਜੀ ।

ਵਿਆਹ– ਸ੍ਰੀ ਦੇਵੀ ਚੰਦ ਦੀ ਸਪੁੱਤਰੀ ਸ੍ਰੀ ਖੀਵੀ ਜੀ ਨਾਲ, ਪਿੰਡ ਸੰਘਰ (ਖਡੂਰ ਸਾਹਿਬ ਦੇ ਨੇੜੇ) ਤਹਿਸੀਲ ਤਰਨ ਤਾਰਨ ਜ਼ਿਲ੍ਹਾ ਅੰਮ੍ਰਿਤਸਰ । (ਸੰਮਤ ੧੫੭੬)

ਸੰਤਾਨ– ਦੋ ਸਪੁੱਤਰ ਸ੍ਰੀ ਦਾਸੂ ਜੀ (ਸੰਮਤ ੧੫੮੧) ਤੇ ਸ੍ਰੀ ਦਾਤੂ ਜੀ (ਸੰਮਤ ੧੫੮੪) । ਦੋ ਸਪੁੱਤਰੀਆਂ ਬੀਬੀ ਅਮਰੋ ਤੇ ਬੀਬੀ ਅਣੋਖੀ ਜੀ ।

ਗੁਰ-ਮਿਲਾਪ– ਸੰਮਤ ੧੫੮੯ ਸ੍ਰੀ ਕਰਤਾਰਪੁਰ ਵਿੱਚ ।

ਗੁਰਿਆਈ ਮਿਲੀ– ਸ੍ਰੀ ਕਰਤਾਰਪੁਰ , ਹਾੜ ਵਦੀ ੧੩ (੧੭ ਹਾੜ) ਸੰਮਤ ੧੫੯੬, ਮੁਤਾਬਕ ੧੪ ਜੂਨ ਸੰਨ ੧੫੩੯ ।

ਗੁਰਿਆਈ ਦਾ ਸਮਾਂ ਅਰੰਭ ਹੋਇਆ– ਅੱਸੂ ਵਦੀ ੧੦ (੭ ਅੱਸੂ) ਸੰਮਤ ੧੫੯੬ ।

ਗੁਰਤਾ ਦਾ ਕੰਮ ਸੰਭਾਲਿਆ– ਫੱਗਣ ਵਦੀ ੫ ਸੰਮਤ ੧੫੯੬ ਖਡੂਰ ਸਾਹਿਬ ।

ਜੋਤੀ ਜੋਤਿ ਸਮਾਏ–ਸ੍ਰੀ ਖਡੂਰ ਸਾਹਿਬ, ਜ਼ਿਲ੍ਹਾ ਅੰਮ੍ਰਿਤਸਰ, ਚੇਤ ਸੁਦੀ ੪ (੩ ਵੈਸਾਖ) ਸੰਮਤ ੧੬੦੯, ਮੁਤਾਬਕ ੨੯ ਮਾਰਚ ਸੰਨ ੧੫੫੨ ।



## ਕਾਂਡ ੧

## ਗੁਰੂ-ਮਿਲਾਪ ਤੋਂ ਪਹਿਲਾਂ

**ਜਨਮ ਦਿਨ**–ਸ੍ਰੀ ਗੁਰੂ ਅੰਗਦ ਦੇਵ ਜੀ ਦਾ ਪਹਿਲਾ, ਮਾਪਿਆਂ ਦਾ ਰੱਖਿਆ, ਨਾਂ ਸ੍ਰੀ ਲਹਿਣਾ ਜੀ ਸੀ । ਆਪ ਦੇ ਜਨਮ ਦਿਨ ਬਾਰੇ ਚੋਖਾ ਮੱਤ-ਭੇਦ ਹੈ । ਇਕ ਦੋਂਹ ਗੁਰ-ਇਤਿਹਾਸਕਾਰਾਂ ਤੋਂ ਬਿਨਾਂ ਇਸ ਗੱਲ 'ਤੇ ਸਹਿਮਤ ਹਨ ਕਿ ਗੁਰੂ ਅੰਗਦ ਦੇਵ ਜੀ ਦਾ ਜਨਮ ੧੫੬੧ ਬਿਕ੍ਰਮੀ (ਸੰਨ ੧੫੦੪ ਈਸਵੀ) ਵਿੱਚ ਹੋਇਆ । ਤਰੀਕ ਤੇ ਥਿਤ ਬਾਰੇ ਇਨ੍ਹਾਂ ਵਿੱਚ ਵੀ ਮੱਤ-ਭੇਦ ਹੈ। ਕੁਝ ਕਹਿੰਦੇ ਹਨ ਗੁਰੂ ਜੀ ਦਾ ਜਨਮ ੧੧ ਵੈਸਾਖ ਨੂੰ ਹੋਇਆ । ਇਹ ਲੋਕ ਨਾ ਤਾਂ ਹੀ ਥਿੱਤ ਦੱਸਦੇ ਹਨ ਅਤੇ ਨਾ ਹੀ ਅੰਗਰੇਜ਼ੀ ਮਹੀਨੇ ਦੀ ਤਰੀਕ । ਕੁਝ ਕਹਿੰਦੇ ਹਨ ਕਿ ਗੁਰੂ ਜੀ ਨੇ ਵੈਸਾਖ ਸੁਦੀ ੧ ਨੂੰ ਅਵਤਾਰ ਧਾਰਿਆ । ਇਹ ਲੋਕ ਦੇਸੀ ਜਾਂ ਅੰਗਰੇਜ਼ੀ ਮਹੀਨੇ ਦੀ ਤਰੀਕ ਨਹੀਂ ਦਸਦੇ । ਉਂਜ ਗੁਰਦੁਆਰਿਆਂ ਤੇ ਸੰਗਤਾਂ ਵਿੱਚ ਗੁਰੂ ਜੀ ਦਾ ਅਵਤਾਰ-ਗੁਰਪੁਰਬ ਵੈਸਾਖ ਸੁਦੀ ੧ ਨੂੰ ਮਨਾਇਆ ਜਾਂਦਾ ਹੈ ਪਰ ਅਜੋਕੀ ਖੋਜ ਵਾਲੇ ਮੰਨਦੇ ਹਨ ਕਿ ਗੁਰੂ ਅੰਗਦ ਦੇਵ ਜੀ ਦਾ ਜਨਮ ਵੈਸਾਖ ਵਦੀ ੧ (੫ ਵੈਸਾਖ), ਮੁਤਾਬਕ ੩੧ ਮਾਰਚ ਸੰਨ ੧੫੦੪ ਨੂੰ ਹੋਇਆ । ਇਹ ਅਖੀਰੀ ਗੱਲ ਸਭ ਤੋਂ ਵਧੇਰੇ ਮੰਨਣ-ਯੋਗ ਹੈ । ਇਥੇ ਇਹ ਹੀ ਠੀਕ ਸਮਝੀ ਗਈ ਹੈ ।

**ਜਨਮ-ਨਗਰੀ ਤੇ ਮਾਤਾ-ਪਿਤਾ**– ਸ੍ਰੀ ਗੁਰੂ ਅੰਗਦ ਦੇਵ ਜੀ ਦੀ ਜਨਮ-ਨਗਰੀ 'ਮੱਤੇ ਦੀ ਸਰਾਂ' ਨਾਂ ਦਾ ਇਕ ਪਿੰਡ ਸੀ, ਜੋ ਸ੍ਰੀ ਮੁਕਤਸਰ, ਜ਼ਿਲ੍ਹਾ ਫੀਰੋਜ਼ਪੁਰ ਤੋਂ ਪੰਜ ਛੇ ਕੋਹ ਉਤਰ-ਪੂਰਬ ਵੱਲ ਸੀ । ਬਾਬਰ ਦੇ ਹਮਲਿਆਂ ਸਮੇਂ ਮੱਚੇ ਰਾਜ-ਰੌਲੇ ਵਿੱਚ ਇਹ ਨਗਰੀ ਲੁੱਟ-ਮਾਰ ਤੇ ਕੱਟ-ਵੱਢ ਕਰ ਕੇ ਥੇਹ ਕਰ ਦਿੱਤੀ ਗਈ। ਮਗਰੋਂ ਇਸ ਥੇਹ ਦੇ ਪਾਸ ਹੀ ਇਕ ਨਾਂਗੇ ਉਦਾਸੀ

ਸਾਧੂ ਨੇ ਪਿੰਡ ਫੇਰ ਵਸਾਇਆ । ਇਸ ਦਾ ਨਾਂ 'ਨਾਂਗੇ ਦੀ ਸਰਾਂ' ਪਿਆ । ਇਹ ਪਿੰਡ ਮੌਜੂਦ ਹੈ । ਇਸ ਦੇ ਪਾਸ 'ਮੱਤੇ ਦੀ ਸਰਾਂ' ਦੇ ਥੇਹ ਉਪਰ ਗੁਰੂ ਅੰਗਦ ਦੇਵ ਜੀ ਦੇ ਜਨਮ ਤੇ ਨਿਵਾਸ ਵਾਲੇ ਥਾਂ ਗੁਰਦੁਆਰਾ ਹੈ ।

ਆਪ ਦੇ ਪਿਤਾ ਦਾ ਨਾਂ ਬਾਬਾ ਫੇਰੂ ਮੱਲ ਸੀ । ਆਪ ਦੀ ਮਾਤਾ ਦਾ ਨਾਂ ਮਾਤਾ ਦਇਆ ਕੌਰ ਜੀ ਸੀ (ਉਨ੍ਹਾਂ ਦਾ ਦੂਜਾ ਨਾਂ ਮਾਤਾ ਸਭਰਾਈ ਜੀ ਸੀ) । ਬਾਬਾ ਫੇਰੂ ਮੱਲ ਜੀ ਚੰਗੇ ਧਨਾਢ ਤੇ ਉਘੇ ਪੁਰਸ਼ ਸਨ । ਉਹ ਦੁਕਾਨਦਾਰੀ ਕਰਦੇ ਸਨ । ਉਥੇ ਪਿੰਡ ਵਿੱਚ ਇਲਾਕੇ ਦਾ ਚੌਧਰੀ ਤਖ਼ਤ ਮੱਲ ਰਹਿੰਦਾ ਸੀ । ਉਸ ਨੇ ਇਨ੍ਹਾਂ ਨੂੰ ਆਪਣਾ ਮੁਣਸ਼ੀ ਨੀਯਤ ਕਰ ਲਿਆ ਸੀ । ਫੀਰੋਜ਼ਪੁਰ ਦੇ ਮੁਸਲਮਾਨ ਹਾਕਮ ਨੇ ਵੀ ਮਾਮਲੇ ਦੇ ਲੇਖੇ-ਸੰਭਾਲ ਲਈ ਇਨ੍ਹਾਂ ਨੂੰ ਆਪਣਾ ਖਜ਼ਾਨਚੀ ਮਿਥਿਆ ਹੋਇਆ ਸੀ । ਬਾਬਾ ਫੇਰੂ ਮੱਲ ਜੀ ਸੁਭਾਅ ਤੇ ਵਤੀਰੇ ਦੇ ਨਿੱਘੇ, ਮਿੱਠੇ ਤੇ ਮਿਲਾਪੜੇ ਅਤੇ ਕਾਰ-ਵਿਹਾਰ ਵਿੱਚ ਸੁੱਚੇ ਤੇ ਖਰੇ ਸਨ । ਇਸ ਕਰ ਕੇ ਵਿਹਾਰ-ਕਾਰ ਚੰਗਾ ਤੁਰ ਪਿਆ । ਚੌਧਰੀ ਤੇ ਹਾਕਮ ਦੇ ਕੰਮ ਨੂੰ ਵੀ ਉਹ ਪੂਰੀ-ਪੂਰੀ ਯੋਗਤਾ ਅਤੇ ਇਮਾਨਦਾਰੀ ਨਾਲ ਨਿਬਾਹੁੰਦੇ ਸਨ ।

ਬਾਬਾ ਫੇਰੂ ਮੱਲ ਦੀ ਭੈਣ, ਸ੍ਰੀ ਸਭਰਾਈ ਜੀ, ਜਿਸ ਦਾ ਦੂਜਾ ਨਾਂ ਸ੍ਰੀ ਵਿਰਾਈ ਜੀ ਸੀ ਖਡੂਰ ਪਿੰਡ (ਤਹਿਸੀਲ ਤਰਨ ਤਾਰਨ ਜ਼ਿਲ੍ਹਾ ਅੰਮ੍ਰਿਤਸਰ) ਵਿੱਚ ਵਿਆਹੀ ਹੋਈ ਸੀ । ਖਡੂਰ ਦੇ ਪਾਸ ਹੀ ਇਕ ਪਿੰਡ ਸੰਘਰ ਨਾਂ ਦਾ ਸੀ* । ਸ੍ਰੀ ਲਹਿਣਾ ਜੀ ਦਾ ਵਿਆਹ ਸੰਮਤ ੧੫੭੬ ਵਿੱਚ ਸੰਘਰ ਪਿੰਡ ਦੇ ਵਸਨੀਕ ਸ੍ਰੀ ਦੇਵੀ ਚੰਦ ਦੀ ਸਪੁੱਤਰੀ ਸ੍ਰੀ ਖੀਵੀ ਜੀ ਨਾਲ ਹੋਇਆ ।

ਸੰਘਰ ਵਾਸਾ– ਸ੍ਰੀ ਲਹਿਣਾ ਜੀ ਦੇ ਵਿਆਹ ਮਗਰੋਂ ਛੇਤੀ ਹੀ ਪਿੰਡ ਦਾ ਚੌਧਰੀ ਬਾਬਾ ਫੇਰੂ ਮੱਲ ਨਾਲ ਖਾਹ-ਮਖਾਹ ਵਿਗੜ ਬੈਠਾ ਅਤੇ ਉਨ੍ਹਾਂ ਨੂੰ ਤੰਗ ਕਰਨ ਲੱਗ ਪਿਆ । ਇਲਾਕੇ ਦੇ ਮੁਸਲਮਾਨ ਹਾਕਮ ਦਾ ਵਤੀਰਾ ਵੀ ਚੰਗਾ ਨਾ ਰਿਹਾ । ਇਸ ਭੈੜੇ

*ਇਹ ਪਿੰਡ ਮਗਰੋਂ ਉੱਜੜ ਕੇ ਥੇਹ ਬਣ ਗਿਆ ।



ਸਲੂਕ ਤੇ ਸਖ਼ਤੀ ਦੇ ਕਾਰਨ ਬਾਬਾ ਫੇਰੂ ਮੱਲ ਨੇ ਮੱਤੇ ਦੀ ਸਰਾਂ ਛੱਡ ਕੇ ਹੋਰਥੇ ਜਾ ਵੱਸਣ ਦੀ ਸਲਾਹ ਕੀਤੀ । ਪਹਿਲਾਂ ਉਹ ਸਤਲੁਜ ਬਿਆਸ ਦੇ ਸੰਗਮ ਪਾਸਲੇ ਪਿੰਡ ਹਰੀਕੇ ਜਾ ਵੱਸੇ । ਛੇਤੀ ਮਗਰੋਂ ਸ੍ਰੀ ਲਹਿਣਾ ਜੀ ਦੇ ਸਹੁਰਿਆਂ ਦੀ ਪ੍ਰੇਰਨਾ ਕਰ ਕੇ ਸੰਘਰ ਪਿੰਡ ਚਲੇ ਗਏ ਅਤੇ ਓਥੇ ਕਾਰ-ਵਿਹਾਰ ਤੇ ਦੁਕਾਨਦਾਰੀ ਕਰਨ ਲੱਗ ਪਏ । ਕਾਰ-ਵਿਹਾਰ ਛੇਤੀ ਹੀ ਚੰਗਾ ਤੁਰ ਪਿਆ ।

ਬਾਬਾ ਫੇਰੂ ਮੱਲ ਜੀ ਦੇਵੀ ਦੇ ਭਗਤ ਅਤੇ ਧਾਰਮਿਕ ਰੁਚੀਆਂ ਵਾਲੇ ਵੈਸ਼ਨੋ ਸਨ । ਉਹ ਹਰ ਸਾਲ ਦੇਵੀ-ਭਗਤਾਂ ਦਾ ਸੰਗ ਲੈ ਕੇ ਦੇਵੀ ਦੇ ਦਰਸ਼ਨਾਂ ਲਈ ਜਵਾਲਾ-ਮੁੱਖੀ ਜਾਇਆ ਕਰਦੇ ਸਨ । ਮਾਤਾ-ਪਿਤਾ ਦਾ ਅਸਰ ਬੱਚੇ ਉਪਰ ਪੈਂਦਾ ਹੀ ਹੈ। ਇਸ ਅਸਰ (ਪ੍ਰਭਾਵ) ਕਰ ਕੇ ਸ੍ਰੀ ਲਹਿਣਾ ਜੀ ਵੀ ਬਚਪਨ ਤੋਂ ਹੀ ਭਗਤੀ-ਭਾਵ ਵਾਲੇ ਅਤੇ ਦੇਵੀ-ਭਗਤ ਸਨ ।

ਬਾਬਾ ਫੇਰੂ ਮੱਲ ਜੀ ਸੰਮਤ ੧੫੮੩ ਵਿੱਚ ਅਕਾਲ ਚਲਾਣਾ ਕਰ ਗਏ । ਕਾਰ-ਵਿਹਾਰ ਦਾ ਸਾਰਾ ਕੰਮ ਸ੍ਰੀ ਲਹਿਣਾ ਜੀ ਦੇ ਸਿਰ ਆ ਪਿਆ । ਇਹ ਵਪਾਰ-ਵਿਹਾਰ ਉਨ੍ਹਾਂ ਨੇ ਪੂਰੀ ਯੋਗਤਾ ਨਾਲ ਨਿਬਾਹਿਆ ਅਤੇ ਚੰਗੀ ਸਫਲਤਾ ਪ੍ਰਾਪਤ ਕੀਤੀ । ਪਿਤਾ ਜੀ ਵਾਂਙੂ ਉਹ ਵੀ ਆਪਣੇ ਪਿੰਡ ਦੇ ਦੇਵੀ-ਭਗਤਾਂ ਦੇ ਆਗੂ ਬਣ ਗਏ ਅਤੇ ਹਰ ਸਾਲ ਉਨ੍ਹਾਂ ਦਾ ਸੰਗ ਲੈ ਕੇ ਦੇਵੀ ਦੇ ਦਰਸ਼ਨਾਂ ਨੂੰ ਜਵਾਲਾ-ਮੁੱਖੀ ਜਾਇਆ ਕਰਦੇ ਸਨ ।

ਮਾਤਾ ਖੀਵੀ ਜੀ ਦੀ ਕੁੱਖੋਂ ਆਪ ਦੇ ਘਰ ਦੋ ਪੁੱਤਰ ਜਨਮੇ – ਸ੍ਰੀ ਦਾਸੂ ਜੀ (ਸੰਮਤ ੧੫੮੧ ਵਿੱਚ) ਅਤੇ ਸ੍ਰੀ ਦਾਤੂ ਜੀ (ਸੰਮਤ ੧੫੮੪ ਵਿੱਚ) ਆਪ ਦੀਆਂ ਦੋ ਧੀਆਂ ਸਨ । ਵੱਡੀ ਦਾ ਨਾਂ ਸੀ ਬੀਬੀ ਅਮਰੋ ਅਤੇ ਛੋਟੀ ਦਾ ਨਾਂ ਸੀ ਬੀਬੀ ਅਣੋਖੀ ।

ਗੁਰੂ ਦਰਸ਼ਨ ਦੀ ਤਾਂਘ–ਗੁਰੂ ਨਾਨਕ ਦੇਵ ਜੀ ਦਾ ਇੱਕ ਸਿੱਖ, ਭਾਈ ਜੋਧ ਖਡੂਰ ਦਾ ਵਸਨੀਕ ਸੀ । ਉਹ ਹਰ ਰੋਜ਼ ਅੰਮ੍ਰਿਤ ਵੇਲੇ ਉੱਠ ਕੇ ਇਸ਼ਨਾਨ ਕਰ ਕੇ, ਜਪੁ ਜੀ ਸਾਹਿਬ ਅਤੇ ਆਸਾ ਦੀ ਵਾਰ ਦਾ ਪਾਠ ਬੜੀ ਮਿੱਠੀ ਸੁਰੀਲੀ ਆਵਾਜ਼ ਵਿੱਚ ਕਰਦਾ ਹੁੰਦਾ ਸੀ । ਇੱਕ ਦਿਨ ਉਹ ਪਿੰਡੋਂ ਬਾਹਰ ਇਕ ਟੋਬੇ

ਪਾਸ ਬੈਠਾ ਪਾਠ ਕਰ ਰਿਹਾ ਸੀ । ਉਧਰੋਂ ਰਾਤ ਭਰ ਦੇਵੀ ਦੀ ਜੋਤ ਉਦਾਲੇ ਜਗਰਾਤਾ ਕਰਨ, ਪਿੱਛੋਂ ਸਵੇਰੇ ਇਸ਼ਨਾਨ ਕਰਨ ਲਈ ਸ੍ਰੀ ਲਹਿਣਾ ਜੀ ਵੀ ਉਸ ਟੋਬੇ 'ਤੇ ਪੁੱਜ ਗਏ । ਗੁਰਬਾਣੀ ਦੇ ਪਾਠ ਦੀ ਆਵਾਜ਼ ਉਨ੍ਹਾਂ ਦੇ ਕੰਨੀਂ ਪਈ । ਸੁਣਦਿਆਂ ਹੀ ਅੰਦਰ ਇਕ ਧੂਹ ਜਿਹੀ ਪਈ । ਉਹ ਭਾਈ ਜੋਧ ਜੀ ਦੇ ਕੋਲ ਜਾ ਬੈਠੇ । ਉਸ ਵੇਲੇ ਭਾਈ ਜੋਧ ਜੀ ਆਸਾ ਦੀ ਵਾਰ ਦੀ ਇਸ ਪਉੜੀ ਦਾ ਪਾਠ ਕਰ ਰਹੇ ਸਨ :

*ਜਿਤੁ ਸੇਵਿਐ ਸੁਖੁ ਪਾਈਐ ਸੋ ਸਾਹਿਬੁ ਸਦਾ ਸਮ੍ਹਾਲੀਐ ॥*
*ਜਿਤੁ ਕੀਤਾ ਪਾਈਐ ਆਪਣਾ ਸਾ ਘਾਲ ਬੁਰੀ ਕਿਉ ਘਾਲੀਐ॥*
*ਮੰਦਾ ਮੂਲਿ ਨ ਕੀਚਈ ਦੇ ਲੰਮੀ ਨਦਰਿ ਨਿਹਾਲੀਐ ॥*
*ਜਿਉ ਸਾਹਿਬ ਨਾਲਿ ਨ ਹਾਰੀਐ ਤੇਵੇਹਾ ਪਾਸਾ ਢਾਲੀਐ ॥*
*ਕਿਛੁ ਲਾਹੇ ਉਪਰਿ ਘਾਲੀਐ ॥੨੧॥*

*(ਵਾਰ ਆਸਾ, ਪੰਨਾ ੪੭੪)*

ਭਾਈ ਜੋਧ ਪਾਠ ਕਰੀ ਗਿਆ ਅਤੇ ਸ੍ਰੀ ਲਹਿਣਾ ਜੀ ਪਾਸ ਬੈਠੇ ਸੁਣੀ ਗਏ । ਗੁਰਬਾਣੀ ਸ੍ਰੀ ਲਹਿਣਾ ਜੀ ਦੇ ਅੰਦਰ ਧੱਸ ਗਈ । ਉਨ੍ਹਾਂ ਦੇ ਮਨ ਨੂੰ ਅਜਿਹੀ ਸ਼ਾਂਤੀ ਪ੍ਰਾਪਤ ਹੋਈ, ਜਿਹੜੀ ਆਪ ਨੇ ਅੱਗੇ ਕਦੇ ਮਹਿਸੂਸ ਨਹੀਂ ਸੀ ਕੀਤੀ । ਜਦ ਭਾਈ ਜੋਧ ਨੇ ਪਾਠ ਦਾ ਭੋਗ ਪਾ ਲਿਆ, ਤਾਂ ਸ੍ਰੀ ਲਹਿਣਾ ਜੀ ਨੇ ਪੁੱਛਿਆ, 'ਤੁਸੀਂ ਕਿਸ ਦੀ ਬਾਣੀ ਪੜ੍ਹਦੇ ਗਾਉਂਦੇ ਸਉ ?'

ਭਾਈ ਜੋਧ ਨੇ ਕਿਹਾ, 'ਇਹ ਸੱਚੀ, ਧੁਰ ਦੀ ਬਾਣੀ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਰਚਨਾ ਹੈ, ਜੋ ਆਪ ਜੀਵਾਂ ਦੇ ਉਧਾਰ ਲਈ ਨਿਰੰਕਾਰ ਦੀ ਹਜ਼ੂਰੀਂ ਵਿੱਚੋਂ ਲਿਆਏ ਹਨ ।' ਹੋਰ ਪੁੱਛਣ 'ਤੇ ਭਾਈ ਜੋਧ ਨੇ ਦੱਸਿਆ ਕਿ ਗੁਰੂ ਨਾਨਕ ਦੇਵ ਜੀ ਕਰਤਾਰਪੁਰ ਨਿਵਾਸ ਕਰਦੇ ਤੇ ਜੀਵਾਂ ਨੂੰ ਤਾਰਦੇ ਹਨ ।

ਸ੍ਰੀ ਲਹਿਣਾ ਜੀ ਦੇ ਅੰਦਰ ਖਿੱਚ ਪਈ ਅਤੇ ਗੁਰੂ ਜੀ ਦੇ ਦਰਸ਼ਨਾਂ ਲਈ ਤਾਂਘ ਉਠੀ । ਇਹ ਤਾਂਘ ਦਿਨੋ ਦਿਨ ਵਧਦੀ ਤੇ ਵਧੇਰੇ ਡੂੰਘੀ ਹੁੰਦੀ ਗਈ ।

* * *



## ਕਾਂਡ ੨

# ਗੁਰੂ-ਮਿਲਾਪ

ਉਸ ਸਾਲ ਅਰਥਾਤ ਸੰਮਤ ੧੫੮੯ ਵਿੱਚ ਵੀ ਸ੍ਰੀ ਲਹਿਣਾ ਜੀ ਅੱਗੇ ਵਾਕਰ ਦੇਵੀ ਭਗਤਾਂ ਦਾ ਸੰਗ ਲੈ ਕੇ ਦੇਵੀ-ਅਸਥਾਨ ਦੀ ਯਾਤਰਾ ਲਈ ਜਵਾਲਾ-ਮੁਖੀ ਨੂੰ ਤੁਰੇ, ਪਰ ਸਲਾਹ ਇਕ ਪਕਾ ਲਈ ਕਿ ਇਸ ਵੇਰ ਕਰਤਾਰਪੁਰ ਹੋ ਕੇ ਜਾਣਾ ਹੈ । ਸੋ ਪਹਿਲਾਂ ਕਰਤਾਰਪੁਰ ਪੁੱਜੇ । ਸੰਗ ਦਾ ਡੇਰਾ ਗੁਰੂ ਜੀ ਦੇ ਦਰਬਾਰ ਤੋਂ ਦੁਰੇਡਾ, ਨਗਰੋਂ ਬਾਹਰਵਾਰ ਲਾਇਆ ਗਿਆ । ਰਾਤ ਸੰਗੀਆਂ ਨੇ ਭੇਟਾਂ ਗਾਂਵੀਆਂ ਤੇ ਸੌਂ ਗਏ । ਅਗਲੇ ਦਿਨ ਸ੍ਰੀ ਲਹਿਣਾ ਜੀ, ਸਾਥੀਆਂ ਤੋਂ ਛੁੱਟੀ ਲੈ ਕੇ ਘੋੜੀ 'ਤੇ ਚੜ੍ਹ ਕੇ, ਗੁਰੂ ਨਾਨਕ ਜੀ ਦੇ ਦਰਸ਼ਨ ਨੂੰ ਗਏ । ਕੁਝ ਦੂਰ ਗਏ ਤਾਂ ਗੁਰੂ ਜੀ ਆਪ ਹੀ ਰਾਹ ਵਿੱਚ ਖੜੋਤੇ ਮਿਲ ਪਏ ਪਰ ਸ੍ਰੀ ਲਹਿਣਾ ਜੀ ਨੂੰ ਇਹ ਪਤਾ ਨਹੀਂ ਸੀ ਕਿ ਇਹ ਗੁਰੂ ਜੀ ਹਨ । ਉਨ੍ਹਾਂ ਨੇ ਗੁਰੂ ਜੀ ਤੋਂ ਪੁੱਛਿਆ ਕਿ 'ਮੈਂ ਗੁਰੂ ਨਾਨਕ ਦੇਵ ਜੀ ਦੇ ਦਰਬਾਰ ਜਾਣਾ ਹੈ, ਉਨ੍ਹਾਂ ਦੇ ਦਰਸ਼ਨਾਂ ਲਈ, ਕਿਰਪਾ ਕਰ ਕੇ ਮੈਨੂੰ ਰਾਹ ਦੱਸੋ, ਉਨ੍ਹਾਂ ਦੇ ਦਰਬਾਰ ਜਾਣ ਦਾ !' ਗੁਰੂ ਜੀ ਨੇ ਮੁਸਕ੍ਰਾ ਕੇ ਬੜੇ ਪ੍ਰੇਮ ਨਾਲ ਕਿਹਾ, 'ਆ ਪੁਰਖਾ ! ਮੇਰੇ ਮਗਰ-ਮਗਰ ਘੋੜੀ ਲਈ ਆ, ਮੈਂ ਵੀ ਓਧਰ ਹੀ ਜਾਣਾ ਹੈ ।'

ਆਪਣੀ ਧਰਮਸਾਲ ਦੇ ਬੂਹੇ ਪਾਸ ਜਾ ਕੇ ਗੁਰੂ ਜੀ ਆਖਣ ਲੱਗੇ, 'ਪੁਰਖਾ ! ਘੋੜੀ ਓਸ ਕਿੱਲੇ ਨਾਲ ਬੰਨ੍ਹ ਦੇ ਅਤੇ ਇਸ ਦਰਵਾਜ਼ੇ ਰਾਹੀਂ ਅੰਦਰ ਲੰਘ ਜਾ । ਇਹ ਹੈ ਉਹ ਅਸਥਾਨ ਜਿਸ ਦਾ ਰਾਹ ਤੂੰ ਪੁੱਛਿਆ ਸੀ । ਸ੍ਰੀ ਲਹਿਣਾ ਜੀ ਤਾਂ ਘੋੜੀ ਤੋਂ ਉਤਰ ਕੇ ਉਸ ਨੂੰ ਕਿੱਲੇ ਨਾਲ ਬੰਨ੍ਹਣ ਲਈ ਪਰ੍ਹੇ ਲੈ ਗਏ ਅਤੇ ਗੁਰੂ ਜੀ ਧਰਮਸਾਲ ਅੰਦਰ ਜਾ ਕੇ ਆਪਣੇ ਆਸਣ ਉਤੇ ਬਿਰਾਜ ਗਏ।

ਸ੍ਰੀ ਲਹਿਣਾ ਜੀ ਅੰਦਰ ਗਏ ਅਤੇ ਕਾਹਲੀ ਨਾਲ ਮੱਥਾ ਟੇਕ ਕੇ ਉਨ੍ਹਾਂ ਨੇ ਉਤਾਂਹ ਤੱਕਿਆ ਤਾਂ ਹੈਰਾਨ ਜਿਹੇ ਅਤੇ ਕੱਚੇ ਜਿਹੇ ਹੋ ਗਏ । ਉਨ੍ਹਾਂ ਨੇ ਡਿੱਠਾ ਕੇ ਗੱਦੀ ਉਪਰ ਤਾਂ ਉਹੋ ਬੈਠੇ ਹਨ, ਜਿਹੜੇ ਮੇਰੀ ਘੋੜੀ ਦੇ ਅੱਗੇ-੨ ਤੁਰੇ ਆਏ ਸਨ । ਸਖ਼ਤ ਸ਼ਰਮ ਆਈ । ਅੱਖਾਂ ਵਿੱਚ ਅੱਥਰੂ ਭਰ ਕੇ ਕਹਿਣ ਲੱਗੇ, 'ਮਹਾਰਾਜ, ਮੈਥੋਂ ਸਖ਼ਤ ਬੇਅਦਬੀ ਹੋਈ ਹੈ । ਮੈਂ ਘੋੜੀ 'ਤੇ ਚੜ੍ਹਿਆ ਆਇਆ, ਤੁਸੀਂ ਅੱਗੇ-੨ ਪੈਦਲ ਤੁਰੇ ਆਏ । ਮੈਨੂੰ ਬਖਸ਼ੋ !' ਇਹ ਆਖ ਕੇ ਉਨ੍ਹਾਂ ਨੇ ਫੇਰ ਮੱਥਾ ਟੇਕਿਆ ਤੇ ਕਿੰਨਾ ਚਿਰ ਸਿਰ ਧਰਤੀ ਤੋਂ ਚੁੱਕਿਆ ਹੀ ਨਾ । ਗੁਰੂ ਜੀ ਨੇ ਸਿਰ 'ਤੇ ਹੱਥ ਫੇਰਿਆ, ਦਿਲਾਸਾ ਦਿੱਤਾ ਅਤੇ ਕਿਹਾ, 'ਉਠ ਪੁਰਖਾ ! ਸਾਵਧਾਨ ਹੋ ਭੁੱਲ ਕੋਈ ਨਹੀਂ ਹੋਈ । ਤੂੰ ਸਾਡਾ ਪ੍ਰਾਹੁਣਾ ਸੈਂ, ਤੇਰਾ ਆਦਰ ਕਰਨਾ ਮੇਰਾ ਫਰਜ਼ ਸੀ, ਸੋ ਮੈਂ ਕੀਤਾ । ਉਠ, ਗੁਰੂ ਭਲੀ ਕਰੇਗਾ ।'

ਸ੍ਰੀ ਲਹਿਣਾ ਜੀ ਸਾਵਧਾਨ ਹੋ ਕੇ ਬਹਿ ਗਏ । ਗੁਰੂ ਜੀ ਨੇ ਕਿਹਾ, 'ਪੁਰਖਾ, ਕਿਥੋਂ ਆਇਆ ਏਂ ? ਨਾਂ ਕੀ ਏ ?'

ਸ੍ਰੀ ਲਹਿਣਾ ਜੀ–'ਮਹਾਰਾਜ ਜੀ ! ਖਡੂਰ-ਸੰਘਰ ਤੋਂ ਆਇਆ ਹਾਂ । ਮੇਰਾ ਨਾਂ ਲਹਿਣਾ ਹੈ ।'

ਗੁਰੂ ਜੀ ਹੱਸ ਪਏ ਤੇ ਹੱਥ 'ਤੇ ਹੱਥ ਮਾਰ ਕੇ ਕਹਿਣ ਲੱਗੇ – 'ਵਾਹ-ਵਾਹ ਪੁਰਖਾ ! ਵਾਹ ਵਾਹ ! ਤੂੰ ਲਹਿਣਾ ਹੈ ਅਸਾਂ ਤੇਰਾ ਦੇਣਾ ਹੈ । ਚੰਗਾ ਹੋਇਆ ਜੋ ਆਪਣਾ ਲਹਿਣਾ ਲੈਣ ਲਈ ਆਪ ਹੀ ਆ ਗਿਆ ਹੈਂ । ਨਾਲੇ ਭਈ, ਲਹਿਣੇਦਾਰ ਸਦਾ ਆਪਣੇ ਦੇਣਦਾਰਾਂ ਦੀ ਘਰੀਂ ਘੋੜੀ 'ਤੇ ਚੜ੍ਹ ਕੇ ਹੀ ਆਇਆ ਜਾਇਆ ਕਰਦੇ ਹਨ ਨਾ ! ਤੂੰ ਕੋਈ ਅਨੋਖੀ ਜਾਂ ਅਲੋਕਾਰੀ ਗੱਲ ਤਾਂ ਨਹੀਂ ਕੀਤੀ । ਕੋਈ ਭਰਮ ਨਾ ਕਰ ।'

ਫੇਰ ਗੁਰੂ ਜੀ ਨੇ ਹਾਲ-ਚਾਲ ਪੁੱਛ ਕੇ ਸਿੱਖੀ ਰਹਿਤ ਬਾਰੇ ਬਚਨ ਕੀਤੇ ਸ੍ਰੀ ਲਹਿਣਾ ਜੀ ਇਨ੍ਹਾਂ ਬਚਨਾਂ ਨੂੰ ਆਪਣੇ ਹਿਰਦੇ



ਅੰਦਰ ਇਉਂ ਖਿੱਚੀ-ਰਚਾਈ ਗਏ ਜੀਕੁਰ ਚਿਰਾਂ ਦੀ ਸੁੱਕੀ ਰੇਤ ਮੀਂਹ ਦੀਆਂ ਠੰਢ ਪਾਊ ਕਣੀਆਂ ਨੂੰ ਰਚਾਉਂਦੀ ਹੈ । ਮਨ ਠੰਢਾ ਤੇ ਸ਼ਾਂਤ ਹੋ ਕੇ ਨਵੇਂ ਹੀ ਚਾਅ ਤੇ ਸਰੂਰ ਨਾਲ ਭਰ ਗਿਆ । ਉਨ੍ਹਾਂ ਦੀ ਸੋਲਾਂ ਆਨੇ ਨਿਸ਼ਾ ਹੋ ਗਈ । ਉਨ੍ਹਾਂ ਨੂੰ ਨਿਸ਼ਚਾ ਹੋ ਗਿਆ ਕਿ ਜੋ ਕੁਝ ਇਸ ਦਰ ਤੋਂ ਮਿਲ ਸਕਦਾ ਹੈ, ਉਸੇ ਦੀ ਹੀ ਮੈਨੂੰ ਲੋੜ ਹੈ ਅਤੇ ਉਹ ਹੋਰਥੋਂ ਕਿਤਿਓਂ ਭੀ ਮਿਲ ਨਹੀਂ ਸਕਦਾ । ਉਨ੍ਹਾਂ ਨੇ ਏਥੇ ਹੀ ਟਿਕਣ ਅਤੇ ਏਥੋਂ ਦੇ ਹੀ ਹੋ ਰਹਿਣ ਦਾ ਫੈਸਲਾ ਕਰ ਲਿਆ । ਕੁਝ ਸੰਗੀ ਸੱਦਣ ਆਏ ਅਤੇ ਕਹਿਣ ਲੱਗੇ, 'ਭਗਤ ਜੀ ! ਚੱਲੋ, ਹੁਣ ਬੜੀ ਦੇਰ ਹੋ ਗਈ ਹੈ । ਸਾਰਾ ਸੰਗ ਉਡੀਕ ਰਿਹਾ ਹੈ ।'

ਅੱਗੋਂ ਸ੍ਰੀ ਲਹਿਣਾ ਜੀ ਨੇ ਅੱਧ ਮੀਟੇ ਨੇਤਰਾਂ ਨਾਲ ਉਨ੍ਹਾਂ ਵੱਲ ਤੱਕ ਕੇ ਕਿਹਾ, 'ਭਗਤੋ ! ਤੁਸੀਂ ਜਾਓ । ਮੈਂ ਹੁਣ ਜਾਣ ਆਉਣ ਜੋਗਾ ਨਹੀਂ ਰਿਹਾ । ਜਿਸ ਦੀ ਭਾਲ ਵਿੱਚ ਮੈਂ ਦੇਵੀ ਦੇ ਦੁਆਰੇ ਜਾਂਦਾ ਰਿਹਾ ਹਾਂ ਤੇ ਖਾਲੀ ਹੀ ਆਉਂਦਾ ਰਿਹਾ ਹਾਂ, ਉਹ ਦਾਤ ਮੈਨੂੰ ਏਥੇ ਆਉਂਦੇ ਨੂੰ ਹੀ ਲੱਭ ਪਈ ਹੈ । ਬੱਸ, ਮੈਨੂੰ ਹੁਣ ਦੇਵੀ-ਭਗਤੀ ਤੇ ਦੇਵੀ-ਯਾਤਰਾ ਦੀ ਲੋੜ ਨਹੀਂ ਰਹੀ । ਮੈਨੂੰ ਪੱਕਾ ਟਿਕਾਣਾ ਲੱਭ ਪਿਆ ਹੈ ।'

ਸ੍ਰੀ ਲਹਿਣਾ ਜੀ ਕਰਤਾਰਪੁਰ ਰਹਿ ਪਏ । ਉਥੇ ਗੁਰ-ਉਪਦੇਸ਼ ਸੁਣਦੇ, ਗੁਰੂ ਜੀ ਦੇ ਦਰਸ਼ਨਾਂ ਨਾਲ ਕਾਲਜਾ ਠਾਰਦੇ, ਨਾਮ ਜਪਦੇ ਅਤੇ ਸੇਵਾ ਕਰਦੇ ਰਹੇ । ਉਨ੍ਹਾਂ ਨੂੰ ਘਰ ਦਾ ਚੇਤਾ ਖਿਆਲ ਹੀ ਨਾ ਰਿਹਾ । ਇਕ ਦਿਨ ਗੁਰੂ ਜੀ ਨੇ ਕਿਹਾ, 'ਲਹਿਣਾ ਜੀ, ਹੁਣ ਜਾਓ ਘਰ ਦੇ ਕਈ ਪ੍ਰਬੰਧ ਕਰਨ ਵਾਲੇ ਹੁੰਦੇ ਹਨ, ਉਹ ਕਰ ਕਰਾ ਆਓ, ਫੇਰ ਆ ਜਾਣਾ ।' ਹੁਕਮ ਮੰਨ ਕੇ ਸ੍ਰੀ ਲਹਿਣਾ ਜੀ ਸੰਘਰ-ਖਡੂਰ ਗਏ । ਕਾਰ-ਵਿਹਾਰ ਦਾ ਪ੍ਰਬੰਧ ਅਤੇ ਸੌਂਪਣਾ ਸੰਭਾਲ ਕਰ ਕੇ ਉਹ ਫੇਰ ਕਰਤਾਰਪੁਰ ਵੱਲ ਤੁਰ ਪਏ।

ਕਾਂਡ ੩

## ਗੁਰ-ਦਰਬਾਰੇ ਘਾਲ ਕਮਾਈ

ਸ੍ਰੀ ਕਰਤਾਰਪੁਰ ਨੂੰ ਜਾਣ ਲੱਗੇ ਸ੍ਰੀ ਲਹਿਣਾ ਜੀ ਗੁਰੂ ਕੇ ਲੰਗਰ ਵਾਸਤੇ ਸਵਾ ਮਣ ਲੂਣ ਦੀ ਪੰਡ ਆਪਣੇ ਸਿਰ ਉਤੇ ਚੁੱਕ ਕੇ ਲੈ ਗਏ । ਸਨੇ ਸਨੇ ਕਰਤਾਰਪੁਰ ਪੁੱਜੇ ਅਤੇ ਸਿੱਧੇ ਡੇਰੇ ਨੂੰ ਗਏ । ਅੱਗੇ ਮਾਤਾ ਜੀ ਵਿਹੜੇ ਵਿੱਚ ਬੈਠੇ ਸਨ । ਆਪ ਨੇ ਸਿਰ ਉਤਲੀ ਪੰਡ ਚਰਨਾਂ ਵਿੱਚ ਲਾਹ ਧਰੀ, ਮੱਥਾ ਟੇਕਿਆ ਅਤੇ ਪੁੱਛਿਆ ਕਿ ਗੁਰੂ ਜੀ ਕਿੱਥੇ ਹਨ ? ਅੱਗੋਂ ਮਾਤਾ ਜੀ ਨੇ ਕਿਹਾ ਕਿ ਉਹ ਧਾਨਾਂ (ਝੋਨੇ) ਵਿੱਚੋਂ ਨਦੀਨ ਕੱਢਣ- ਕਢਾਉਣ ਲਈ ਖੇਤੀਂ ਗਏ ਹੋਏ ਹਨ । ਇਹ ਪਤਾ ਪਾ ਕੇ ਸ੍ਰੀ ਲਹਿਣਾ ਜੀ ਖੇਤਾਂ ਵਿੱਚ ਜਾ ਪਹੁੰਚੇ । ਖੇਤੀਂ ਜਾ ਕੇ ਡਿੱਠੋ ਨੇ ਕਿ ਗੁਰੂ ਜੀ ਸਿੱਖਾਂ ਸਮੇਤ ਝੋਨੇ ਵਿੱਚ ਨਦੀਨ ਜਾਂ ਘਾਹ-ਬੂਟ ਕੱਢ ਰਹੇ ਹਨ । ਸ੍ਰੀ ਲਹਿਣਾ ਜੀ ਵੀ ਉਸੇ ਕੰਮ ਲੱਗ ਪਏ । ਆਪਣੇ ਨਵੇਂ ਰੇਸ਼ਮੀ ਲਿਬਾਸ ਦੇ ਲਿਬੜ ਜਾਣ ਦਾ ਉਨ੍ਹਾਂ ਨੂੰ ਰੱਤੀ ਮਾਤਰ ਵੀ ਖਿਆਲ ਨਾ ਆਇਆ ।

ਕੁਝ ਚਿਰ ਇਹ ਕੰਮ ਕਰਦਿਆਂ ਨੂੰ ਹੋਇਆ, ਤਾਂ ਗੁਰੂ ਜੀ ਨੇ ਕੰਮ ਠੱਪ ਕਰ ਕੇ ਡੇਰੇ ਨੂੰ ਜਾਣ ਦੀ ਤਿਆਰੀ ਕਰ ਲਈ । ਝੋਨੇ ਵਿੱਚੋਂ ਨਿਕਲੇ ਨਦੀਨ ਦੀ ਪੰਡ ਬੰਨ੍ਹੀ ਗਈ । ਸ੍ਰੀ ਲਹਿਣਾ ਜੀ ਨੇ ਇਹ ਪੰਡ ਸਿਰ ਉਤੇ ਚੁੱਕ ਲਈ ਅਤੇ ਗੁਰੂ ਜੀ ਦੇ ਨਾਲ ਤੁਰ ਪਏ । ਘਾਹ ਗਿੱਲਾ ਅਤੇ ਚਕੜੀਲਾ ਜਿਹਾ ਸੀ । ਉਸ ਵਿੱਚੋਂ ਚਿਕੜਾਲੀਆਂ ਛਿੱਟਾਂ ਚੋ-ਚੋ ਕੇ ਸ੍ਰੀ ਲਹਿਣਾ ਜੀ ਦੇ ਗਲ ਪਹਿਨੇ ਹੋਏ ਸੋਹਣੇ ਰੇਸ਼ਮੀ ਜਾਮੇ ਉਪਰ ਪੈਂਦੀਆਂ ਗਈਆਂ, ਪਰ ਉਨ੍ਹਾਂ ਨੇ ਕੋਈ ਪ੍ਰਵਾਹ ਨਾ ਕੀਤੀ । ਉਹ ਸਤਿਨਾਮ ਦਾ ਜਾਪ ਕਰਦੇ ਮਗਨ ਹੋਏ ਤੁਰੇ ਗਏ ।



ਡੇਰੇ ਪਹੁੰਚ ਕੇ ਉਨ੍ਹਾਂ ਨੇ ਘਾਹ-ਬੂਟ ਦੀ ਪੰਡ ਸਿਰੋਂ ਲਾਹ ਕੇ ਭੋਂ ਉਤੇ ਧਰੀ । ਮਾਤਾ ਜੀ ਨੇ ਉਨ੍ਹਾਂ ਦੇ ਜਾਮੇਂ ਉਪਰ ਪਈਆਂ ਚਿਕੜਾਲੀਆਂ ਛਿੱਟਾਂ ਵੇਖੀਆਂ ਤੇ ਬੋਲੇ: 'ਇਸ ਗੱਭਰੂ ਪਾਸੋਂ ਤਾਂ ਆਪ ਨੇ ਅੱਜ ਚੰਗੀ ਤਕੜੀ ਸੇਵਾ ਲਈ ਏ । ਪਹਿਲਾਂ ਤਾਂ ਇਹ ਲੂਣ ਦੀ ਪੰਡ ਸੰਘਰੋ ਸਿਰ ਉਪਰ ਚੁੱਕ ਕੇ ਲਿਆਇਆ । ਫੇਰ ਇਸ ਨੇ ਖੇਤਾਂ ਵਿੱਚ, ਕੁਝ ਕਾਰ ਕੀਤੀ ਹੋਵੇਗੀ । ਮਗਰੋਂ ਆਪ ਨੇ ਗਿੱਲੇ, ਚੋਂਦੇ, ਚਿਕੜੀਲੇ ਘਾਹ-ਬੂਟ ਦੀ ਵੱਡੀ ਸਾਰੀ ਪੰਡ ਇਸ ਨੂੰ ਚੁਕਾ ਦਿੱਤੀ ! ਵੇਖੋ ਖਾਂ, ਇਸ ਦਾ ਸੋਹਣਾ ਰੇਸ਼ਮੀ ਜਾਮਾ ਚਿੱਕੜ ਦੀਆਂ ਛਿੱਟਾਂ ਪੈ ਪੈ ਮੈਲਾ ਹੋ ਗਿਆ ਹੈ ।'

ਸ੍ਰੀ ਗੁਰੂ ਨਾਨਕ ਦੇਵ ਜੀ ਬੋਲੇ: *'ਇਸ ਦੇ ਸਿਰ ਉਪਰ ਘਾਹ ਦੀ ਪੰਡ ਨਹੀਂ ਸੀ ਦੀਨ ਦੁਨੀ ਦਾ ਛਤਰ ਸੀ । ਇਸ ਗੱਭਰੂ ਨੇ ਬੜਾ ਭਾਰ ਚੁੱਕਣਾ ਹੈ ਆਪਣੇ ਸਿਰ ਤੇ ਮੋਢਿਆਂ ਉਤੇ। ਇਹ ਛਿੱਟਾਂ ਚਿੱਕੜ ਦੀਆਂ ਨਹੀਂ, ਇਹ ਤਾਂ ਕੇਸਰ ਦੇ ਛਿੱਟੇ, ਕੇ ਸਰ-ਤਰੌਂਕੇ ਹਨ । ਵੇਖਿਓ ਤਾਂ ਸਹੀ ਕਰਤਾਰ ਦੇ ਰੰਗ !'*

ਸ੍ਰੀ ਲਹਿਣਾ ਜੀ ਹੁਣ ਕਰਤਾਰਪੁਰ ਗੁਰ-ਚਰਨਾਂ ਵਿੱਚ ਟਿਕ ਗਏ ਅਤੇ ਲੱਗੇ ਹੁਕਮੀ ਸਿੱਖ ਬਣ ਕੇ ਸੇਵਾ ਕਰਨ । ਉਹ ਗੁਰ-ਸੇਵਾ ਵਿੱਚ ਤਤਪਰ, ਗੁਰ-ਆਗਿਆ ਪਾਲਣ ਲਈ ਹਰ ਵੇਲੇ ਤਿਆਰ-ਬਰ-ਤਿਆਰ ਅਤੇ ਗੁਰੂ-ਜਸ ਤੇ ਗੁਰ ਸ਼ਬਦ ਸੁਣਨ ਤੇ ਸੁਣ ਕੇ ਵਿਚਾਰਨ ਮੰਨਣ ਵਿੱਚ ਲੀਨ ਤੇ ਪ੍ਰੀਤਵਾਨ ਹੋ ਗਏ । ਉਹ ਹਰ ਵੇਲੇ ਨਾਮ ਜਪਦੇ ਅਤੇ ਹੱਥੀਂ ਕੋਈ ਨਾ ਕੋਈ ਕੰਮ-ਕਾਰ ਕਰਦੇ ਰਿਹਾ ਕਰਨ । ਹਰ ਵੇਲੇ ਪਿਆਰ ਵਿੱਚ ਭਿੱਜੇ ਆਗਿਆ ਪਾਲਣ ਵਿੱਚ ਤਤਪਰ ਹੋਏ ਰਹਿੰਦੇ ਸਨ । ਗੁਰੂ ਜੀ ਜੋ ਵੀ ਹੁਕਮ ਕਰਦੇ ਉਹ 'ਸਤ ਬਚਨ' ਕਹਿ ਕੇ ਚਾਅ ਤੇ ਪ੍ਰੇਮ ਨਾਲ ਉਸ ਦੀ ਪਾਲਣਾ ਕਰਦੇ । ਨਾ ਹੀ ਅੱਗੋਂ ਕੋਈ ਸਵਾਲ ਪੁੱਛਦੇ ਅਤੇ ਨਾ ਹੀ ਕਿਸੇ ਪ੍ਰਕਾਰ ਦੀ ਉਰਾ ਪਰ੍ਹਾ ਜਾਂ ਜੱਕੋ-ਤੱਕਾ ਹੀ ਕਰਦੇ ।

ਸ੍ਰੀ ਲਹਿਣਾ ਜੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਨਿੱਤ ਨਾਲ

ਰਹਿਣ ਵਾਲੇ ਨਿੱਜੀ ਸੇਵਕ ਬਣ ਗਏ। ਉਹ ਉਨ੍ਹਾਂ ਦੀ ਅੱਖ ਦੇ ਇਸ਼ਾਰੇ ਸਮਝਦੇ ਅਤੇ ਹਰ ਪ੍ਰਕਾਰ ਦੀ ਸੇਵਾ ਤੇ ਆਗਿਆ-ਪਾਲਣ ਧੰਨ ਭਾਗ ਸਮਝ ਕੇ ਕਰਦੇ, ਕਈ ਵੇਰ ਅਜੇਹੀ ਸੇਵਾ ਅਤੇ ਆਗਿਆ ਪਾਲਣ ਦੀ ਚਾਈਂ-ਚਾਈਂ ਕਰਦੇ ਜਿਸ ਤੋਂ ਹੋਰ ਸਿੱਖ ਉਰਾ ਪਰ੍ਹਾ ਕਰ ਜਾਂਦੇ ਜਾਂ ਪੂਰੀ ਤਰ੍ਹਾਂ ਨਿਬਾਹ ਨਾ ਸਕਦੇ।

ਇਸ ਤਰ੍ਹਾਂ ਗੁਰੂ ਜੀ ਦੀ ਹਜ਼ੂਰੀ ਵਿੱਚ ਸੇਵਾ ਕਮਾਉਂਦਿਆਂ ਅਤੇ ਗੁਰੂ ਜੀ ਦੇ ਪਾਏ ਗੁਰਸਿੱਖੀ ਜੀਵਨ ਦੇ ਪੂਰਨੇ ਤਕਦਿਆਂ ਤੇ ਉਨ੍ਹਾਂ ਉਪਰ ਤੁਰਦਿਆਂ ਨੂੰ ਤਿੰਨ ਕੁ ਸਾਲ ਲੰਘ ਗਏ, ਗੁਰੂ ਜੀ ਆਪ ਨਾਲ ਹੱਦ ਦਰਜੇ ਦਾ ਪਿਆਰ ਕਰਨ ਲੱਗ ਪਏ। ਉਨ੍ਹਾਂ ਨੂੰ ਗੁਰੂ ਜੀ ਦੇ ਇੰਨਾ ਨੇੜੇ ਹੋਇਆ ਵੇਖ ਕੇ ਸਾਹਿਬਜ਼ਾਦੇ—ਬਾਬਾ ਸ੍ਰੀ ਚੰਦ ਜੀ ਤੇ ਬਾਬਾ ਲਖਮੀ ਦਾਸ- ਕੁਝ ਰਿੰਜ ਜਿਹੇ ਹੋ ਗਏ ਤੇ ਈਰਖਾ ਕਰਨ ਲੱਗ ਪਏ।

ਕੁਝ ਇਸ ਈਰਖਾ ਨੂੰ ਮੱਠੀ ਕਰਨ ਦੇ ਖਿਆਲ ਨਾਲ, ਕੁਝ ਇਸ ਖਿਆਲ ਨਾਲ ਕਿ ਸ੍ਰੀ ਲਹਿਣਾ ਜੀ ਆਪਣੇ ਘਰ ਵਾਲਿਆਂ ਦੀ ਖ਼ਬਰ ਸੁਰਤ ਲੈ ਆਉਣ ਅਤੇ ਕਾਰ-ਵਿਹਾਰ ਦੀ ਸੰਭਾਲ ਵੀ ਕਰ ਆਉਣ, ਗੁਰੂ ਜੀ ਨੇ ਸ੍ਰੀ ਲਹਿਣਾ ਜੀ ਨੂੰ ਆਗਿਆ ਕੀਤੀ ਕਿ ਤੁਸੀਂ ਹੁਣ ਘਰ ਜਾ ਟਿਕੋ, ਅਸੀਂ ਓਥੇ ਤੁਹਾਨੂੰ ਆ ਮਿਲਿਆ ਕਰਾਂਗੇ ਅਤੇ ਫੇਰ ਏਥੇ ਵੀ ਸੱਦ ਲਵਾਂਗੇ।

ਇਹ ਆਗਿਆ ਪਾ ਕੇ ਸ੍ਰੀ ਲਹਿਣਾ ਜੀ ਸੰਘਰ ਚਲੇ ਗਏ। ਗੁਰੂ ਨਾਨਕ ਜੀ ਓਥੇ ਦੋ ਵੇਰ ਉਨ੍ਹਾਂ ਨੂੰ ਮਿਲਣ ਗਏ। ਦੂਜੀ ਵੇਰ ਆਪ ਉਨ੍ਹਾਂ ਨੂੰ ਆਪਣੇ ਨਾਲ ਕਰਤਾਰਪੁਰ ਲੈ ਆਏ।

* * *



## ਕਾਂਡ ੪

# ਪ੍ਰੀਖਿਆ, ਪਰਤਾਵੇ ਤੇ ਗੁਰ-ਗੱਦੀ

ਰੱਬ ਦੀ ਰਜ਼ਾ ਦੇ ਜਾਣਕਾਰ ਅਤੇ ਜਾਣੀ-ਜਾਣ ਗੁਰੂ ਜੀ ਨੇ ਤਾਂ ਪਹਿਲੇ ਦਿਨ ਦੇ ਮੇਲ ਸਮੇਂ ਹੀ ਵੇਖ ਲਿਆ ਸੀ ਕਿ ਸਾਡੇ ਮਗਰੋਂ ਗੁਰਤਾ ਦੀ ਕਾਰ ਤੇ ਜ਼ੁੰਮੇਵਾਰੀ ਸ੍ਰੀ ਲਹਿਣਾ ਜੀ ਸੰਭਾਲਣਗੇ। ਇਸੇ ਕਰ ਕੇ ਹੀ ਪਹਿਲੇ ਦਿਨ ਆਪ ਨੇ ਕਿਹਾ ਸੀ ਕਿ ਤੂੰ ਲਹਿਣਾ ਅਤੇ ਅਸਾਂ ਤੇਰਾ ਦੇਣਾ ਹੈ। ਮਗਰੋਂ ਜਾਮੇ ਉਪਰ ਚਿਕੜਾਲੀਆਂ ਛਿੱਟਾਂ ਪੈਣ ਵਾਲੇ ਦਿਨ ਆਪ ਨੇ ਜੋ ਬਚਨ ਕੀਤਾ ਸੀ, ਉਹ ਵੀ ਸਪਸ਼ਟ ਤੌਰ 'ਤੇ ਇਹੋ ਗੱਲ ਪ੍ਰਗਟ ਕਰਦਾ ਸੀ ਪਰ ਆਪਣੇ ਪੁੱਤਰਾਂ ਨੂੰ, ਪਰਵਾਰ ਨੂੰ ਨਿਸ਼ਚਾ ਕਰਾਉਣ ਤੇ ਸਮਝਾਉਣ ਲਈ ਕਿ ਗੁਰ-ਗੱਦੀ ਪੂਰਾ ਤੇ ਪੂਰਨ ਤੌਰ 'ਤੇ ਯੋਗ ਪੁਰਸ਼ ਨੂੰ ਦਿੱਤੀ ਗਈ ਹੈ ਅਤੇ ਨਾਲ ਹੀ ਸ੍ਰੀ ਲਹਿਣਾ ਜੀ ਨੂੰ ਗੁਰ ਸਿੱਖੀ ਦਾ ਸਬਕ ਚੰਗੀ ਤਰ੍ਹਾਂ ਪੱਕਾ ਕਰਾਉਣ ਦੀ ਖਾਤਰ, ਗੁਰੂ ਜੀ ਨੇ ਕਈ ਵੇਰ ਪੁੱਤਰਾਂ ਤੇ ਹੋਰਨਾਂ ਸਿੱਖਾਂ ਦੇ ਨਾਲ ਹੀ ਸ੍ਰੀ ਲਹਿਣਾ ਜੀ ਦੀ ਵੀ ਪ੍ਰੀਖਿਆ ਕੀਤੀ। ਹਰ ਪ੍ਰਤਾਵੇ ਵੇਲੇ ਕੇਵਲ ਆਪ ਹੀ ਪੂਰੇ ਉਤਰਦੇ ਰਹੇ ਬਾਕੀ ਸਭ ਅਧੂਰੇ ਸਾਬਤ ਹੁੰਦੇ ਰਹੇ।

ਇਹ ਪ੍ਰਤਾਵੇ, ਕਿੰਨਾ ਹੀ ਚਿਰ ਹੁੰਦੇ ਰਹੇ ਅਤੇ ਕਈ ਵੇਰ ਹੋਏ। ਵੰਨਗੀ ਮਾਤਰ ਕੁਝ ਹੇਠਾਂ ਦਿਤੇ ਜਾਂਦੇ ਹਨ—

(੧) ਗੁਰੂ ਨਾਨਕ ਜੀ ਦਾ ਨਿੱਤ ਦਾ ਨੇਮ ਸੀ ਕਿ ਅੰਮ੍ਰਿਤ ਵੇਲੇ ਪਹਿਰ ਸਵਾ ਪਹਿਰ ਦੇ ਤੜਕੇ ਰੋਜ਼ ਰਾਵੀ ਦਰਿਆ 'ਤੇ ਇਸ਼ਨਾਨ ਕਰਨ ਜਾਇਆ ਕਰਦੇ ਸਨ। ਇਸ਼ਨਾਨ ਮਗਰੋਂ ਆਪ ਰਾਵੀ ਦੇ ਕੰਢੇ ਬਹਿ ਕੇ ਦਿਨ ਚੜ੍ਹੇ ਤੀਕ ਬਾਣੀ ਦਾ ਪਾਠ ਅਤੇ ਵਾਹਿਗੁਰੂ ਦੇ ਨਾਮ ਦਾ ਜਾਪ ਕਰਦੇ ਰਹਿੰਦੇ ਸਨ। ਸ੍ਰੀ ਲਹਿਣਾ ਜੀ ਹਰ ਰੋਜ਼ ਗੁਰੂ ਜੀ ਦੇ ਨਾਲ ਜਾਂਦੇ, ਆਪ ਦੇ ਬਸਤ੍ਰਾਂ ਦਾ ਧਿਆਨ ਰੱਖਦੇ ਅਤੇ ਹੋਰ ਜੋ ਆਗਿਆ ਹੁੰਦੀ ਸੇਵਾ ਕਰਦੇ। ਸ੍ਰੀ

ਲਹਿਣਾ ਜੀ ਦੀ ਪ੍ਰੇਮ-ਭਗਤੀ ਵੇਖ ਕੇ ਕੁਝ ਗੁਰਸਿੱਖਾਂ ਦੇ ਮਨ ਵਿੱਚ ਰੀਝ ਉਪਜੀ ਕਿ ਅਸੀਂ ਵੀ ਸ੍ਰੀ ਲਹਿਣਾ ਜੀ ਵਾਂਙੂ ਹੀ ਕਰੀਏ । ਸੋ ਇਕ ਦਿਨ ਭਰ ਸਿਆਲ ਦੀ ਰੁੱਤੇ ਬਾਬਾ ਬੁੱਢਾ ਜੀ, ਭਾਈ ਭਗੀਰਥ ਜੀ, ਭਾਈ ਅਜਿੱਤਾ ਜੀ ਤੇ ਭਾਈ ਸਧਾਰਨ ਜੀ ਵੀ ਗੁਰੂ ਜੀ ਦੇ ਨਾਲ ਰਾਵੀ 'ਤੇ ਗਏ । ਰੱਬ ਦੀ ਕੁਦਰਤ ! ਠੱਕਾ ਵਗਣ ਲੱਗ ਪਿਆ। ਠੰਡੀ ਹਵਾ ਹੱਡਾਂ ਨੂੰ ਚੀਰਦੀ ਤੇ ਸਰੀਰ ਨੂੰ ਸੁੰਨ ਕਰਦੀ ਜਾਵੇ । ਪਲੋ ਪਲੀ ਵਿੱਚ ਅਸਮਾਨ ਕਾਲੇ ਬੱਦਲਾਂ ਨਾਲ ਕੱਜਿਆ ਗਿਆ । ਲੱਗੀ ਬਿਜਲੀ ਚਮਕਣ ਤੇ ਬੱਦਲ ਗੱਜਣ । ਮੀਂਹ ਵਰ੍ਹਨ ਲੱਗ ਪਿਆ ਨਾਲ ਗੜੇ ਵੀ ਵਰ੍ਹ ਪਏ । ਉਹ ਚਾਰੇ ਸਿੱਖ ਠੰਡ ਤੇ ਠੱਕੇ ਦੇ ਕਾਰਨ ਠਰ ਗਏ ਸਨ । ਉਹ ਡੇਰੇ ਨੂੰ ਉਠ ਤੁਰੇ ਅਤੇ ਬੜੀ ਔਖਿਆਈ ਨਾਲ ਓਥੇ ਪੁੱਜੇ । ਉਨ੍ਹਾਂ ਨੇ ਅੱਗ ਬਾਲ ਕੇ ਸੇਕੀ ਤਾਂ ਕਿਤੇ ਹੱਥ ਪੈਰ ਸਿੱਧੇ ਅਤੇ ਸਰੀਰ ਨਿੱਘੇ ਹੋਏ ।

ਪਰ ਸ੍ਰੀ ਲਹਿਣਾ ਜੀ ਗੁਰੂ ਜੀ ਦੇ ਕੱਪੜੇ ਹਿੱਕ ਨਾਲ ਲਾਈ ਬੈਠੇ ਰਹੇ । ਅੱਜ ਗੁਰੂ ਜੀ ਪਹਿਲੇ ਨਾਲੋਂ ਵਧੇਰੇ ਚਿਰ ਬਾਅਦ ਦਰਿਆ ਵਿੱਚੋਂ ਬਾਹਰ ਆਏ, ਤਾਂ ਲਹਿਣਾ ਜੀ ਨੂੰ ਇਕੱਲਿਆਂ ਬੈਠੇ ਵੇਖ ਕੇ ਕਹਿਣ ਲੱਗੇ 'ਪੁਰਖਾ, ! ਹੋਰ ਸੱਭੇ ਚਲੇ ਗਏ ਤੂੰ ਕਿਉਂ ਨਾ ਗਿਆ ? ਅੱਗੋਂ ਸ੍ਰੀ ਲਹਿਣਾ ਜੀ ਹੱਥ ਜੋੜ ਕੇ ਬੋਲੇ, 'ਮਿਹਰਾਂ ਦੇ ਸਾਈਂ ਜੀਓ ! ਮੈਂ ਆਪ ਦਾ ਸੇਵਕ ਹਾਂ । ਸੇਵਕ ਦਾ ਕੰਮ ਨਹੀਂ ਕਿ ਖਸਮ ਨੂੰ ਛੱਡ ਕੇ ਚਲਿਆ ਜਾਵੇ । ਚਾਕਰ ਨਿੱਤ ਹਜ਼ੂਰੀ ਵਿੱਚ ਰਹਿ ਕੇ ਚਾਕਰੀ ਵਿੱਚ ਲੱਗਾ ਹੀ ਸ਼ੋਭਦਾ ਹੈ ।'

(੨) ਸਿਆਲ ਦੀ ਰੁੱਤ ਸੀ, ਝੜੀ ਲੱਗੀ ਹੋਈ ਸੀ ਜਾਂ ਅੱਧੀ ਕੁ ਰਾਤ ਗਈ, ਤਾਂ ਗੁਰੂ ਜੀ ਦੇ ਡੇਰੇ ਦੀ ਇਕ ਕੰਧ ਦਾ ਕੁਝ ਹਿੱਸਾ ਡਿੱਗ ਪਿਆ । ਗੁਰੂ ਜੀ ਕਹਿਣ ਲੱਗੇ ਕਿ ਕੰਧ ਹੁਣੇ ਹੀ ਉਸਾਰੀ ਤੇ ਠੀਕ ਕੀਤੀ ਜਾਵੇ । ਸਾਹਿਬਜ਼ਾਦਿਆਂ– ਬਾਬਾ ਸਿਰੀ ਚੰਦ ਜੀ ਅਤੇ ਸ੍ਰੀ ਲਖਮੀ ਦਾਸ ਜੀ– ਨੇ ਕਿਹਾ, 'ਜੀ ਅੱਧੀ ਰਾਤ ਦਾ ਵੇਲਾ ਹੈ, ਬੁੱਕਲੋਂ ਬਾਹਰ ਕੱਢੇ ਹੱਥ ਪੈਰ ਸੁੰਨ ਹੁੰਦੇ ਜਾਂਦੇ ਹਨ । ਦਿਨ ਚੜ੍ਹੇਗਾ, ਤਾਂ ਰਾਜ ਮਜ਼ਦੂਰ ਸਦਵਾ ਕੇ ਕੰਧ ਠੀਕ



ਕਰਵਾ ਦਿਆਂਗੇ ।'

ਗੁਰੂ ਜੀ ਨੇ ਕਿਹਾ– ਰਾਜਾਂ ਮਜ਼ਦੂਰਾਂ ਦੀ ਲੋੜ ਨਹੀਂ । ਗੁਰੂ ਦਾ ਕੰਮ ਗੁਰੂ ਦੇ ਸਿੱਖ ਨੂੰ ਹੀ ਕਰਨਾ ਚਾਹੀਦਾ ਹੈ ।

ਆਪ ਨੇ ਵਾਰੀ-ਵਾਰੀ ਕਈ ਉਘੇ ਸਿੱਖਾਂ ਨੂੰ ਨਾਂ ਲੈ-ਲੈ ਕੇ ਵੰਗਾਰਿਆ, ਪਰ ਕਿਸੇ ਦਾ ਹੀਆ ਨਾ ਪਿਆ ਕਿ ਉਠ ਕੇ ਇਹ ਕੰਮ ਆਰੰਭੇ । ਸਿਆਲ ਦੀ ਠੰਢੀ ਤੇ ਮੀਂਹ ਠੱਕੇ ਵਾਲੀ ਰਾਤੇ, ਠੰਢੇ ਪਾਣੀ ਤੇ ਠੰਢੀ ਗਿੱਲੀ ਮਿੱਟੀ ਵਿੱਚ ਕੌਣ ਹੱਥ ਪੈਰ ਪਾਏ ? ਜਦ ਹੋਰ ਕੋਈ ਸਿੱਖ ਨਾ ਉਠਿਆ, ਤਾਂ ਗੁਰੂ ਜੀ ਨੇ ਸ੍ਰੀ ਲਹਿਣਾ ਜੀ ਨੂੰ ਕਿਹਾ । ਉਹ ਝਟ 'ਸਤਿਨਾਮ' ਆਖ ਕੇ ਉਠੇ ਅਤੇ ਜਾ ਕੇ ਕੰਧ ਬਣਾਉਣ ਲੱਗ ਪਏ ।

ਅੰਮ੍ਰਿਤ ਵੇਲੇ ਤੀਕ ਸ੍ਰੀ ਲਹਿਣਾ ਜੀ ਨੇ ਕੁਝ-ਕੁ ਕੰਧ ਉਸਾਰ ਲਈ । ਗੁਰੂ ਜੀ ਨੇ ਆ ਕੇ ਵੇਖੀ ਤੇ ਕਿਹਾ, 'ਕੰਧ ਵਿੰਗੀ ਹੈ । ਇਸ ਨੂੰ ਢਾਹ ਕੇ ਫੇਰ ਬਣਾਓ ।' ਸ੍ਰੀ ਲਹਿਣਾ ਜੀ ਨੇ 'ਸਤਿ ਬਚਨ' ਕਹਿ ਕੇ ਆਪਣੀ ਉਸਾਰੀ ਹੋਈ ਕੰਧ ਢਾਹੀ ਅਤੇ ਨਵੇਂ ਸਿਰਿਓਂ ਉਸਾਰਨੀ ਸ਼ੁਰੂ ਕੀਤੀ, ਪਰ ਗੁਰੂ ਜੀ ਨੇ ਫੇਰ ਕਹਿ ਦਿੱਤਾ ਕਿ ਇਹ ਠੀਕ ਨਹੀਂ, ਨੀਂਹ ਜ਼ਰਾ ਪਿਛਾਂਹ ਹਟਾ ਕੇ ਬਣਾਓ। ਸ੍ਰੀ ਲਹਿਣਾ ਜੀ ਨੇ ਤੀਜੀ ਵੇਰ ਕੰਧ ਉਸਾਰੀ ਪਰ ਗੁਰੂ ਜੀ ਨੇ ਫੇਰ ਕਹਿ ਦਿੱਤਾ, 'ਅਜੇ ਵੀ ਠੀਕ ਨਹੀਂ ।' ਇਹ ਸੁਣ ਕੇ ਗੁਰੂ ਜੀ ਦੇ ਸਾਹਿਬਜ਼ਾਦਿਆਂ ਨੇ ਸ੍ਰੀ ਲਹਿਣਾ ਜੀ ਨੂੰ ਕਿਹਾ, 'ਤੁਸੀਂ ਤਾਂ ਮੂਰਖ ਹੋ ਜੋ ਅਜਿਹੇ ਅਯੋਗ ਦਲੀਲ-ਹੀਣ ਹੁਕਮ ਮੰਨ ਰਹੇ ਹੋ !' ਸ੍ਰੀ ਲਹਿਣਾ ਜੀ ਨੇ ਹੱਥ ਜੋੜ ਕੇ ਕਿਹਾ, 'ਸੇਵਕ ਦਾ ਕੰਮ ਹੈ ਹੁਕਮ ਮੰਨ ਕੇ ਕਾਰ ਕਰੀ ਜਾਵੇ । ਹੁਕਮ ਦੀ ਫੋਲਾ-ਫਾਲੀ ਕਰਨੀ ਉਹਦਾ ਕੰਮ ਨਹੀਂ ।'

(੩) ਇਕ ਵੇਰ ਅੱਧੀ ਕੁ ਰਾਤ ਗਈ ਗੁਰੂ ਜੀ ਨੇ ਆਪਣੇ ਪੁੱਤਰਾਂ ਨੂੰ ਕਿਹਾ, 'ਸਾਡੇ ਬਸਤਰ ਮੈਲੇ ਹਨ, ਇਨ੍ਹਾਂ ਨੂੰ ਧੋ ਲਿਆਓ ।' ਅੱਗੋਂ ਉਨ੍ਹਾਂ ਨੇ ਕਿਹਾ, 'ਜੀ ! ਅੱਧੀ ਰਾਤ ਅੱਗੇ ਹੈ ਤੇ ਅੱਧੀ ਪਿੱਛੇ ਬਾਹਰ ਹਨੇਰ-ਘੁੱਪ-ਘੇਰ ਦਿਨ ਚੜ੍ਹ ਲੈਣ ਦਿਓ, ਧੋਬੀ ਨੂੰ ਸਦਵਾ ਕੇ ਬਸਤਰ ਧੁਆ ਲਵਾਂਗੇ ।' ਪਰ ਗੁਰੂ ਜੀ ਨੇ

ਕਿਹਾ 'ਨਹੀਂ, ਤੁਸੀਂ ਆਪ ਹੀ ਜਾਓ ਤੇ ਇਹ ਕੰਮ ਕਰ ਲਿਆਓ ।' ਅਗੋਂ ਉਹ ਬੋਲੇ, 'ਨਾ ਜੀ ! ਸਾਥੋਂ ਇਹ ਗੱਲ ਨਹੀਂ ਜੇ ਪੁੱਗਦੀ, ਨਾਲੇ ਜੇ ਅਸਾਂ ਹੀ ਕੱਪੜੇ ਧੋਣੇ ਹਨ, ਤਾਂ ਇੰਨੇ ਸਾਰੇ ਸਿੱਖ ਕਾਹਦੇ ਲਈ ਹਨ ?'

ਗੁਰੂ ਜੀ ਨੇ ਹੋਰਨਾਂ ਸਿੱਖਾਂ ਨੂੰ ਵਾਰੀ ਵਾਰੀ ਵੰਗਾਰਿਆ, ਪਰ ਕੋਈ ਨਾ ਨਿੱਤਰਿਆ । ਫੇਰ ਆਪ ਜੀ ਨੇ ਸ੍ਰੀ ਲਹਿਣਾ ਜੀ ਨੂੰ ਆਗਿਆ ਕੀਤੀ । ਉਹ 'ਸਤਿਨਾਮ' ਕਹਿ ਕੇ ਉਠੇ, ਕੱਪੜੇ ਲੈ ਕੇ ਰਾਵੀ 'ਤੇ ਗਏ ਅਤੇ ਇਉਂ ਧੋ ਲਿਆਂਦੇ ਜਿਵੇਂ ਦਿਨ ਦੇ ਚਾਨਣੇ ਧੋਈਦੇ ਹਨ ।

(੪) ਇਕ ਦਿਨ ਗੁਰੂ ਜੀ ਕੇਸੀਂ ਇਸ਼ਨਾਨ ਕਰ ਕੇ ਆ ਰਹੇ ਸਨ । ਆਪ ਦੇ ਹੱਥ ਵਿੱਚ ਕੈਂਹ ਦਾ ਛੰਨਾ ਸੀ, ਉਹ ਇਕ ਚਲ੍ਹੇ ਵਿੱਚ ਡਿੱਗ ਪਿਆ । ਗੁਰੂ ਜੀ ਨੇ ਵਾਰੀ ਵਾਰੀ ਆਪਣੇ ਦੋਹਾਂ ਪੁੱਤਰਾਂ ਨੂੰ ਕਿਹਾ ਕਿ ਛੰਨਾ ਕੱਢੋ ਪਰ ਦੋਹਾਂ ਨੇ ਸਿਰ ਫੇਰ ਦਿੱਤਾ ਤੇ ਕਿਹਾ, 'ਗੰਦੇ ਚਲ੍ਹੇ ਵਿੱਚ ਕੌਣ ਵੜੇ ? ਛੰਨਾ ਹੀ ਹੈ ਨਾ, ਹੋਰ ਬਥੇਰੇ ਹਨ । ਨਹੀਂ ਤਾਂ ਅਸੀਂ ਕਿਸੇ ਨੂੰ ਸਦਵਾ ਕੇ ਕਢਵਾ ਦੇਂਦੇ ਹਾਂ ।' ਗੁਰੂ ਜੀ ਨੇ ਸ੍ਰੀ ਲਹਿਣਾ ਜੀ ਵੱਲ ਧਿਆਨ ਕੀਤਾ, ਉਹ ਝਟ ਸਣੇ-ਕੱਪੜੀਂ ਚਲ੍ਹੇ ਵਿੱਚ ਉਤਰੇ ਅਤੇ ਛੰਨਾ ਕੱਢ ਲਿਆਏ ।

(੫) ਇਕ ਵੇਰ ਗੁਰੂ ਜੀ ਨੇ ਬੜਾ ਡਰਾਉਣਾ ਰੂਪ ਧਾਰ ਲਿਆ, ਆਪ ਨੇ ਜਾਂਗਲੀਆਂ ਵਰਗੇ ਮੈਲੇ ਜਿਹੇ ਤੇ ਪਾਟੇ-ਪੁਰਾਣੇ ਕੱਪੜੇ ਪਹਿਨ ਲਏ, ਲੱਕ ਨਾਲ ਛੁਰਾ ਬੰਨ੍ਹ ਲਿਆ ਅਤੇ ਕੁੱਤੇ ਮਗਰ ਲਾ ਲਏ । ਇਹ ਰੂਪ ਧਾਰ ਕੇ ਆਪ ਜੰਗਲ ਵੱਲ ਨੂੰ ਤੁਰ ਪਏ । ਇਉਂ ਜਾਪੇ ਕਿ ਆਪ ਸ਼ਿਕਾਰ ਖੇਡਣ ਜਾ ਰਹੇ ਹਨ ! ਕੁਝ ਸਿੱਖ ਤਾਂ ਇਹ ਰੂਪ ਵੇਖ ਕੇ ਹੀ ਡਰ ਗਏ ਅਤੇ ਕੁਝ ਪਿੱਛੇ ਪਰਤ ਗਏ । ਕੁਝ ਹੋਰ ਆਪ ਦੇ ਕਰੜੇ ਤੇ ਅਨੋਖੇ ਬਚਨ ਸੁਣ ਕੇ ਡੋਲ ਗਏ ਤੇ ਮੁੜ ਪਏ । ਕਈਆਂ ਨੇ ਕਿਹਾ, 'ਗੁਰੂ ਜੀ ਮਸਤਾਨੇ ਹੋ ਗਏ ਹਨ ।'

ਕੁਝ ਸਿੱਖ ਅਜੇ ਵੀ ਪੱਕੇ ਰਹੇ । ਥੋੜ੍ਹੀ ਦੂਰ ਗਏ ਤਾਂ ਰਾਹ ਵਿੱਚ ਪੈਸੇ ਖਿਲਰੇ ਪਏ ਹੋਏ ਡਿਠੇ । ਚੋਖੇ ਸਿੱਖ ਝੋਲੀਆਂ ਭਰ ਕੇ



ਮੁੜ ਗਏ । ਹੋਰ ਅਗਾਂਹ ਗਏ, ਤਾਂ ਰਾਹ ਵਿੱਚ ਚਾਂਦੀ ਦੇ ਸਿੱਕੇ–ਚੁਆਨੀਆਂ, ਅਠਿਆਨੀਆਂ, ਰੁਪਏ–ਖਿਲਰੇ ਪਏ ਡਿੱਠੇ । ਚੋਖੇ ਸਿੱਖ ਝੋਲੀਆਂ ਭਰ ਕੇ ਮੁੜ ਗਏ । ਹੋਰ ਅੱਗੇ ਗਏ ਤਾਂ ਮੋਹਰਾਂ ਪਈਆਂ ਦਿਸੀਆਂ । ਸਿੱਖਾਂ ਨੇ ਝੋਲੀਆਂ ਭਰੀਆਂ ਤੇ ਪਿਛਾਂਹ ਨੂੰ ਚਾਲੇ ਪਾ ਦਿੱਤੇ । ਗੁਰੂ ਜੀ ਦੇ ਨਾਲ ਲਹਿਣਾ ਜੀ ਤੇ ਦੋ ਹੋਰ ਸਿੱਖ ਹੀ ਰਹਿ ਗਏ ।

ਅਗਾਂਹ ਗਏ, ਤਾਂ ਮੁਰਦਾ ਪਿਆ ਹੋਇਆ ਦਿਸਿਆ । ਇਹ ਚਿੱਟੀ ਚਾਦਰ ਨਾਲ ਢਕਿਆ ਹੋਇਆ ਸੀ । ਇਸ ਵਿੱਚੋਂ ਸਖ਼ਤ ਬਦਬੋ ਆ ਰਹੀ ਸੀ । ਗੁਰੂ ਜੀ ਮੁਰਦੇ ਪਾਸ ਜਾ ਖੜੋਤੇ ਅਤੇ ਕਹਿਣ ਲੱਗੇ, 'ਇਹ ਮੁਰਦਾ ਖਾਓ ।' ਦੋਵੇਂ ਸਿੱਖ ਨੱਕ ਨੱਪ ਕੇ ਪਿਛਾਂਹ ਹਟ ਗਏ । ਸ੍ਰੀ ਲਹਿਣਾ ਜੀ ਝਟ ਮੁਰਦੇ ਪਾਸ ਬਹਿ ਗਏ ਅਤੇ ਚਾਦਰ ਉਤੇ ਹੱਥ ਰੱਖ ਕੇ ਕਹਿਣ ਲੱਗੇ, 'ਸੱਚੇ ਪਾਤਸ਼ਾਹ! ਕਿਹੜੇ ਪਾਸਿਓਂ ਖਾਵਾਂ ? ਪੈਰਾਂ ਵੱਲੋਂ ਕਿ ਸਿਰ ਵੱਲੋਂ ?'

ਗੁਰੂ ਜੀ ਨੇ ਕਿਹਾ, 'ਵਿਚਕਾਰਿਓਂ, ਲੱਕ ਪਾਸੋਂ !'

ਸ੍ਰੀ ਲਹਿਣਾ ਜੀ ਨੇ 'ਸਤਿ ਬਚਨ' ਆਖ ਕੇ ਚਾਦਰ ਪਿਛਾਂਹ ਹਟਾਈ । ਕੀ ਵੇਖਦੇ ਹਨ ਕਿ ਚਾਦਰ ਹੇਠ ਮੁਰਦਾ ਹੈ ਈ ਨਹੀਂ।

ਇਨ੍ਹਾਂ ਪਰਤਾਵਿਆਂ ਤੇ ਪ੍ਰੀਖਿਆਵਾਂ ਨੇ, ਸ੍ਰੀ ਲਹਿਣਾ ਜੀ ਦੀ ਨਿਸ਼ਕਾਮ ਸੇਵਾ, ਕਿਰਤ ਤੇ ਨਾਮ ਜਪਣ ਵਾਲੇ ਨਿਤ ਦੇ ਵਿਹਾਰ ਨੇ ਉਨ੍ਹਾਂ ਦੇ ਮਿੱਠੇ ਤੇ ਸ਼ਰਧਾ-ਭਰੇ ਸੁਭਾਅ ਨੇ, ਉਨ੍ਹਾਂ ਦੇ ਆਗਿਆ ਪਾਲਣ ਤੇ ਹੁਕਮ ਮੰਨਣ ਦੇ ਗੁਣ ਨੇ ਸਭ ਨੂੰ ਇਹ ਯਕੀਨ ਕਰਾ ਦਿੱਤਾ ਕਿ ਸ੍ਰੀ ਲਹਿਣਾ ਜੀ ਵਿੱਚ ਅਤੇ ਕੇਵਲ ਉਨ੍ਹਾਂ ਵਿੱਚ ਹੀ, ਗੁਰ-ਗੱਦੀ ਦੀ ਕਾਰ ਤੇ ਜ਼ੁੰਮੇਵਾਰੀਆਂ ਸੰਭਾਲਣ ਦੀ ਯੋਗਤਾ ਹੈ।

ਗੁਰੂ ਨਾਨਕ ਦੇਵ ਜੀ ਇਕ ਨਵੀਂ ਕੌਮ ਸਜਾਣੀ ਤੇ ਉਸਾਰਨੀ ਚਾਹੁੰਦੇ ਸਨ । ਇਹ ਕੰਮ ਬੜਾ ਲੰਮਾ ਤੇ ਕਰੜਾ ਹੁੰਦਾ ਹੈ । ਇਕ ਮਨੁੱਖੀ ਜ਼ਿੰਦਗੀ ਦਾ ਸਮਾਂ ਇਸ ਕੰਮ ਵਾਸਤੇ ਚੋਖਾ ਸਮਾਂ ਨਹੀਂ ਹੁੰਦਾ । ਇਸ ਕਰ ਕੇ ਗੁਰੂ ਜੀ ਨੇ ਕੌਮ-ਉਸਾਰੀ ਦਾ ਇਹ ਕੰਮ ਫੇਰ-੨ ਜਾਮਾ ਪਲਟ ਕੇ ਓਨਾ ਚਿਰ ਜਾਰੀ ਰੱਖਣ ਦੀ

ਵਿਉਂਤ ਸੋਚੀ ਜਿੰਨੇ ਚਿਰ ਵਿੱਚ ਨਵੀਂ ਰਚੀ ਕੌਮ ਪੂਰਨ ਹੋ ਕੇ ਆਪਣੇ ਪੈਰਾਂ ਉਤੇ ਖੜੋਣ ਜੋਗੀ ਨਾ ਹੋ ਜਾਵੇ । ਇਹ ਕੰਮ ਬੜਾ ਕਰੜਾ ਤੇ ਜੁੰਮੇਵਾਰੀ ਵਾਲਾ ਸੀ, ਇਸ ਦੇ ਅਯੋਗ ਹੱਥਾਂ ਵਿੱਚ ਜਾਣ ਨਾਲ ਇਸ ਦੇ ਵਿੱਚੇ, ਅਧਵਾਟੇ ਤੇ ਅਧੂਰੇ ਰਹਿ ਜਾਣ ਜਾਂ ਕੁਰਾਹੇ ਮੁੜ ਪੈਣ ਦਾ ਡਰ ਸੀ । ਇਸ ਕਰ ਕੇ ਗੁਰੂ ਜੀ ਨੇ ਆਪਣੇ ਪਿੱਛੋਂ ਗੁਰ-ਗੱਦੀ ਸੰਭਾਲਣ ਵਾਲੇ ਦੀ ਚੋਣ ਤੇ ਸਿਖਲਾਈ ਬੜੇ ਗੌਹ ਨਾਲ ਕੀਤੀ । ਭਈ ਇਸ ਬਾਰੇ ਕਿਸੇ ਝਗੜੇ ਜਾਂ ਸ਼ੱਕ-ਸ਼ੁਬੇ ਦੀ ਗੁੰਜਾਇਸ਼ ਨਾ ਰਹੇ । ਗੁਰੂ ਜੀ ਨੇ ਇਸ ਚੁਣੇ ਹੋਏ ਨੂੰ ਆਪਣੇ ਰੂ-ਬਰੂ ਗੁਰ-ਗੱਦੀ 'ਤੇ ਬਿਠਾਉਣ ਅਤੇ ਸਭ ਨੂੰ ਇਸ ਚੁਣੇ ਗਏ ਨੂੰ ਗੁਰੂ ਮੰਨਣ ਦੀ ਪੱਕੀ ਕਰਨ ਤੇ ਜਾਚ ਸਿਖਾਉਣ ਦਾ ਤਰੀਕਾ ਜਾਰੀ ਕੀਤਾ ।

ਆਪਣੀ ਸੱਚ-ਖੰਡ ਵਾਪਸੀ ਦੇ ਸਮੇਂ ਤੋਂ ਚੋਖਾ ਚਿਰ ਪਹਿਲਾਂ ਆਪ ਨੇ ਸ੍ਰੀ ਲਹਿਣਾ ਜੀ ਨੂੰ ਗੁਰਿਆਈ ਦਾ ਤਿਲਕ ਲਾਉਣ ਦੀ ਰਸਮ ਅਦਾ ਕਰਨ ਦਾ ਫੈਸਲਾ ਕੀਤਾ । ਉਨ੍ਹਾਂ ਨੇ ਹਾੜ ਵਦੀ ੧੩ (੧੭ ਹਾੜ) ਸੰਮਤ ੧੫੯੬, ਮੁਤਾਬਕ ੧੪ ਜੂਨ ਸੰਨ ੧੫੩੯ ਨੂੰ ਸ੍ਰੀ ਲਹਿਣਾ ਜੀ ਨੂੰ ਗੁਰ-ਗੱਦੀ 'ਤੇ ਬਿਰਾਜਮਾਨ ਕਰਾਇਆ । ਉਨ੍ਹਾਂ ਦੇ ਅੱਗੇ ਪੰਜ ਪੈਸੇ ਤੇ ਨਰੇਲ ਰੱਖ ਕੇ ਮੱਥਾ ਟੇਕਿਆ, ਬਾਬਾ ਬੁੱਢਾ ਜੀ ਪਾਸੋਂ ਉਨ੍ਹਾਂ ਨੂੰ ਗੁਰਿਆਈ ਦਾ ਤਿਲਕ ਲਵਾਇਆ ਅਤੇ ਉਨ੍ਹਾਂ ਨੂੰ ਸ੍ਰੀ ਲਹਿਣਾ ਜੀ ਤੋਂ ਗੁਰੂ ਅੰਗਦ ਦੇਵ ਜੀ ਬਣਾ ਦਿੱਤਾ । ਭਾਈ ਗੁਰਦਾਸ ਜੀ ਲਿਖਦੇ ਹਨ:

*ਥਾਪਿਆ ਲਹਿਣਾ ਜੀਂਵਦੇ, ਗੁਰਿਆਈ ਸਿਰਿ ਛਤ੍ਰੁ ਫਿਰਾਇਆ।*
*ਜੋਤੀ ਜੋਤਿ ਮਿਲਾਇ ਕੈ, ਸਤਿਗੁਰ ਨਾਨਕਿ ਰੂਪੁ ਵਟਾਇਆ ।*
*ਲਖਿ ਨ ਕੋਈ ਸਕਈ, ਆਚਰਜੇ ਆਚਰਜੁ ਦਿਖਾਇਆ ।*
*ਕਾਇਆ ਪਲਟਿ ਸਰੂਪੁ ਬਣਾਇਆ ॥੪੫॥ (ਵਾਰ ੧)*

ਫੇਰ ਗੁਰੂ ਨਾਨਕ ਜੀ ਨੇ ਆਗਿਆ ਕੀਤੀ ਕਿ ਤੁਸੀਂ ਖਡੂਰ ਚੱਲ ਰਹੋ । ਉਨ੍ਹਾਂ ਦਾ ਜੀਅ ਤਾਂ ਵਿਛੜਨ ਨੂੰ ਨਹੀਂ ਸੀ ਕਰਦਾ, ਪਰ ਹੁਕਮ ਦੇ ਬੱਧੇ ਚਲੇ ਗਏ ।

❀ ❀ ❀



ਕਾਂਡ ੫

## ਗੁਰਿਆਈ ਦਾ ਸਮਾਂ

**ਗੁਪਤਵਾਸ–** ਖਡੂਰ ਪੁੱਜ ਕੇ ਗੁਰੂ ਅੰਗਦ ਦੇਵ ਜੀ ਇਕ ਜੱਟ ਮਾਈ ਦੇ ਘਰ ਜਾ ਟਿਕੇ । ਉਸ ਦਾ ਨਾਂ ਸਤਭਰਾਈ ਸੀ । ਉਸ ਨੂੰ ਭਰਾਈ, ਵਿਰਾਈ ਤੇ ਸਭਰਾਈ ਵੀ ਕਿਹਾ ਜਾਂਦਾ ਹੈ। ਉਸ ਨੂੰ ਗੁਰੂ ਜੀ ਨੇ ਹੁਕਮ ਦਿੱਤਾ ਕਿ ਮੇਰੇ ਇਥੇ ਹੋਣ ਦੀ ਕਿਸੇ ਨੂੰ ਸੂਹ ਨਾ ਦੇਣੀ । ਇਸ ਤਰ੍ਹਾਂ ਇਕਾਂਤ ਵਿੱਚ ਰਹਿ ਕੇ ਰੋਜ਼ ਦੀ ਕੇਵਲ ਪਾ ਕੱਚੇ ਆਟੇ ਦੀ ਅਣਚੋਪੜੀ ਰੋਟੀ ਖਾ ਕੇ ਆਪ ਭਜਨ ਬੰਦਗੀ ਵਿੱਚ ਲੱਗ ਪਏ ।

ਗੁਰੂ ਨਾਨਕ ਦੇਵ ਜੀ ਦੇ ਜੋਤੀ-ਜੋਤਿ ਸਮਾਉਣ ਦੀ ਖ਼ਬਰ ਸੁਣ ਕੇ ਆਪ ਦੇ ਹਿਰਦੇ ਨੂੰ ਬੜੀ ਡੂੰਘੀ ਸੱਟ ਵੱਜੀ । ਆਪ ਗੁਪਤਵਾਸ ਵਿੱਚ ਰਹਿ ਕੇ ਆਪਣੇ ਪਿਆਰੇ ਨੂੰ ਅਤੇ ਉਸ ਪਿਆਰੇ ਦੇ ਪਿਆਰੇ (ਕਰਤਾਰ) ਨੂੰ ਯਾਦ ਕਰਦੇ ਰਹੇ । ਸਿੱਖ ਸੰਗਤਾਂ ਕਰਤਾਰਪੁਰੋਂ ਹੋ ਕੇ ਦਰਸ਼ਨਾਂ ਲਈ ਖਡੂਰ ਆਉਂਦੀਆਂ ਅਤੇ ਗੁਰੂ ਜੀ ਦੀ ਉੱਘ-ਸੁੱਘ ਨਾ ਮਿਲਣ 'ਤੇ ਨਿਰਾਸ ਹੋ ਜਾਂਦੀਆਂ । ਪੰਜ ਕੁ ਮਹੀਨੇ ਇਸੇ ਤਰ੍ਹਾਂ ਲੰਘ ਗਏ । ਫੇਰ ਕੁਝ ਉਘੇ ਗੁਰਸਿੱਖਾਂ ਨੇ ਬਾਬਾ ਬੁੱਢਾ ਜੀ ਪਾਸ ਜਾ ਕੇ ਬੇਨਤੀ ਕੀਤੀ ਕਿ ਗੁਰੂ ਜੀ ਦੀ ਭਾਲ ਕਰ ਕੇ ਉਨ੍ਹਾਂ ਨੂੰ ਪੰਥ ਦੀ ਅਗਵਾਈ ਦੀ ਕਾਰ ਸੰਭਾਲਣ ਲਈ ਪ੍ਰਾਰਥਨਾ ਕੀਤੀ ਜਾਵੇ ।

**ਗੁਰੂ ਲਾਧੋ–** ਬਾਬਾ ਬੁੱਢਾ ਜੀ ਨੇ ਸਵੇਰ ਦੇ ਇਸ਼ਨਾਨ ਤੇ ਨਿੱਤ-ਨੇਮ ਮਗਰੋਂ ਅਰਦਾਸ ਕੀਤੀ ਅਤੇ ਅੰਤਰ-ਧਿਆਨ ਹੋ ਬੈਠੇ। ਉਨ੍ਹਾਂ ਨੂੰ ਗੁਰੂ ਜੀ ਦੇ ਗੁਪਤਵਾਸ ਦਾ ਟਿਕਾਣਾ ਸੁਝ-ਦਿਸ ਪਿਆ। ਸਭ ਸੰਗਤਾਂ ਰਲ ਕੇ ਮਾਈ ਵਿਰਾਈ (ਭਰਾਈ, ਸਤਭਰਾਈ) ਦੇ ਘਰ ਗਈਆਂ । ਬਾਬਾ ਬੁੱਢਾ ਜੀ ਨੇ ਗੁਰੂ ਦੇ ਹਜ਼ੂਰ ਹਾਜ਼ਰ ਹੋ ਕੇ ਸੰਗਤਾਂ ਵੱਲੋਂ ਦਰਸ਼ਨਾਂ ਲਈ ਬੇਨਤੀ ਕੀਤੀ । ਬੇਨਤੀ ਮੰਨ ਕੇ

ਆਪ ਨੇ ਗੁਪਤਵਾਸ ਤਿਆਗ ਕੇ ਗੁਰ-ਗੱਦੀ ਦੀ ਕਾਰ ਤੇ ਜ਼ੁੰਮੇਵਾਰੀ ਸੰਭਾਲੀ । ਸੰਗਤਾਂ ਦੂਰੋਂ-ਦੂਰੋਂ ਦਰਸ਼ਨਾਂ ਲਈ ਆਉਣ ਲੱਗ ਪਈਆਂ ਅਤੇ ਖਡੂਰ ਸਾਹਿਬ ਵਿੱਚ ਕਰਤਾਰਪੁਰ ਜਿਹੀਆਂ ਰੌਣਕਾਂ ਲੱਗ ਗਈਆਂ ।

ਗੁਰਬਾਣੀ ਤੇ ਗੁਰਸਾਖੀ– ਹੁਣ ਆਪ ਜੀ ਨੇ ਦਲੀਲ ਕੀਤੀ ਕਿ ਗੁਰੂ ਨਾਨਕ ਦੇਵ ਜੀ ਦੀ ਬਾਣੀ ਇਕੱਠੀ ਕੀਤੀ ਜਾਵੇ ਤੇ ਉਨ੍ਹਾਂ ਦੇ ਜੀਵਨ-ਸਮਾਚਾਰ ਲਿਖੇ ਜਾਣ । ਲਿਖਾਰੀ ਲਈ ਗੁਰਮੁਖੀ ਅੱਖਰ ਤਾਂ ਗੁਰੂ ਨਾਨਕ ਦੇਵ ਜੀ ਦੇ ਜਗਤ ਵਿੱਚ ਹੁੰਦਿਆਂ ਹੀ ਬਣਾਏ ਗਏ ਸਨ । ਗੁਰੂ ਅੰਗਦ ਦੇਵ ਜੀ ਨੇ ਖੋਜ-ਭਾਲ ਕਰ ਕੇ ਗੁਰਬਾਣੀ ਇਕੱਠੀ ਕੀਤੀ ਅਤੇ ਇਸ ਨੂੰ ਗੁਰਮੁਖੀ ਅੱਖਰਾਂ ਵਿੱਚ ਲਿਖਵਾਇਆ । ਨਾਲੇ ਆਪ ਤਲਵੰਡੀ (ਸ੍ਰੀ ਨਨਕਾਣਾ ਸਾਹਿਬ) ਸੁਲਤਾਨਪੁਰ ਆਦਿ ਥਾਵਾਂ ਤੋਂ ਅਤੇ ਗੁਰੂ ਜੀ ਦੇ ਨਿਕਟ-ਵਰਤੀ ਸਿੱਖਾਂ ਤੇ ਹਰੇਕ ਇਲਾਕੇ ਦੀ ਸੰਗਤ ਤੋਂ ਪੁੱਛ-ਪੁੱਛ ਕੇ ਗੁਰੂ ਨਾਨਕ ਦੇਵ ਜੀ ਦੇ ਜੀਵਨ-ਸਮਾਚਾਰ ਲਿਖਵਾਏ । ਇਹ ਸਮਾਚਾਰ ਜਿਉਂ-ਜਿਉਂ ਮਿਲਦੇ ਗਏ ਲਿਖਤ ਵਿੱਚ ਲਿਆਂਦੇ ਗਏ । ਇਸ ਕਰ ਕੇ ਇਹ ਵਾਪਰਨ ਦੇ ਸਮੇਂ ਦੀ ਤਰਤੀਬ ਅਨੁਸਾਰ ਨਹੀਂ, ਸਗੋਂ ਪ੍ਰਾਪਤੀ ਦੀ ਤਰਤੀਬ ਮੂਜਬ ਲਿਖੇ ਗਏ । ਇਸ ਤਰ੍ਹਾਂ ਗੁਰੂ ਨਾਨਕ ਦੇਵ ਜੀ ਦੀ ਪਹਿਲਾਂ ਜਨਮ-ਸਾਖੀ ਤਿਆਰ ਹੋਈ ।

ਸ਼ੋਕ ਵਾਲੀ ਗੱਲ ਹੈ ਕਿ ਇਸ ਜਨਮ-ਸਾਖੀ ਦਾ ਪਹਿਲਾ ਤੇ ਪ੍ਰਮਾਣੀਕ ਖਰੜਾ ਜਾਂ ਉਸ ਦਾ ਠੀਕ-ਠੀਕ ਉਤਾਰਾ ਨਹੀਂ ਮਿਲਦਾ। ਇਸ ਨੂੰ ਪਹਿਲਾਂ ਪਿਰਥੀਏ ਤੇ ਉਸ ਦੇ ਪੁੱਤ ਮਿਹਰਬਾਨ ਨੇ ਅਤੇ ਫੇਰ ਹਿੰਦਾਲੀਆਂ ਨੇ ਭੰਨਿਆ ਤੋੜਿਆ ਤੇ ਗੁੰਮ ਕੀਤਾ ਅਤੇ ਇਸ ਦੇ ਥਾਂ ਹੋਰ ਜਨਮ-ਸਾਖੀਆਂ ਲਿਖੀਆਂ ਤੇ ਉਨ੍ਹਾਂ ਦੇ ਲਿਖਣ ਦਾ ਸੰਮਤ ਵੀ ਗਲਤ ਪਾਇਆ । ਇਨ੍ਹਾਂ ਵਿੱਚੋਂ ਇਕ ਜਨਮ-ਸਾਖੀ ਉਹ ਬਣੀ ਜੋ ਬਾਲੇ ਵਾਲੀ ਕਰ ਕੇ ਪ੍ਰਸਿੱਧ ਹੋਈ ।

ਹੁਮਾਯੂੰ– ਸੰਮਤ ੧੫੯੭ (ਸੰਨ ੧੫੪੦) ਵਿੱਚ ਸ਼ੇਰ ਸ਼ਾਹ



ਸੂਰੀ ਪਾਸੋਂ ਹਾਰ ਖਾ ਕੇ ਹੁਮਾਯੂੰ ਬਾਦਸ਼ਾਹ ਲਾਹੌਰ ਵੱਲ ਨੂੰ ਜਾ ਰਿਹਾ ਸੀ । ਉਹ ਪੀਰਾਂ ਫਕੀਰਾਂ ਦੀਆਂ ਅਸੀਸਾਂ ਦੁਆਈਂ ਪ੍ਰਾਪਤ ਕਰਨ ਦਾ ਚਾਹਵਾਨ ਸੀ । ਜਾਂਦਾ-ਜਾਂਦਾ ਜਾਂ ਉਹ ਬਿਆਸ ਪਾਰ ਹੋਇਆ, ਤਾਂ ਉਸ ਨੂੰ ਪਤਾ ਲੱਗਾ ਕਿ ਜਿਸ ਗੁਰੂ ਨਾਨਕ ਦੇਵ ਨੇ ਮੇਰੇ ਪਿਤਾ ਬਾਬਰ ਨੂੰ ਵਰ ਤੇ ਉਪਦੇਸ਼ ਦਿੱਤਾ ਸੀ, ਉਨ੍ਹਾਂ ਦੀ ਗੱਦੀ ਉਤੇ ਇਸ ਵੇਲੇ ਗੁਰੂ ਅੰਗਦ ਦੇਵ ਜੀ ਹਨ ਜੋ ਉਨ੍ਹਾਂ ਦੀਆਂ ਸਭ ਸ਼ਕਤੀਆਂ ਦੇ ਮਾਲਕ ਹਨ ਅਤੇ ਖਡੂਰ ਸਾਹਿਬ ਵਿੱਚ ਦਰਬਾਰ ਲਾਉਂਦੇ ਹਨ । ਉਹ ਗੁਰੂ ਜੀ ਦੇ ਦਰਸ਼ਨ ਲਈ ਖਡੂਰ ਸਾਹਿਬ ਪਹੁੰਚਿਆ । ਗੁਰੂ ਜੀ ਉਸ ਵੇਲੇ ਬਾਲਕਾਂ ਦੀਆਂ ਖੇਡਾਂ ਵੇਖ ਰਹੇ ਸਨ । ਬਾਦਸ਼ਾਹ ਨੇ ਉਨ੍ਹਾਂ ਪਾਸ ਘੋੜਾ ਜਾ ਖਲਿਹਾਰਿਆ। ਗੁਰੂ ਜੀ ਨੇ ਹੁਮਾਯੂੰ ਵੱਲ ਖਾਸ ਗਹੁ ਨਾ ਕੀਤਾ । ਉਸ ਨੂੰ ਗੁੱਸਾ ਆ ਗਿਆ । ਘੋੜੇ ਉਪਰ ਬੈਠਾ ਹੀ ਉਹ ਗੁਰੂ ਜੀ ਨੂੰ ਮਾਰਨ ਲਈ ਮਿਆਨੋਂ ਤਲਵਾਰ ਸੂਤਣ ਲੱਗਾ । ਗੁਰੂ ਜੀ ਨੇ ਹੱਸ ਕੇ ਕਿਹਾ, *'ਬਾਦਸ਼ਾਹ ! ਜਿਹੜੀ ਤਲਵਾਰ ਤੂੰ ਫਕੀਰਾਂ ਤੇ ਖਿੱਚਣ ਲੱਗਾ ਹੈਂ, ਇਹ ਸ਼ੇਰ ਸ਼ਾਹ ਦੇ ਟਾਕਰੇ ਵੇਲੇ ਕਿਥੇ ਸੀ ?'*

ਹੁਮਾਯੂੰ ਸ਼ਰਮਿੰਦਾ ਹੋ ਗਿਆ । ਉਹ ਘੋੜੇ ਤੋਂ ਉਤਰਿਆ। ਉਸ ਨੇ ਗੁਰੂ ਜੀ ਨੂੰ ਨਮਸਕਾਰ ਕੀਤਾ ਅਤੇ ਉਨ੍ਹਾਂ ਤੋਂ ਮਾਫੀ ਮੰਗੀ । ਫੇਰ ਉਸ ਨੇ ਅਸ਼ੀਰਵਾਦ ਜਾਂ ਵਰ ਅਸੀਸ ਲਈ ਬੇਨਤੀ ਕੀਤੀ । ਗੁਰੂ ਜੀ ਨੇ ਉਸ ਨੂੰ ਸੱਚ ਅਤੇ ਧਰਮ-ਨਿਆਂ ਦਾ ਉਪਦੇਸ਼ ਦਿੱਤਾ ਅਤੇ ਅਸ਼ੀਰਵਾਦ ਦੇ ਕੇ ਵਿਦਾ ਕੀਤਾ !

ਸ਼ਿਵਨਾਥ ਤਪਾ– ਖਡੂਰ ਸਾਹਿਬ ਵਿੱਚ ਜੋਗੀਆਂ ਦਾ ਇਕ ਮੱਠ ਜਾਂ ਟਿਕਾਣਾ ਸੀ । ਉਸ ਮੱਠ ਦਾ ਵੱਡਾ ਜੋਗੀ ਸੀ ਸ਼ਿਵਨਾਥ। ਇਹ ਗੁਰੂ ਅੰਗਦ ਦੇਵ ਜੀ ਨਾਲ ਅੰਦਰੋਂ ਈਰਖਾ ਤੇ ਵੈਰ ਰੱਖਦਾ ਸੀ ਕਿਉਂਕਿ ਉਨ੍ਹਾਂ ਦੇ ਉਪਦੇਸ਼ ਸਿੱਖਿਆ ਦੇ ਕਾਰਨ ਲੋਕੀਂ ਉਸ ਦੀ ਮਾਨਤਾ ਕਰਨੋਂ ਹਟਦੇ ਜਾਂਦੇ ਸਨ । ਭਾਣਾ ਕਰਤਾਰ ਦਾ, ਇਕ ਸਾਲ ਡਾਢੀ ਔੜ ਲੱਗ ਗਈ । ਲੋਕ ਬੜੇ ਘਬਰਾਏ । ਜੋਗੀ ਨੂੰ ਮੌਕਿਆ ਮਿਲ ਗਿਆ ਲੋਕਾਂ ਨੂੰ ਗੁਰੂ ਜੀ ਦੇ ਵਿਰੁੱਧ ਕਰਨ ਦਾ ।

ਉਹ ਲੋਕਾਂ ਨੂੰ ਕਹਿਣ ਲੱਗਾ, 'ਮੀਂਹ ਕੀ ਪਵੇ ? ਇਥੇ ਤਾਂ ਅਨਰਥ ਹੋ ਰਿਹਾ ਹੈ । ਇਥੇ ਇਕ ਗ੍ਰਿਹਸਤੀ ਆਦਮੀ ਗੁਰੂ ਬਣਿਆ ਬੈਠਾ ਹੈ ਅਤੇ ਮੱਥੇ ਟਿਕਾਉਂਦਾ ਹੈ । ਇਸ ਕਰ ਕੇ ਇੰਦਰ ਦੇਵਤਾ ਗੁੱਸੇ ਹੈ । ਜੇ ਤੁਸੀਂ ਉਸ ਨੂੰ ਪਿੰਡੋਂ ਬਾਹਰ ਕੱਢ ਦਿਓ, ਤਾਂ ਮੈਂ ਮੀਂਹ ਪੁਆ ਦਿਆਂਗਾ । ਉਸ ਨੂੰ ਕਹੋ ਕਿ ਜੇ ਪੀਰੀ ਪੱਲੇ ਹੈ ਸੁ ਤਾਂ ਮੀਂਹ ਪੁਆਏ, ਨਹੀਂ ਤਾਂ ਏਥੋਂ ਚਲਿਆ ਜਾਵੇ । ਉਸ ਦੇ ਨਿਕਲਣ ਦੀ ਦੇਰ ਹੈ ਕਿ ਮੀਂਹ ਖਾਰੀ ਛੱਜੀ ਵਰ੍ਹੇਗਾ । ਮੀਂਹ ਤਾਂ ਮੇਰੀ ਮੁੱਠ ਵਿੱਚ ਹੈ ।'

ਲੋਕੀਂ ਘਬਰਾਏ ਹੋਏ ਸਨ । ਉਹ ਜੋਗੀ ਦੇ ਝਾਂਸੇ ਵਿੱਚ ਆ ਗਏ । ਉਹ ਜਾ ਕੇ ਗੁਰੂ ਜੀ ਨੂੰ ਕਹਿਣ ਲੱਗੇ– 'ਗੁਰੂ ਜੀ ! ਔੜ ਨਾਲ ਤਬਾਹ ਹੋ ਰਹੇ ਹਾਂ, ਮੀਂਹ ਪਵਾਓ ।'

ਗੁਰੂ ਜੀ– 'ਭਲਿਓ ਪੁਰਸ਼ੋ ! ਮੀਂਹ ਤਾਂ ਮਾਲਕ ਦੇ ਹੱਥ ਵੱਸ ਹੈ । ਉਹ ਵਰਸਾਵੇਗਾ, ਪਰ ਜਦੋਂ ਉਸ ਨੂੰ ਮਨਜ਼ੂਰ ਹੋਵੇਗਾ ।'

ਜੱਟ ਆਖਣ ਲੱਗੇ– 'ਗੁਰੂ ਜੀ, ਖਰੀ ਗੱਲ ਇਹ ਜੇ, ਜਾਂ ਤਾਂ ਮੀਂਹ ਪਵਾਓ, ਨਹੀਂ ਤਾਂ ਏਥੋਂ ਚਲੇ ਜਾਓ । ਤੁਹਾਡੇ ਜਾਣ ਮਗਰੋਂ ਮੀਂਹ ਪਵੇਗਾ ਤਪਾ ਜ਼ੁੰਮਾ ਲੈਂਦਾ ਹੈ ।'

ਗੁਰੂ ਜੀ– 'ਚੰਗਾ ਭਈ, ਜੇ ਸਾਡੇ ਏਥੋਂ ਗਿਆਂ ਮੀਂਹ ਪੈ ਜਾਵੇ ਤੇ ਤੁਹਾਡਾ ਭਲਾ ਹੋ ਜਾਵੇ, ਤਾਂ ਮੈਂ ਤਿਆਰ ਹਾਂ ।'

ਗੁਰੂ ਜੀ ਸੰਗਤਾਂ ਸਮੇਤ ਖਡੂਰ ਸਾਹਿਬੋਂ ਚਲੇ ਗਏ ਅਤੇ ਖਾਨ-ਰਜਾਦੇ ਦੀ ਜੂਹ ਵਿੱਚ ਜਾ ਬੈਠੇ । ਓਧਰ ਤਪੇ ਦੇ ਭਾ ਦੀ ਬਣ ਗਈ । ਲੋਕੀਂ ਕਹਿਣ, ਛੇਤੀ ਕਰ, ਪਵਾ ਮੀਂਹ । ਜੋਗੀ ਨੇ ਬਥੇਰੇ ਮੰਤਰ ਟੂਣੇ ਕੀਤੇ, ਪਰ ਮੀਂਹ ਨਾ ਪਿਆ । ਅੱਠ ਦਿਨ ਬੀਤ ਗਏ । ਜੋਗੀ ਆਲੇ ਕੌਡੀ, ਛਿੱਕੇ ਕੌਡੀ ਕਰਦਾ ਰਿਹਾ, ਪਰ ਜੱਟ ਕਾਹਲੇ ਪੈ ਗਏ ।

ਓਨੇ ਚਿਰ ਨੂੰ ਸ੍ਰੀ ਅਮਰਦਾਸ ਜੀ ਬਾਸਰਕੇ ਤੋਂ ਗੁਰੂ ਜੀ ਦੇ ਦਰਸ਼ਨਾਂ ਲਈ ਖਡੂਰ ਸਾਹਿਬ ਆਏ । ਜਦ ਉਨ੍ਹਾਂ ਨੂੰ ਸਾਰੀ ਗੱਲ



ਦਾ ਪਤਾ ਲੱਗਾ, ਤਾਂ ਉਹ ਬਹੁਤ ਦੁਖੀ ਹੋਏ । ਉਨ੍ਹਾਂ ਨੇ ਜੱਟਾਂ ਨੂੰ ਕਿਹਾ– 'ਤੁਸਾਂ ਗੁਰੂ ਜੀ ਨੂੰ ਕੱਢਣ ਵਿੱਚ ਵੱਡਾ ਪਾਪ ਕਮਾਇਆ ਹੈ । ਉਹ ਸਭ ਸ਼ਕਤੀਆਂ ਦੇ ਮਾਲਕ ਹਨ । ਇਹ ਤਪਾ ਪਖੰਡੀ ਹੈ । ਤੁਸੀਂ ਸਾਰੇ ਇਕ-ਮਨ ਹੋ ਕੇ, ਗੁਰੂ ਜੀ ਦਾ ਧਿਆਨ ਧਾਰ ਕੇ, ਆਖੋ ਧੰਨ ਗੁਰੂ ਅੰਗਦ ਦੇਵ ! ਧੰਨ ਗੁਰੂ ਅੰਗਦ ਦੇਵ ! ਉਨ੍ਹਾਂ ਦੇ ਨਾਂ ਵਿੱਚ ਬਰਕਤ ਹੈ । ਮੀਂਹ ਪੈ ਜਾਵੇਗਾ ।'

ਲੋਕਾਂ ਨੇ ਅਜਿਹਾ ਹੀ ਕੀਤਾ । ਕੁਝ ਚਿਰ ਮਗਰੋਂ ਨੀਲਾ ਅਕਾਸ਼ ਕਾਲੇ-ਕਾਲੇ ਬੱਦਲਾਂ ਨਾਲ ਕੱਜਿਆ ਗਿਆ । ਕਿਣ-ਮਿਣ ਹੋਣ ਲੱਗ ਪਈ ਅਤੇ ਫਿਰ ਮੋਹਲੇਧਾਰ ਵਰਖਾ ਸ਼ੁਰੂ ਹੋ ਪਈ । ਔੜ ਹਟ ਗਈ । ਦੁਨੀਆਂ ਵੱਸ ਪਈ ।

ਮੀਂਹ ਵਰ੍ਹਿਆ ਵੇਖ ਕੇ ਜੱਟ ਭੂਏ ਆ ਗਏ । ਉਹ ਹੁਣ ਜੋਗੀ ਦੇ ਉਦਾਲੇ ਜਾ ਹੋਏ ਅਤੇ ਕਹਿਣ ਲੱਗੇ, 'ਨਿਕਲ ਜਾ, ਪਾਪੀਆ ਸਾਡੇ ਪਿੰਡੋਂ ! ਤੇਰੇ ਕਰ ਕੇ ਹੀ ਮੀਂਹ ਨਹੀਂ ਸੀ ਪੈਂਦਾ। ਤੂੰ ਸਾਥੋਂ ਵੱਡੀ ਭੁੱਲ ਵੀ ਕਰਵਾਈ ਤੇ ਮੀਂਹ ਨਾ ਵਰ੍ਹਾਇਆ । ਚੱਲ ਦੂਰ ਹੋ 'ਜਾ ਪਖੰਡੀਆ !' ਇਹ ਆਖ ਕੇ ਉਹ ਜੋਗੀ ਨੂੰ ਧੱਕੇ ਮਾਰਨ ਲੱਗ ਪਏ । ਧੱਕੇ ਧੋੜੇ ਦੇਂਦੇ ਅਤੇ ਖੇਤਾਂ ਵਿੱਚ ਦੀ ਘਸੀਟਦੇ ਘਸੀਟਦੇ ਉਹ ਓਥੇ ਪਿਆ-ਪਿਆ ਹੀ ਮਰ ਗਿਆ ।

ਓਧਰ ਸ੍ਰੀ ਗੁਰੂ ਅਮਰਦਾਸ ਜੀ ਦੇ ਦਰਸ਼ਨਾਂ ਲਈ ਖਾਨ ਰਜਾਦੇ ਪੁੱਜੇ । ਉਨ੍ਹਾਂ ਨੂੰ ਵੇਖਦਿਆਂ ਹੀ ਗੁਰੂ ਜੀ ਨੇ ਪਿੱਠ ਫੇਰ ਲਈ । ਸ੍ਰੀ ਅਮਰਦਾਸ ਜੀ ਨੇ ਬੇਨਤੀ ਕੀਤੀ– 'ਸੱਚੇ ਪਾਤਸ਼ਾਹ! ਜੇ ਭੁੱਲ ਹੋ ਗਈ ਹੋਵੇ, ਉਹ ਬਖਸ਼ ਦਿਓ ।' ਅੱਗੋਂ ਗੁਰੂ ਜੀ ਬੋਲੇ– 'ਤੁਸਾਂ ਕਰਾਮਾਤ ਕਿਉਂ ਵਿਖਾਈ ? ਨਾਲੇ ਤੁਸੀਂ ਉਸ ਤਪੇ ਦੀ ਮੌਤ ਦਾ ਕਾਰਨ ਕਿਉਂ ਬਣੇ ? ਕਰਤਾਰ ਦੀ ਰਜ਼ਾ ਸੀ ਕਿ ਅਸੀਂ ਖਡੂਰ ਤੋਂ ਇਥੇ ਆਈਏ । ਉਸ ਬਾਰੇ ਕਿਸੇ ਨਾਲ ਰੋਸ ਕਾਹਨੂੰ ਕਰਨਾ ਸੀ ?'

ਤੁਹਾਨੂੰ ਆਪਣਾ ਦਿਲ ਵੱਡਾ ਸਾਰਾ ਕਰਨਾ ਚਾਹੀਦਾ ਹੈ, ਮਾੜਿਆਂ ਨਾਲ ਚੰਗੇ ਹੋ ਕੇ ਵਰਤਣਾ, ਬੁਰੇ ਦਾ ਵੀ ਭਲਾ ਕਰਨਾ,

ਅਪਰਾਧੀ ਨੂੰ ਮਾਫ ਕਰਨਾ ਤੇ ਉਨ੍ਹਾਂ ਨੂੰ ਸਿੱਧੇ ਠੀਕ ਰਾਹੇ ਪਾਉਣਾ ਅਤੇ ਕਰਤਾਰ ਦੇ ਭਾਣੇ ਨੂੰ ਸਦਾ ਮਿੱਠਾ ਕਰ ਕੇ ਮੰਨਣਾ, ਸਿੱਖੀ ਇਹ ਕੁਝ ਸਿਖਾਉਂਦੀ ਹੈ । ਅਗਾਂਹ ਲਈ ਸੋਘਿਆਂ ਰਹਿਣਾ ।'

ਓਧਰੋਂ ਖਡੂਰ ਦੇ ਜ਼ਿਮੀਂਦਾਰ ਗੁਰੂ ਜੀ ਪਾਸ ਆ ਪਹੁੰਚੇ । ਉਨ੍ਹਾਂ ਨੇ ਕਿਹਾ– 'ਸਾਥੋਂ ਭੁੱਲ ਹੋ ਗਈ ਜੋ ਅਸਾਂ ਤਪੇ ਦੇ ਝਾਂਸੇ ਵਿੱਚ ਆ ਕੇ ਤੁਹਾਨੂੰ ਖੇਚਲ ਪਾਈ ਏਥੇ ਆ ਟਿਕਣ ਦੀ । ਉਹ ਭੁੱਲ ਬਖਸ਼ੋ ਅਤੇ ਵਾਪਸ ਚੱਲੋ ।'

ਗੁਰੂ ਜੀ– 'ਤੁਸਾਂ ਤਪੇ ਨੂੰ ਧੂਹ-ਧੂਹ ਕੇ ਮਾਰ ਦਿੱਤਾ ਇਹ ਤੁਸਾਂ ਵੱਡਾ ਪਾਪ ਕੀਤਾ । ਤੁਸੀਂ ਪਸ਼ਚਾਤਾਪ ਕਰੋ ਅਤੇ ਕਰਤਾਰ ਤੋਂ ਭੁੱਲ ਬਖਸ਼ਾਓ । ਫੇਰ ਅਰਦਾਸ ਕਰੋ ਕਿ ਵਾਹਿਗੁਰੂ ਤਪੇ (ਜੋਗੀ) ਦੀ ਆਤਮਾ 'ਤੇ ਰਹਿਮ ਕਰੇ । ਵੱਡਾ ਸਾਰਾ ਜੱਗ ਕਰੋ, ਸਭ ਗਰੀਬ-ਗੁਰਬੇ ਤੇ ਸਾਧਾਂ-ਸੰਤਾਂ ਨੂੰ ਛਕਾਓ ਰਜ਼ਾਓ ਅਤੇ ਰਲ ਕੇ ਅਰਦਾਸ ਕਰੋ । ਇਹ ਕੁਝ ਕਰ ਲਵੋਗੇ ਤਾਂ ਅਸੀਂ ਆ ਜਾਵਾਂਗੇ ।

ਜ਼ਿਮੀਦਾਰਾਂ ਨੇ ਹੁਕਮ ਮੰਨ ਕੇ ਇਵੇਂ ਹੀ ਕੀਤਾ । ਗੁਰੂ ਜੀ ਵਾਪਸ ਖਡੂਰ ਸਾਹਿਬ ਚਲੇ ਗਏ । ਓਥੋਂ ਦੇ ਜ਼ਿਮੀਦਾਰ ਮਗਰੋਂ ਵੀ ਸਾਲ ਦੇ ਸਾਲ ਓਥੇ ਜੱਗ ਕਰਦੇ ਰਹੇ ।

ਚੌਧਰੀ ਬਖਤਾਵਰ– ਸੰਮਤ ੧੬੦੪ ਦੇ ਕਰੀਬ ਗੁਰੂ ਅੰਗਦ ਦੇਵ ਜੀ ਨੇ ਇਕ ਛੋਟਾ ਜਿਹਾ ਸਫਰ ਕੀਤਾ । ਵੈਰੋਵਾਲ ਲਾਗੋਂ ਬਿਆਸ ਪਾਰ ਹੋ ਕੇ ਪਿੰਡੋਂ-ਪਿੰਡ ਡੇਰਾ ਲਾਉਂਦੇ ਤੇ ਪ੍ਰਚਾਰ ਕਰਦੇ-ਕਰਦੇ ਆਪ ਸੁਲਤਾਨਪੁਰ ਗਏ । ਫੇਰ ਸਤਿਨਾਮੁ ਦਾ ਉਪਦੇਸ਼ ਦੇਂਦੇ-ਦੇਂਦੇ ਉਹ ਸਤਲੁਜ ਪਾਰ ਹੋ ਕੇ ਮਾਲਵੇ ਵਿੱਚ ਗਏ । ਮਾਲਵੇ ਵਿੱਚ ਉਹ ਪ੍ਰਚਾਰ ਕਰ ਕੇ ਹਰੀਕੇ ਆ ਠਹਿਰੇ । ਉਥੇ ਇਕ ਦਿਨ ਓਥੋਂ ਦਾ ਚੌਧਰੀ ਬਖਤਾਵਰ ਆਪ ਦੇ ਦਰਸ਼ਨ ਕਰਨ ਆਇਆ । ਉਹ ੧੦-੧੨ ਪਿੰਡਾਂ ਦਾ ਮਾਮਲਾ ਭਰਦਾ ਸੀ ਅਤੇ ਬਹੁਤ ਹੰਕਾਰੀ ਸੀ । ਗੁਰੂ ਜੀ ਦੇ ਦਰਬਾਰ ਵਿੱਚ ਪਹੁੰਚ ਕੇ ਉਸ ਨੇ ਨਾ ਮੱਥਾ ਟੇਕਿਆ ਤੇ ਨਾ ਹੀ ਨਮਸਕਾਰ ਕੀਤਾ, ਸਗੋਂ



ਰਵਾਂ-ਰਵੀਂ ਗੁਰੂ ਜੀ ਦੇ ਪਲੰਘ ਉਤੇ ਸਿਰ੍ਹਾਣੇ 'ਤੇ ਹੋ ਜਾ ਬੈਠਾ।

ਸਿੱਖਾਂ ਨੂੰ ਚੌਧਰੀ ਦਾ ਇਹ ਵਤੀਰਾ ਬੁਰਾ ਲੱਗਾ । ਉਨ੍ਹਾਂ ਦੇ ਰੋਸ-ਭਰੇ ਚਿਹਰੇ ਵੇਖ ਕੇ ਕਹਿਣ ਲੱਗਾ- 'ਕਿਉਂ ਘੂਰੀਆਂ ਪਏ ਵੱਟਦੇ ਹੋ, ਮੈਂ ੧੨ ਪਿੰਡਾਂ ਦਾ ਮਾਲਕ ਹਾਂ, ਮੈਂ ਛੋਟਾ-ਮੋਟਾ ਬੰਦਾ ਤਾਂ ਨਹੀਂ ਜੋ ਸਭ ਦੇ ਬਰਾਬਰ ਭੋਂ 'ਤੇ ਬੈਠਾਂ ।'

ਖਿਮਾਂ ਤੇ ਸਹਿਨਸ਼ੀਲਤਾ ਦੇ ਪੁੰਜ ਗੁਰੂ ਅੰਗਦ ਦੇਵ ਜੀ ਹੱਸ ਪਏ । ਫੇਰ ਆਪ ਨੇ ਉਪਦੇਸ਼ ਦੇ ਉਸ ਦਾ ਹੰਕਾਰ ਦੂਰ ਕੀਤਾ । ਉਸ ਨੂੰ 'ਮਿਠਤੁ ਨੀਵੀ, ਤੇ ਨਿਵੈ ਸੁ ਗਉਰਾ ਹੋਇ' ਦਾ ਸਬਕ ਸਿਖਾਇਆ । ਉਸ ਦੀਆਂ ਅੱਖੀਆਂ ਖੁਲ੍ਹ ਗਈਆਂ, ਹੰਕਾਰ ਨਾਲ ਮਘ ਰਿਹਾ ਹਿਰਦਾ ਸ਼ਾਂਤ ਹੋ ਗਿਆ ਤੇ ਉਹ ਗੁਰੂ ਜੀ ਦਾ ਸਿੱਖ ਬਣ ਗਿਆ ।

ਰੱਬ ਦਾ ਭਾਣਾ ਮੰਨੋ– ਖਡੂਰੋਂ ਤਿੰਨ-ਕੁ ਕੋਹ ਤੇ ਭਾਈ ਜੀਵਾ ਨਾਂ ਦਾ ਇਕ ਗੁਰਸਿੱਖ ਰਹਿੰਦਾ ਸੀ । ਉਹ ਹਰ ਰੋਜ਼ ਸਵੇਰੇ ਗੁਰੂ ਕੇ ਲੰਗਰ ਦਹੀਂ ਤੇ ਖਿਚੜੀ ਪੁਚਾਇਆ ਕਰਦਾ ਸੀ । ਇਹ ਨੇਮ ਉਸ ਨੇ ਸਾਰੀ ਉਮਰ ਨਿਬਾਹਿਆ । ਉਸ ਦੇ ਮਗਰੋਂ ਇਹ ਸੇਵਾ ਉਸ ਦੀ ਧੀ ਜਿਵਾਈ ਨੇ ਸੰਭਾਲੀ । ਇਕ ਦਿਨ ਜਦ ਉਹ ਦਹੀਂ ਖਿਚੜੀ ਲੈ ਕੇ ਤੁਰਨ ਲੱਗੀ, ਤਾਂ ਜ਼ੋਰ ਦੀ ਹਨੇਰੀ ਵਗਣ ਲੱਗ ਪਈ । ਹਨੇਰੀ ਹਟਣ ਵਿੱਚ ਨਾ ਆਵੇ । ਜਿਵਾਈ ਨੇ ਕਰਤਾਰ ਅੱਗੇ ਅਰਦਾਸ ਕੀਤੀ ਕਿ ਹਨੇਰੀ ਹਟ ਜਾਵੇ, ਤਾਂ ਜੁ ਮੈਂ ਸਮੇਂ ਸਿਰ ਦਹੀਂ ਤੇ ਖਿਚੜੀ ਗੁਰੂ ਕੇ ਲੰਗਰ ਵਿੱਚ ਪੁਚਾ ਸਕਾਂ। ਕੁਦਰਤ ਰੱਬ ਦੀ ਹਨੇਰੀ ਹਟ ਗਈ, ਜਿਵਾਈ ਦਹੀਂ ਖਿਚੜੀ ਲੈ ਕੇ ਖਡੂਰ ਜਾ ਪੁੱਜੀ ।

ਉਸ ਦਿਨ ਗੁਰੂ ਜੀ ਨੇ ਦਹੀਂ ਖਿਚੜੀ ਛਕਣੋਂ ਨਾਂਹ ਕਰ ਦਿੱਤੀ ਜਾਂ ਜਿਵਾਈ ਨੇ ਕਾਰਨ ਪੁੱਛਿਆ, ਤਾਂ ਗੁਰੂ ਜੀ ਬੋਲੇ *'ਪੁੱਤਰੀ ! ਤੂੰ ਰੱਬ ਦੀ ਰਜ਼ਾ ਵਿੱਚ ਦਖ਼ਲ ਦਿੱਤਾ ਹੈ, ਇਹ ਤੂੰ ਮਾੜੀ ਗੱਲ ਕੀਤੀ । ਸਾਨੂੰ ਸਦਾ ਪਿਤਾ ਪਰਮਾਤਮਾ ਦੀ ਆਗਿਆ ਵਿੱਚ ਰਹਿਣਾ ਚਾਹੀਦਾ ਹੈ ਅਤੇ ਜੋ ਉਹ ਕਰੇ, ਉਸ ਨੂੰ ਉਸ ਦਾ*

*ਖੁਸ਼ਾ ਜਾਂ ਭਾਣਾ ਜਾਣ ਕੇ ਭਲਾ ਮੰਨਣਾ ਚਾਹੀਦਾ ਹੈ। ਇਸ ਹਨੇਰੀ ਨੇ ਵੀ ਕਈਆਂ ਜੀਆਂ ਦਾ ਭਲਾ ਕਰਨਾ ਸੀ! ਗੁਰਸਿੱਖ ਨੂੰ ਰੱਬ ਦਾ ਭਾਣਾ ਖੁਸ਼ੀ-ਖੁਸ਼ੀ ਮੰਨਣਾ ਚਾਹੀਦਾ ਹੈ।'*

ਜਿਵਾਈ ਤੇ ਹੋਰ ਸਿੱਖਾਂ ਨੇ ਗੁਰਸਿੱਖੀ ਦਾ ਇਹ ਅਸੂਲ ਚੰਗੀ ਤਰ੍ਹਾਂ ਸਮਝ ਲਿਆ, ਪੱਲੇ ਬੰਨ੍ਹ ਲਿਆ ਅਤੇ ਹਮੇਸ਼ਾਂ ਹੀ ਇਸ ਦੀ ਪਾਲਨਾ ਕਰਨ ਦਾ ਪ੍ਰਣ ਲਿਆ।

ਸਰੀਰਕ ਕਸਰਤ– ਗੁਰੂ ਜੀ ਸਿੱਖਾਂ ਦੇ ਨਾ ਕੇਵਲ ਮਨਾਂ ਤੇ ਆਤਮਾ ਨੂੰ ਹੀ, ਸਗੋਂ ਸਰੀਰਾਂ ਨੂੰ ਵੀ ਨਰੋਏ ਤੇ ਬਲਵਾਨ ਬਣਾਉਣਾ ਚਾਹੁੰਦੇ ਸਨ। 'ਨਰੋਏ ਬਲਵਾਨ ਸਰੀਰ ਵਿੱਚ ਨਰੋਆ ਬਲਵਾਨ ਮਨ (ਦਿਮਾਗ) ਹੋਵੇ ਅਤੇ ਦੋਹਾਂ ਨੂੰ ਠੀਕ ਸਮੇਂ ਸਿਰ ਵਰਤ ਚਲਾਉਣ ਵਾਲੀ ਨਰੋਈ ਤੇ ਬਲਵਾਨ ਆਤਮਾ ਹੋਵੇ, ਇਹ ਸੀ ਆਪ ਦਾ ਸਿਧਾਂਤ। ਇਸ ਕਰ ਕੇ ਆਪ ਦੇ ਲੰਗਰ ਵਿੱਚ ਘਿਆਲੀ ਖੀਰ ਬਣਦੀ ਤੇ ਵਰਤਾਈ ਜਾਂਦੀ ਸੀ। ਇਸ ਆਸ਼ੇ ਨੂੰ ਮੁੱਖ ਰੱਖ ਕੇ ਉਹ ਲਹੁਢੇ ਪਹਿਰ ਗੱਭਰੂਆਂ ਦੀ ਕਸਰਤ ਕਰਵਾਇਆ ਕਰਦੇ ਸਨ। ਆਪ ਉਨ੍ਹਾਂ ਦੇ ਘੋਲ ਵੀ ਕਰਵਾਇਆ ਤੇ ਵੇਖਿਆ ਕਰਦੇ ਸਨ। ਉਸ ਭਲਵਾਨੀ ਅਖਾੜੇ ਦੀ ਥਾਂ ਮਗਰੋਂ ਗੁਰਦੁਆਰਾ 'ਮੱਲ ਅਖਾੜਾ' ਬਣਿਆ।

ਸੱਚ-ਖੰਡ ਵਾਪਸੀ– ਆਪਣੀ ਸੱਚ-ਖੰਡ ਵਾਪਸੀ ਦਾ ਸਮਾਂ ਆਇਆ ਵੇਖ ਕੇ ਗੁਰੂ ਅੰਗਦ ਦੇਵ ਜੀ ਨੇ ਚੇਤ ਸੁਦੀ ੪ (੩ ਵੈਸਾਖ, ਸੰ: ੧੬੦੯ ਮੁਤਾਬਕ ੨੯ ਮਾਰਚ ਸੰਨ ੧੫੫੨ ਨੂੰ ਸ੍ਰੀ ਅਮਰਦਾਸ ਜੀ ਅੱਗੇ ਪੰਜ ਪੈਸੇ ਤੇ ਨਰੇਲ ਰੱਖ ਕੇ ਮੱਥਾ ਟੇਕਿਆ ਅਤੇ ਬਾਬਾ ਬੁੱਢਾ ਜੀ ਪਾਸੋਂ ਉਨ੍ਹਾਂ ਨੂੰ ਗੁਰਿਆਈ ਦਾ ਤਿਲਕ ਲੁਵਾਇਆ, ਇਸ ਮਗਰੋਂ ਉਸੇ ਦਿਨ ਆਪ ਜੋਤੀ-ਜੋਤਿ ਸਮਾ ਗਏ।

* * *

## ਸੈਂਚੀ ਤੀਜੀ

# ਸ੍ਰੀ ਗੁਰੂ ਅਮਰਦਾਸ ਜੀ

(ਸੰਮਤ ੧੫੩੬-੧੬੩੧ ਸੰਨ ੧੪੭੯-੧੫੭੪)

# ਜਗਤ-ਫੇਰੀ ਦਾ ਸੰਖੇਪ

ਜਨਮ– ਵੈਸਾਖ ਸੁਦੀ ੧੪, (੮ ਜੇਠ) ਸੰਮਤ ੧੫੩੬ ਮੁਤਾਬਕ ੫ ਮਈ ਸੰਨ ੧੪੭੯ ।

ਜਨਮ ਅਸਥਾਨ–ਬਾਸਰਕੇ, ਤਹਿਸੀਲ ਤੇ ਜ਼ਿਲ੍ਹਾ ਅੰਮ੍ਰਿਤਸਰ ।

ਮਾਤਾ-ਪਿਤਾ– ਪਿਤਾ: ਸ੍ਰੀ ਤੇਜ ਭਾਨ ਜੀ, ਮਾਤਾ: ਸ੍ਰੀ ਸੁਲੱਖਣੀ (ਲਖਮੀ) ਜੀ ।

ਵਿਆਹ– ੧੧ ਮਾਘ ਸੰਮਤ ੧੫੫੯ ਨੂੰ ਸਣਖਤਰੇ ਪਿੰਡ ਸ੍ਰੀ ਦੇਵੀ ਚੰਦ ਬਹਿਲ ਖੱਤਰੀ ਦੀ ਸਪੁੱਤਰੀ ਸ੍ਰੀ ਰਾਮ ਕੌਰ ਜੀ ਨਾਲ ਹੋਇਆ।

ਸੰਤਾਨ– ਦੋ ਸਾਹਿਬਜ਼ਾਦੇ– ਬਾਬਾ ਮੋਹਨ ਜੀ ਤੇ ਬਾਬਾ ਮੋਹਰੀ ਜੀ, ਦੋ ਸਪੁੱਤਰੀਆਂ– ਬੀਬੀ ਦਾਨੀ ਜੀ ਤੇ ਬੀਬੀ ਭਾਨੀ ਜੀ।

ਗੁਰੂ-ਮਿਲਾਪ– ਸੰਮਤ ੧੫੯੭ ਵਿੱਚ, ਖਡੂਰ ਸਾਹਿਬ ਸ੍ਰੀ ਗੁਰੂ ਅੰਗਦ ਦੇਵ ਜੀ ਨਾਲ ।

ਗੋਂਦਵਾਲ ਵਸਾਇਆ– ਸੰਮਤ ੧੬੦੬ ਦੇ ਕਰੀਬ ।

ਗੁਰਿਆਈ– ਖਡੂਰ ਸਾਹਿਬ (ਤਹਿਸੀਲ ਤਰਨ ਤਾਰਨ, ਜ਼ਿਲ੍ਹਾ ਅੰਮ੍ਰਿਤਸਰ) ਚੇਤ ਸੁਦੀ ੪ (੩ ਵੈਸਾਖ) ਸੰਮਤ ੧੬੦੯, ਮੁਤਾਬਕ ੨੯ ਮਾਰਚ ਸੰਨ ੧੫੫੨ ।

ਬਾਉਲੀ ਸਾਹਿਬ ਤਿਆਰ ਕਰਵਾਈ– ੧੬੧੬ ਤੋਂ ੧੬੨੧ ਤੀਕ ।

ਜੋਤੀ ਜੋਤਿ ਸਮਾਏ– ਗੋਂਦਵਾਲ (ਗੋਇੰਦਵਾਲ), ਤਹਿਸੀਲ ਤਰਨ ਤਾਰਨ, ਜ਼ਿਲ੍ਹਾ ਅੰਮ੍ਰਿਤਸਰ ਵਿੱਚ, ਭਾਦੋਂ ਸੁਦੀ ੧੪ (੧ ਅੱਸੂ) ਸੰਮਤ ੧੬੩੧, ਮੁਤਾਬਕ ੧ ਸਤੰਬਰ ਸੰਨ ੧੫੭੪ ।



## ਕਾਂਡ ੧

## ਗੁਰੂ-ਮਿਲਾਪ ਤੋਂ ਪਹਿਲਾਂ

ਜਨਮ ਦਿਨ-ਸ੍ਰੀ ਗੁਰੂ ਅਮਰਦਾਸ ਜੀ ਨੇ ਵੈਸਾਖ ਸੁਦੀ ੧੪ ਸੰਮਤ ੧੫੩੬ ਨੂੰ ਅਰਥਾਤ ਸੰਮਤ ੧੫੩੬ ਦੇ ਵੈਸਾਖ ਦੀ ਪੁੰਨਿਆਂ (ਪੂਰਨਮਾਸ਼ੀ) ਤੋਂ ਇਕ ਦਿਨ ਪਹਿਲਾਂ, ਅਵਤਾਰ ਧਾਰਿਆ। ਉਸ ਦਿਨ ਜੇਠ ਮਹੀਨੇ ਦੀ ੮ ਤਰੀਕ ਸੀ । ਅੰਗਰੇਜ਼ੀ ਸਾਲ ਮੂਜਬ ਉਸ ਦਿਨ ਸੰਨ ੧੪੭੯ ਦੇ ਮਈ ਮਹੀਨੇ ਦੀ ਪੰਜ ਤਰੀਕ ਸੀ ।

ਇਸ ਕਰ ਕੇ ਸ੍ਰੀ ਗੁਰੂ ਅਮਰਦਾਸ ਜੀ ਉਮਰ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਨਾਲੋਂ ਦਸ ਸਾਲ ਅਤੇ ਪੰਦਰਾਂ ਕੁ ਦਿਨ ਛੋਟੇ ਸਨ ਅਤੇ ਸ੍ਰੀ ਗੁਰੂ ਅੰਗਦ ਦੇਵ ਜੀ ਨਾਲੋਂ ੨੫ ਕੁ ਵਰ੍ਹੇ ਵੱਡੇ ਸਨ।

ਜਨਮ ਨਗਰੀ– ਸ੍ਰੀ ਗੁਰੂ ਅਮਰਦਾਸ ਜੀ ਦਾ ਜਨਮ ਬਾਸਰਕੇ ਪਿੰਡ (ਤਹਿਸੀਲ ਤੇ ਜ਼ਿਲ੍ਹਾ ਅੰਮ੍ਰਿਤਸਰ) ਵਿੱਚ ਹੋਇਆ। ਇਹ ਨਗਰੀ ਸ੍ਰੀ ਅੰਮ੍ਰਿਤਸਰ ਤੋਂ ਚਾਰ ਕੁ ਮੀਲ ਪੱਛਮ ਵੱਲ ਅਤੇ ਛੇਹਰਟਾ ਸਾਹਿਬ ਰੇਲਵੇ ਸਟੇਸ਼ਨ ਤੋਂ ਤਿੰਨ ਕੁ ਮੀਲ ਦੱਖਣ-ਪੱਛਮ ਵੱਲ ਹੈ ।

ਮਾਤਾ-ਪਿਤਾ– ਆਪ ਦੇ ਪਿਤਾ ਦਾ ਨਾਂ ਸ੍ਰੀ ਤੇਜ ਭਾਨ ਸੀ। ਉਹ ਭੱਲਾ ਖੱਤਰੀ ਬਰਾਦਰੀ ਵਿੱਚੋਂ ਸਨ । ਆਪ ਦੀ ਮਾਤਾ ਦਾ ਨਾਂ ਮਾਤਾ ਸੁਲੱਖਣੀ (ਲਖਮੀ) ਜੀ ਸੀ । ਇਹ ਦੋਵੇਂ ਵੈਸ਼ਨੋ ਧਰਮ ਦੇ ਅਨੁਸਾਰੀ ਅਤੇ ਬੜੇ ਧਾਰਮਕ ਤੇ ਉਚੇ ਸੁੱਚੇ ਜੀਵਨ ਵਾਲੇ ਸਨ । ਉਨ੍ਹਾਂ ਦੇ ਅਸਰ ਹੇਠ ਸ੍ਰੀ ਅਮਰਦਾਸ ਵਿੱਚ ਵੀ ਮੁੱਢ ਤੋਂ ਧਾਰਮਕ ਰੁਚੀ ਪੈਦਾ ਹੋਈ ਤੇ ਵਧੀ । ਸ੍ਰੀ ਤੇਜ ਭਾਨ ਜੀ ਵਾਹੀ ਅਤੇ ਦੁਕਾਨਦਾਰੀ ਕਰਦੇ ਸਨ । ਸੁਭਾਅ ਦੇ ਨਿੱਘੇ ਅਤੇ ਮਿੱਠੇ ਸਨ, ਵਰਤੋਂ-ਵਿਹਾਰ ਵਿੱਚ ਸੱਚੇ ਖਰੇ ਸਨ । ਇਸ ਕਰ ਕੇ ਬਰਾਦਰੀ ਤੇ

ਆਂਢ-ਗੁਆਂਢ ਵਿੱਚ ਉਨ੍ਹਾਂ ਨੂੰ ਚੋਖਾ ਮਾਣ ਪ੍ਰਾਪਤ ਸੀ। ਜਦ ਸ੍ਰੀ ਅਮਰਦਾਸ ਜੀ ਜਵਾਨ ਹੋਏ, ਤਾਂ ਆਪ ਨੇ ਪਿਤਾ ਦਾ ਕੰਮ ਸੰਭਾਲ ਲਿਆ। ਉਹ ਜ਼ਿਮੀਂਦਾਰੇ ਕੰਮ ਦੀ ਵੀ ਸੰਭਾਲ ਕਰਦੇ ਸਨ। ਸ੍ਰੀ ਤੇਜ ਭਾਨ ਜੀ ਆਪਣਾ ਸਾਰਾ ਸਮਾਂ ਧਰਮ ਤੇ ਪੂਜਾ ਪਾਠ ਵਿੱਚ ਖਰਚ ਕਰਨ ਤੇ ਸਿੱਧ ਅਵੱਸਥਾ ਵਿੱਚ ਰਹਿਣ ਲੱਗ ਪਏ।

ਵਿਆਹ ਤੇ ਸੰਤਾਨ– ਸ੍ਰੀ ਅਮਰਦਾਸ ਜੀ ਦਾ ਵਿਆਹ ੧੧ ਮਾਘ ਸੰਮਤ ੧੫੫੯ ਨੂੰ ਸ੍ਰੀ ਦੇਵੀ ਚੰਦ ਬਹਿਲ ਖੱਤਰੀ ਦੀ ਸਪੁੱਤਰੀ ਸ੍ਰੀ ਰਾਮ ਕੌਰ ਜੀ ਨਾਲ ਹੋਇਆ। ਵਿਆਹ ਵੇਲੇ ਆਪ ਜੀ ਦੀ ਉਮਰ ਪੌਣੇ ਕੁ ਚਵ੍ਹੀ ਵਰ੍ਹੇ ਦੀ ਸੀ। ਉਨ੍ਹਾਂ ਦੀ ਕੁੱਖੋਂ ਦੋ ਪੁੱਤਰ ਬਾਬਾ ਮੋਹਨ ਜੀ ਤੇ ਬਾਬਾ ਮੋਹਰੀ ਜੀ ਅਤੇ ਦੋ ਧੀਆਂ ਬੀਬੀ ਦਾਨੀ ਜੀ ਤੇ ਬੀਬੀ ਭਾਨੀ ਜੀ ਪੈਦਾ ਹੋਈਆਂ।

ਗੁਰ-ਮਿਲਾਪ ਦੀ ਤਾਂਘ– ਆਪਣੇ ਪਿਤਾ ਵਾਂਙ ਸ੍ਰੀ ਅਮਰਦਾਸ ਜੀ ਵੈਸ਼ਨੋ ਮੱਤ ਦੇ ਅਨੁਸਾਰੀ ਸਨ। ਆਪ ਧਰਮ ਦੀ ਕਿਰਤ, ਦਾਨ-ਪੁੰਨ, ਪੂਜਾ-ਪਾਠ, ਜਪ-ਤਪ ਅਤੇ ਸੰਤ-ਸੇਵਾ ਕਰਨ ਵਾਲੇ ਸਨ। ਕਠਨ ਤਾਪ ਸਾਧ-ਸਾਧ ਕੇ ਆਪ ਮਨ ਨੂੰ ਵੱਸ ਵਿੱਚ ਕਰਨ ਦੇ ਜਤਨ ਕਰਦੇ ਹੁੰਦੇ ਸਨ। ਉਹ ਸਾਲ ਦੇ ਸਾਲ ਗੰਗਾ ਦੀ ਯਾਤਰਾ ਕਰਨ ਲਈ ਜਾਇਆ ਕਰਦੇ ਸਨ।

ਸੰਮਤ ੧੫੯੭ ਦੇ ਚੜ੍ਹਦੇ ਅੱਸੂ ਦੇ ਲਗਭਗ ਵੀਹਵੀਂ ਯਾਤਰਾ ਤੋਂ ਵਾਪਸ ਆਉਂਦਿਆਂ ਨੂੰ ਇਕ ਬ੍ਰਹਮਚਾਰੀ ਸਾਧ ਆਪ ਨੂੰ ਮਿਲਿਆ। ਦੋਹਾਂ ਦਾ ਪਰਸਪਰ ਪ੍ਰੇਮ ਪੈ ਗਿਆ ਤੇ ਦੋਵੇਂ ਇਕੱਠੇ ਸਫਰ ਕਰਦੇ ਆਏ। ਮਹੀਨੇ ਕੁ ਮਗਰੋਂ ਦੋਵੇਂ ਬਾਸਰਕੇ ਪੁੱਜ ਗਏ। ਬ੍ਰਹਮਚਾਰੀ ਕੁਝ ਦਿਨ ਆਪ ਦੇ ਪਾਸ ਠਹਿਰ ਗਿਆ। ਪਹਿਲਾਂ ਤਾਂ ਉਹ ਆਪਣੀ ਪੱਕੀ ਖਾਂਦਾ ਸੀ, ਮਗਰੋਂ ਸ੍ਰੀ ਅਮਰਦਾਸ ਜੀ ਦੀ ਪੱਕੀ ਵੀ ਖਾਣ ਲੱਗ ਪਿਆ। ਇਕ ਦਿਨ ਉਸ ਨੇ ਪੁੱਛਿਆ ਕਿ ਤੁਹਾਡਾ ਗੁਰੂ ਕੌਣ ਹੈ? ਅੱਗੋਂ ਸ੍ਰੀ ਅਮਰਦਾਸ ਜੀ ਨੇ ਉਤਰ ਦਿੱਤਾ ਕਿ ਅਜੇ ਤੀਕ ਅਸਾਂ ਕੋਈ ਗੁਰੂ ਧਾਰਨ ਨਹੀਂ ਕੀਤਾ। ਇਹ ਸੁਣਦਿਆਂ ਹੀ ਬ੍ਰਹਮਚਾਰੀ ਗੁੱਸੇ ਵਿੱਚ ਆ ਗਿਆ ਤੇ ਕਹਿਣ ਲੱਗਾ, 'ਅਰੇ ਰੇ! ਇਹ ਕੀ ਹੋਇਆ ਨਿਗੁਰੇ ਦਾ ਤਾਂ



ਦਰਸ਼ਨ ਹੀ ਬੁਰਾ ਹੁੰਦਾ ਹੈ। ਮੈਂ ਤਾਂ ਮਹੀਨਿਓਂ ਵਧ ਨਿਗੁਰੇ ਦਾ ਸੰਗ ਕੀਤਾ, ਨਿਗੁਰੇ ਦਾ ਧਾਨ ਵਰਤਦਾ ਤੇ ਨਿਗੁਰੇ ਦੇ ਹੱਥ ਦਾ ਰਿੱਧਾ ਪੱਕਾ ਖਾਂਦਾ ਪੀਂਦਾ ਰਿਹਾ ਹਾਂ। ਮੰਦੇ ਭਾਗ! ਮੇਰੇ, ਤਾਂ ਸੱਭੇ ਵਰਤ, ਨੇਮ, ਇਸ਼ਨਾਨ, ਤਪ, ਧਰਮ-ਕਰਮ ਨਾਸ ਹੋ ਗਏ! ਮੇਰਾ ਤਾਂ ਜਨਮ ਹੀ ਗਿਆ! ਚਲ ਮਨ! ਕਰ ਪਸ਼ਚਾਤਾਪ ਤੇ ਧੋ ਇਸ ਪਾਪ ਨੂੰ!'

ਬ੍ਰਹਮਚਾਰੀ ਤਾਂ ਅਜਿਹੇ ਵਾਕ ਬੋਲਦਾ-ਬੋਲਦਾ ਤੁਰਦਾ ਹੋਇਆ, ਪਰ ਉਹ ਸ੍ਰੀ ਅਮਰਦਾਸ ਜੀ ਨੂੰ ਇਕ ਨਾ-ਮਿਟਣ ਵਾਲੀ ਉਦਾਸੀ ਵਿੱਚ ਪਾ ਗਿਆ। ਉਨ੍ਹਾਂ ਦੇ ਮਨ ਵਿੱਚ ਗੁਰੂ ਧਾਰਨ ਦੀ ਤਾਂਘ ਠਾਠਾਂ ਮਾਰ ਉਠੀ। ਪਰ ਗੁਰੂ ਲੱਭੇ ਕੀਕੁਰ ਤੇ ਕਿਥੋਂ? ਆਪ ਕਈ ਸੰਤਾਂ-ਸਾਧਾਂ ਨੂੰ ਵੀ ਮਿਲੇ ਪਰ ਕਿਸੇ ਤੋਂ ਵੀ ਸ਼ਾਂਤੀ ਪ੍ਰਾਪਤ ਨਾ ਹੋਈ, ਤਾਂਘ ਪੂਰੀ ਨਾ ਹੋਈ। ਨਾ ਦਿਨੇ ਚੈਨ ਆਵੇ ਅਤੇ ਨਾ ਰਾਤੀਂ ਨੀਂਦ।

ਕੁਝ ਸਮਾਂ ਇਸੇ ਉਦਾਸੀ ਤੇ ਬੇਚੈਨੀ ਵਿੱਚ ਲੰਘ ਗਿਆ। ਇਕ ਦਿਨ ਅੰਮ੍ਰਿਤ ਵੇਲੇ ਸ੍ਰੀ ਅਮਰਦਾਸ ਜੀ ਨੂੰ ਨਾਲ ਦੇ (ਆਪਣੇ ਛੋਟੇ ਭਰਾ ਦੇ) ਘਰੋਂ ਮਿੱਠੀ-ਮਿੱਠੀ ਆਵਾਜ਼ ਸੁਣਾਈ ਦਿੱਤੀ। ਕੰਨ ਲਾ ਕੇ ਸੁਣਿਆ। ਇਹ ਸੁਣਾਈ ਦਿੱਤਾ:

*ਕਰਣੀ[੧] ਕਾਗਦੁ ਮਨੁ ਮਸਵਾਣੀ[੨] ਬੁਰਾ ਭਲਾ ਦੁਇ ਲੇਖ ਪਏ ॥*
*ਜਿਉ ਜਿਉ ਕਿਰਤੁ[੩] ਚਲਾਏ ਤਿਉ ਚਲੀਐ ਤਉ[੪] ਗੁਣ ਨਾਹੀ ਅੰਤੁ ਹਰੇ[੫]॥੧॥*
*ਚਿਤ[੬] ਚੇਤਸਿ ਕੀ ਨਹੀ[੭] ਬਾਵਰਿਆ[੮] ॥*
*ਹਰਿ ਬਿਸਰਤ ਤੇਰੇ ਗੁਣ ਗਲਿਆ ॥੧॥ਰਹਾਉ॥*
*ਜਾਲੀ ਰੈਨਿ[੯] ਜਾਲੁ ਦਿਨੁ ਹੂਆ ਜੇਤੀ ਘੜੀ ਫਾਹੀ ਤੇਤੀ ॥*
*ਰਸਿ ਰਸਿ ਚੋਗ ਚੁਗਹਿ ਨਿਤ ਫਾਸਹਿ ਛੂਟਸਿ ਮੂੜੇ ਕਵਨ ਗੁਣੀ॥੨॥*
*ਕਾਇਆ[੧੦] ਆਰਣੁ[੧੧] ਮਨੁ ਵਿਚਿ ਲੋਹਾ ਪੰਚ ਅਗਨਿ[੧੨] ਤਿਤੁ ਲਾਗਿ ਰਹੀ॥*

੧ ਕਰਨੀ, ਕੀਤੇ ਕੰਮ। ੨ ਸਿਆਹੀ। ੩ ਕੀਤੇ ਕੰਮ, ਕਰਮ। ੪ ਤੇਰਾ। ੫ ਹੇ ਹਰੀ (ਪਰਮਾਤਮਾ)। ੬ ਹੇ ਮਨ। ੭ ਖਿਆਲ ਕਰਦਾ, ਸਮਝਦਾ, ਚੇਤੇ ਕਰਦਾ। ੮ ਮੂਰਖ। ੯ ਰਾਤ। ੧੦ ਸਰੀਰ, ਦੇਹ। ੧੧ ਲੋਹਾ ਆਦਿ ਧਾਤ ਤਪਾਉਣ ਦੀ ਭੱਠੀ। ੧੨ (ਕਾਮ, ਕਰੋਧ, ਲੋਭ, ਮੋਹ, ਹੰਕਾਰ ਆਦਿ) ਪੰਜਾਂ ਵਿਕਾਰਾਂ ਤੋਂ ਪੈਦਾ ਹੋਈ ਅੱਗ।

*ਕੋਇਲੇ ਪਾਪ ਪੜੇ ਤਿਸੁ ਊਪਰਿ ਮਨੁ ਜਲਿਆ ਸੰਨ੍ਹੀ ਚਿੰਤ ਭਈ॥੩॥*
*ਭਇਆ ਮਨੂਰੁ[੧੩] ਕੰਚਨੁ[੧੪] ਫਿਰਿ ਹੋਵੈ ਜੇ ਗੁਰੁ ਮਿਲੈ ਤਿਨੇਹਾ[੧੫] ॥*
*ਏਕੁ ਨਾਮੁ ਅੰਮ੍ਰਿਤੁ ਓਹੁ ਦੇਵੈ ਤਉ ਨਾਨਕ ਤ੍ਰਿਸਟਸਿ[੧੬] ਦੇਹਾ[੧੭] ॥੪॥[੧੮]*

ਇਹ ਸ਼ਬਦ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਸਪੁੱਤਰੀ, ਬੀਬੀ ਅਮਰੋ ਪੜ੍ਹ ਰਹੀ ਸੀ। ਇਹ ਬੀਬੀ ਸ੍ਰੀ ਅਮਰਦਾਸ ਜੀ ਦੇ ਛੋਟੇ ਭਰਾ ਦੀ ਨੂੰਹ ਸੀ। ਇਸ ਸ਼ਬਦ ਦਾ ਤੇ ਹੋਰ ਜੋ ਬਾਣੀ ਉਨ੍ਹਾਂ ਨੇ ਸੁਣੀ ਉਸ ਦਾ ਸ੍ਰੀ ਅਮਰਦਾਸ ਜੀ ਦੇ ਮਨ ਉਪਰ ਡੂੰਘਾ ਅਸਰ ਹੋਇਆ, ਦਿਲ ਵਿੱਚ ਤਾਂਘ ਉਠੀ ਕਿ ਜਿਸ ਮਹਾਂਪੁਰਸ਼ ਦੀ ਇਹ ਬਾਣੀ ਹੈ ਉਸ ਦੇ ਦਰਸ਼ਨ ਕਰੀਏ। ਨਾਲ ਹੀ ਮਨ ਵਿੱਚ ਆਸ ਪੈਦਾ ਹੋਈ ਕਿ ਉਸ ਦੇ ਦਰੋਂ-ਘਰੋਂ ਮਨ ਨੂੰ ਸ਼ਾਂਤੀ ਮਿਲੇਗੀ। ਦਿਨ ਚੜ੍ਹੇ ਉਹ ਉਸ ਬੀਬੀ ਪਾਸ ਗਏ ਅਤੇ ਕਹਿਣ ਲੱਗੇ- 'ਪੁੱਤਰੀ ! ਜਿਸ ਬਾਣੀ ਦਾ ਪਾਠ ਕਰਦੇ ਸਉ, ਉਹ ਕਿਸ ਦੀ ਹੈ ? ਉਹ ਕਿਥੇ ਹੈ ?'

ਬੀਬੀ ਅਮਰੋ ਨੇ ਉੱਤਰ ਦਿੱਤਾ– 'ਪਿਤਾ ਜੀ ! ਇਹ ਬਾਣੀ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਹੈ। ਉਹ ਆਪ ਤਾਂ ਕਰਤਾਰ ਦੀ ਗੋਦੀ ਵਿੱਚ ਹਨ, ਖਡੂਰ ਵਿੱਚ।'

ਇਹ ਸੁਣ ਕੇ ਉਨ੍ਹਾਂ ਨੇ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਦਰਸ਼ਨ ਕਰਨ ਅਤੇ ਉਨ੍ਹਾਂ ਨੂੰ ਗੁਰੂ ਧਾਰਨ ਦਾ ਫੈਸਲਾ ਕਰ ਲਿਆ। ਉਹ ਬੀਬੀ ਅਮਰੋ ਨੂੰ ਨਾਲ ਲੈ ਕੇ ਖਡੂਰ ਸਾਹਿਬ ਪੁੱਜ ਗਏ। ਇਹ ਗੱਲ ਸੰਮਤ ੧੫੯੭ ਦੇ ਕੱਤੇ-ਮੱਘਰ ਗਿਰਦੇ ਦੀ ਹੈ। ਆਪ ਦੀ ਉਮਰ ਉਸ ਵੇਲੇ ਸਾਢੇ ੬੧ ਕੁ ਸਾਲ ਦੀ ਅਤੇ ਗੁਰੂ ਅੰਗਦ ਦੇਵ ਜੀ ਦੀ ਸਾਢੇ ੩੬ ਕੁ ਵਰ੍ਹੇ ਦੀ ਸੀ।

❀ ❀ ❀

---

*੧੩ ਲੋਹੇ ਦੀ ਮੈਲ, ਲੋਹਾ ਢਾਲਣ ਤੇ ਜੋ ਖਿੰਘਰ ਦੀ ਸ਼ਕਲ ਦਾ ਢੇਲਾ ਸ਼ੁੱਧ ਲੋਹੇ ਤੋਂ ਵੱਖ ਹੋ ਜਾਂਦਾ ਹੈ। ੧੪ ਸੋਨਾ। ੧੫ ਤੇਰੇ ਜਿਹਾ। ੧੬ ਕਾਇਮ ਰਹਿੰਦਾ ਹੈ। ੧੭ ਸਰੀਰ। ੧੮ ਮਾਰੂ ਮਹਲਾ ੧, ਪੰਨਾ ੯੯੦।*



## ਕਾਂਡ ੨

# ਗੁਰ-ਮਿਲਾਪ, ਗੁਰੂ-ਦੁਆਰੇ ਘਾਲ, ਗੁਰ-ਗੱਦੀ

ਗੁਰ-ਮਿਲਾਪ– ਖਡੂਰ ਸਾਹਿਬ ਪੁੱਜ ਕੇ ਜਦ ਸ੍ਰੀ ਅਮਰਦਾਸ ਜੀ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਹਜ਼ੂਰੀ ਵਿੱਚ ਗਏ, ਤਾਂ ਝਟ ਉਨ੍ਹਾਂ ਦੇ ਚਰਨੀਂ ਢਹਿ ਪਏ। ਮਨ ਨੂੰ ਸ਼ਾਂਤੀ ਜਿਹੀ ਪ੍ਰਤੀਤ ਹੋਈ। ਗੁਰੂ ਜੀ ਨੇ ਸਿਰ ਉਤੇ ਹੱਥ ਧਰਿਆ, ਫੇਰ ਮੱਥੇ ਹੇਠ ਹੱਥ ਦੇ ਕੇ ਸਿਰ ਚੁੱਕਿਆ ਅਤੇ ਪਾਸ ਬੈਠਣ ਲਈ ਆਗਿਆ ਕੀਤੀ ਪਰ ਉਹ ਭੂੜੀ ਉਪਰ ਬਹਿ ਗਏ ਅਤੇ ਕਹਿਣ ਲੱਗੇ, 'ਮੈਂ ਕੁੜਮ ਬਣ ਕੇ ਨਹੀਂ ਆਇਆ। ਮੈਂ ਤਾਂ ਭਿਖਾਰੀ ਬਣ ਕੇ ਸ਼ਰਨਾਗਤ ਹਾਂ, ਬੇਆਸਰਾ ਤੇ ਬੇਟਿਕਾਣਾ ਹਾਂ। ਮੈਂ ਇਨ੍ਹਾਂ ਚਰਨਾਂ ਦਾ ਆਸਰਾ ਤੱਕ ਕੇ ਆਇਆ ਹਾਂ। ਦਿਓ ਟਿਕਾਣਾ ਤੇ ਓਟ, ਇਸ ਬੇਓਟ ਨੂੰ, ਦਿਓ ਥਾਂ ਇਸ ਨਿਥਾਵੇਂ ਨੂੰ।'

ਇਹ ਗੱਲ ਕਹਿ ਰਹੇ ਸਨ ਕਿ ਸੇਵਕ ਨੇ ਆ ਕੇ ਖ਼ਬਰ ਕੀਤੀ ਕਿ ਲੰਗਰ ਤਿਆਰ ਹੈ। ਕੁੜਮ ਨੂੰ ਨਾਲ ਲੈ ਕੇ ਗੁਰੂ ਜੀ ਲੰਗਰ ਵਿੱਚ ਪਰਸ਼ਾਦ-ਅਸਥਾਨ 'ਤੇ ਗਏ। ਪੰਗਤ ਲੱਗ ਗਈ। ਸ੍ਰੀ ਗੁਰੂ ਅਮਰਦਾਸ ਜੀ ਕੁਝ ਵਿੱਥ 'ਤੇ ਬਹਿ ਗਏ। ਜਾਂ ਵਰਤਾਵੇ ਮਹਾਂ ਪਰਸ਼ਾਦ (ਮਾਸ) ਲਿਆਏ, ਤਾਂ ਸ੍ਰੀ ਅਮਰਦਾਸ ਜੀ ਸੋਚਣ ਲੱਗੇ, ਮੈਂ ਵੈਸ਼ਨੋਂ ਹਾਂ ਮਾਸ ਕਦੇ ਨਹੀਂ ਖਾਧਾ। ਜੇ ਖਾਵਾਂ ਤਾਂ ਧਰਮ ਗਿਆ, ਜੇ ਨਾ ਖਾਵਾਂ ਤਾਂ ਗੁਰੂ ਕਿਵੇਂ ਧਾਰਾਂ ? ਹੱਛਾ, ਗੁਰੂ ਜੀ ਅੰਤਰਜਾਮੀ ਹਨ, ਇਹ ਆਪ ਹੀ ਵਰਜ ਦੇਣਗੇ, ਨਾਲੇ ਪਤਾ ਲੱਗ ਜਾਊ ਕਿ ਇਹ ਪੂਰੇ ਗੁਰੂ ਤੇ ਅੰਤਰਜਾਮੀ ਹਨ।

ਏਧਰ ਇਹ ਫੁਰਨੇ ਫੁਰ ਰਹੇ ਸਨ, ਓਧਰ ਗੁਰੂ ਜੀ ਨੇ ਵਰਤਾਵੇ ਨੂੰ ਹੁਕਮ ਦਿੱਤਾ ਕਿ ਪੰਗਤ ਵਿੱਚ ਜੋ ਔਹ ਨਵੇਂ ਸੱਜਣ ਬੈਠੇ ਹਨ ਉਨ੍ਹਾਂ ਨੂੰ ਮਹਾਂਪ੍ਰਸ਼ਾਦ ਨਾ ਪਰੋਸਣਾ। ਸੁਣਦੇ ਸਾਰ ਸ੍ਰੀ

ਅਮਰਦਾਸ ਜੀ ਦੇ ਅੰਦਰ ਸ਼ਰਧਾ ਤੇ ਵਿਸ਼ਵਾਸ ਠਾਠਾਂ ਮਾਰ ਉਠਿਆ । ਅਗਲੇ ਦਿਨ ਜਦ ਫੇਰ ਲੰਗਰ ਵਿੱਚ ਗਏ, ਤਾਂ ਸ੍ਰੀ ਅਮਰਦਾਸ ਜੀ ਦੇ ਮਨ ਵਿੱਚ ਖਿਆਲ ਆਇਆ, 'ਜਦ ਇਨ੍ਹਾਂ ਨੂੰ ਗੁਰੂ ਧਾਰ ਲਿਆ ਤਾਂ ਇਨ੍ਹਾਂ ਦੇ ਤੇ ਮੇਰੇ ਵਿਚਾਰਾਂ ਖਿਆਲਾਂ ਵਿੱਚ ਵਿੱਥ ਕਿਵੇਂ ਰਹਿ ਸਕਦੀ ਹੈ ? ਅੱਜ ਜੇ ਗੁਰੂ ਜੀ ਆਪਣੇ ਪ੍ਰਸ਼ਾਦ ਵਿੱਚੋਂ ਕੁਝ ਮੈਨੂੰ ਦੇ ਦੇਣ ਤਾਂ ਮੈਂ ਨਿਰਸੰਸੇ ਸੀਤ ਪ੍ਰਸ਼ਾਦ ਸਮਝ ਕੇ ਖਾ ਲਵਾਂ । ਇਸ ਤਰ੍ਹਾਂ ਵਿੱਥ ਮਿਟ ਜਾਊ ।

ਪ੍ਰਸ਼ਾਦ ਵਰਤ ਚੁਕਿਆ । ਸਾਰੇ ਛਕ ਰਹੇ ਸਨ । ਗੁਰੂ ਜੀ ਨੇ ਆਪਣੇ ਅੱਗੋਂ ਮਹਾਂ ਪ੍ਰਸ਼ਾਦ ਦਾ ਕੌਲ ਚੁੱਕ ਕੇ ਵਰਤਾਵੇ ਨੂੰ ਦਿੱਤਾ ਕਿ ਉਸ ਨਵੇਂ ਸੱਜਣ ਅੱਗੇ ਰੱਖ ਦਿਉ । ਸ੍ਰੀ ਅਮਰਦਾਸ ਜੀ ਨੇ ਬੜੇ ਪ੍ਰੇਮ ਨਾਲ ਇਹ ਸੀਤ ਪ੍ਰਸ਼ਾਦ ਛਕਿਆ । ਮਾਸ ਬਾਰੇ ਉਨ੍ਹਾਂ ਦਾ ਸ਼ੰਕਾ ਨਵਿਰਤ ਹੋਇਆ । ਉਨ੍ਹਾਂ ਨੂੰ ਪੂਰਨ ਨਿਸ਼ਚਾ ਹੋ ਗਿਆ ਕਿ ਇਹ ਗੁਰੂ ਪੂਰਨ ਹਨ । ਗੁਰੂ ਧਾਰ ਲਿਆ ਤੇ ਸਿੱਖ ਬਣ ਗਏ ।

ਗੁਰੂ-ਦੁਆਰੇ ਘਾਲ– ਸਿੱਖੀ ਦੀ ਦਾਤ ਪ੍ਰਾਪਤ ਕਰ ਕੇ ਸ੍ਰੀ ਅਮਰਦਾਸ ਜੀ ਵਾਪਸ ਘਰ ਨਾ ਗਏ । ਖਡੂਰ ਸਾਹਿਬ ਟਿਕ ਕੇ ਗੁਰੂ ਜੀ ਦੀ ਤੇ ਗੁਰ-ਸੰਗਤ ਦੀ ਤਨ ਮਨ ਦੁਆਰਾ ਕਠਨ ਤੇ ਨਿਸ਼ਕਾਮ ਸੇਵਾ ਕਰਨ ਲੱਗ ਪਏ ।

ਗੁਰੂ ਅੰਗਦ ਦੇਵ ਜੀ ਨੇ ਸਿੱਖੀ ਦਾ ਪਹਿਲਾ ਵੱਡਾ ਨੇਮ ਅਤੇ ਸਿੱਖੀ ਰਹਿਤ ਦਾ ਪਹਿਲਾ ਵੱਡਾ ਅੰਗ ਹੁਕਮ ਮੰਨਣ ਦਾ ਕਮਾ ਕੇ ਵਿਖਾਇਆ ਸੀ । ਸ੍ਰੀ ਅਮਰਦਾਸ ਜੀ ਨੇ ਸਿੱਖੀ ਦੇ ਦੂਜੇ ਨੇਮ (ਸੇਵਾ) ਦੀ ਕਮਾਈ ਕਰ ਕੇ ਵਿਖਾਈ । ਆਪ ਅੰਮ੍ਰਿਤ ਵੇਲੇ ਉਠ ਕੇ, ਹਰ ਰੋਜ਼ ਢਾਈ ਤਿੰਨ ਕੋਹ ਦੂਰ ਬਿਆਸ ਦਰਿਆ ਤੋਂ ਪਾਣੀ ਦੀ ਗਾਗਰ ਭਰ ਕੇ ਲਿਆਉਂਦੇ ਤੇ ਗੁਰੂ ਜੀ ਨੂੰ ਇਸ਼ਨਾਨ ਕਰਾਉਂਦੇ ਸਨ । ਫੇਰ ਲੰਗਰ ਵਿੱਚ ਪਾਣੀ ਪੁਚਾਉਂਦੇ ਸਨ, ਖੂਹ ਤੇ ਖਲੋ ਕੇ ਪਾਣੀ ਭਰਦੇ ਅਤੇ ਗੁਰਸਿੱਖਾਂ ਨੂੰ ਇਸ਼ਨਾਨ ਕਰਾਉਂਦੇ ਸਨ, ਤਿਹਾਏ-ਪਿਆਸੇ ਨੂੰ ਪਾਣੀ ਪਿਆਉਂਦੇ ਸਨ, ਲੰਗਰ ਵਰਤਣ



ਵੇਲੇ ਪੰਗਤਾਂ ਨੂੰ ਸੱਜਰਾ ਜਲ ਜਾ ਛਕਾਉਂਦੇ ਸਨ । ਆਪ ਭੋਜਨ ਸਭ ਤੋਂ ਮਗਰੋਂ ਕਰਦੇ ਸਨ । ੬੧-੬੨ ਸਾਲ ਦੀ ਬਿਰਧ ਅਵਸਥਾ ਹੁੰਦਿਆਂ ਵੀ ਇਹ ਸਭ ਸੇਵਾ ਆਪ ਅਣਥੱਕ ਗਭਰੂਆਂ ਵਾਂਗ ਕਰਦੇ ਸਨ । ਦਿਲ ਹਰ ਵੇਲੇ ਕਰਤਾਰ ਵੱਲ ਲਾਈ ਰੱਖਦੇ ਸਨ, ਮੂੰਹ ਤੋਂ ਬਾਣੀ ਦਾ ਪਾਠ ਜਾਂ ਸਤਿਨਾਮੁ ਦਾ ਜਾਪ ਕਰਦੇ ਰਹਿੰਦੇ ਸਨ । ਸੇਵਾ ਕੇਵਲ ਸੇਵਾ ਦੀ ਖਾਤਰ ਤੇ ਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰਨ ਦੀ ਖ਼ਾਤਰ ਕਰਦੇ ਸਨ । ਆਪ ਨੂੰ ਹੋਰ ਕੋਈ ਖਾਹਿਸ਼ ਜਾਂ ਲਾਲਸਾ ਨਹੀਂ ਸੀ ।

ਇਕ ਦਿਨ ਸ੍ਰੀ ਅਮਰਦਾਸ ਜੀ ਆਪਣੇ ਨਿਤਨੇਮ ਮੂਜਬ ਬਿਆਸ ਤੋਂ ਜਲ ਦੀ ਗਾਗਰ ਲਿਆ ਰਹੇ ਸਨ । ਜ਼ੋਰ ਦਾ ਮੀਂਹ ਵਰ੍ਹਨ ਅਤੇ ਠੱਕਾ ਵਗਣ ਲੱਗ ਪਿਆ । ਹਨੇਰਾ ਸਮਾਂ, ਹਨੇਰੀ ਅਤੇ ਝੰਬ ਦੇ ਮੀਂਹ ਦਾ ਜ਼ੋਰ, ਬ੍ਰਿਧ ਸਰੀਰ, ਮੋਢੇ ਉਤੇ ਜਲ ਦੀ ਭਾਰੀ ਗਾਗਰ, ਢਾਈ ਤਿੰਨ ਕੋਹ ਦੀ ਵਾਟ ਅਤੇ ਰਾਹ ਵਿੱਚ ਚਿੱਕੜ ਤੇ ਤਿਲ੍ਹਕਣ ! ਇਕ ਪਾਸੇ ਸੀ ਪ੍ਰੇਮ ਸੇਵਾ ਦੀ ਤਾਂਘ ਅਤੇ ਸਿਦਕ, ਦੂਜੇ ਪਾਸੇ ਸੀ ਸਰੀਰਕ ਕਸ਼ਟ, ਕੁਦਰਤੀ ਸ਼ਕਤੀਆਂ ਦਾ ਟਾਕਰਾ ਅਤੇ ਕਰੜੀ ਪ੍ਰੀਖਿਆ ਪਰ ਸ੍ਰੀ ਅਮਰਦਾਸ ਜੀ 'ਵਾਹਿਗੁਰੂ-ਵਾਹਿਗੁਰੂ' ਕਰਦੇ ਗੁਰ-ਚਰਨਾਂ ਦਾ ਧਿਆਨ ਧਰਦੇ ਤੁਰੇ ਗਏ ।

ਪਿੰਡ ਤਾਈਂ ਪਹੁੰਚਣ ਤੀਕ ਸਾਰੇ ਪਾਣੀ ਹੀ ਪਾਣੀ ਹੋ ਗਿਆ । ਉਪਰੋਂ ਹਨੇਰਾ ਹੀ ਸੀ । ਦਿਸਦਾ ਭਾਲਦਾ ਕੁਝ ਨਹੀਂ ਸੀ। ਰਾਹ ਦਾ ਪਤਾ ਨਾ ਲੱਗਾ । ਰਾਹ ਦੇ ਲਾਗੇ ਜੁਲਾਹਿਆਂ ਦਾ ਘਰ ਸੀ । ਰਾਹ ਖੁੰਝ ਕੇ ਓਧਰ ਚਲੇ ਗਏ। ਕਿੱਲੇ ਦਾ ਠੇਡਾ ਲੱਗਾ ਅਤੇ ਆਪ ਖੱਡੀ ਦੇ ਟੋਏ ਵਿੱਚ ਡਿੱਗ ਪਏ, ਡਿੱਗ ਤਾਂ ਪਏ ਪਰ ਮੋਢੇ ਉਤੋਂ ਗਾਗਰ ਡਿੱਗਣ ਡੁੱਲ੍ਹਣ ਨਾ ਦਿੱਤੀ ।

ਖੜਾਕ ਸੁਣ ਕੇ ਜੁਲਾਹੇ ਨੇ ਜੁਲਾਹੀ ਨੂੰ ਕਿਹਾ, 'ਕੋਈ ਖੱਡੀ ਵਿੱਚ ਡਿੱਗ ਪਿਆ ਜਾਪਦਾ ਹੈ । ਪਤਾ ਨਹੀਂ ਕੌਣ ਹੈ ?'

ਜੁਲਾਹੀ ਬੋਲੀ– 'ਡਿੱਗਾ ਹੋਣਾ ਅਮਰੂ ਨਿਥਾਵਾਂ, ਜਿਸ ਨੂੰ

ਨਾ ਦਿਨੇ ਚੈਨ ਅਤੇ ਨਾ ਰਾਤ ਅਰਾਮ, ਜਿਹੜਾ ਘਰੋਂ-ਘਾਟੋਂ ਗਿਆ ਗੁਜ਼ਰਿਆ, ਪੇਟ ਦੀ ਖਾਤਰ ਗੁਰੂ ਦਾ ਪਾਣੀ ਭਰਦਾ ਹੈ, ਹੋਰ ਕੌਣ ਹੋਣਾਂ ਏ ?'

ਸ੍ਰੀ ਅਮਰਦਾਸ ਜੀ ਉਠੇ ਅਤੇ ਜੁਲਾਹੀ ਦੀ ਗੱਲ ਸੁਣ ਕੇ ਕਹਿਣ ਲੱਗੇ, 'ਕਮਲੀਏ ! ਜਿਸ ਨੂੰ ਟਿਕਾਣਾ ਮਿਲ ਗਿਆ ਹੈ ਦੀਨ ਦੁਨੀ ਦੇ ਸਾਈਂ ਗੁਰੂ ਦਾ, ਉਹ ਨਿਥਾਵਾਂ ਕਿਉਂ ? ਮੇਰਾ ਥਾਂ ਹੈ ਗੁਰੂ ਆਪ, ਕਮਲੀਏ !'

ਇਹ ਆਖ ਕੇ ਆਪ ਗੁਰੂ ਜੀ ਦੇ ਦੁਆਰੇ ਨੂੰ ਵਗ ਤੁਰੇ ਅਤੇ ਉਥੇ ਪਹੁੰਚ ਕੇ ਆਪ ਨੇ ਗੁਰੂ ਜੀ ਨੂੰ ਇਸ਼ਨਾਨ ਕਰਾਇਆ। ਦਿਨ ਹੋਏ ਤੇ ਗੁਰੂ ਜੀ ਨੇ ਸ੍ਰੀ ਅਮਰਦਾਸ ਜੀ ਤੋਂ ਰਾਹ ਵਿੱਚ ਵਾਪਰੀ ਘਟਨਾ ਦਾ ਹਾਲ ਪੁੱਛਿਆ । ਅੱਗੋਂ ਉਨ੍ਹਾਂ ਨੇ ਕਿਹਾ, 'ਆਪ ਸਭ ਕੁਝ ਜਾਣਦੇ ਹੋ । ਕੀ ਬਿਨੈ ਕਰਾਂ ?'

ਇੰਨੇ ਨੂੰ ਉਹ ਜੁਲਾਹਿਆ ਆ ਗਿਆ, ਉਸ ਨੇ ਸਾਰੀ ਗੱਲ ਦੱਸੀ ਅਤੇ ਕਿਹਾ, 'ਮੇਰੀ ਜੁਲਾਹੀ ਓਦੋਂ ਦੀ ਹੀ ਕਮਲੀ ਹੋ ਗਈ ਹੈ, ਉਸ ਨੇ ਡਾਢੀ ਭੁੱਲ ਕੀਤੀ ਹੈ, ਮਹਾਰਾਜ ਜੀ ! ਉਸ ਨੂੰ ਬਖ਼ਸ਼ੋ ।

ਗੁਰੂ ਜੀ ਬੋਲੇ– ਤੇਰੀ ਤੀਵੀਂ ਨੇ ਸ੍ਰੀ ਅਮਰਦਾਸ ਜੀ ਦੀ ਬੜੀ ਬੇਅਦਬੀ ਕੀਤੀ ਹੈ । ਇਹ ਤਾਂ ਨਿਥਾਵਿਆਂ ਦੀ ਥਾਂ ਹੈ, ਪਰ ਜਾਹ, ਤੇਰੀ ਜੁਲਾਹੀ ਨੂੰ ਬਖ਼ਸ਼ਿਆ ।

ਫੇਰ ਗੁਰੂ ਜੀ ਨੇ ਸ੍ਰੀ ਅਮਰਦਾਸ ਜੀ ਵੱਲ ਤੱਕਿਆ ਅਤੇ ਮਿਹਰਾਂ ਦਾ ਮੀਂਹ ਵਰਸਾਉਂਦਿਆਂ ਕਿਹਾ, 'ਪੁਰਖਾ ! ਤੁਸੀਂ ਨਿਮਾਣਿਆਂ ਦੇ ਮਾਣ ਹੋ, ਨਿਥਾਵਿਆਂ ਦੇ ਥਾਂ ਹੋ, ਨਿਓਟਿਆਂ ਦੀ ਓਟ ਹੋ, ਨਿਆਸਰਿਆਂ ਦੇ ਆਸਰੇ ਹੋ, ਨਿਧਿਰਿਆ ਦੀ ਧਿਰ ਹੋ, ਗਈ ਬਹੋੜ ਹੋ; ਬੰਦੀ ਛੋੜ ਹੋ, ਪੁਰਖਾ ! ਤੁਸੀਂ ਧੰਨ ਹੋ ।'

ਗੋਂਦਵਾਲ– ਸ੍ਰੀ ਅਮਰਦਾਸ ਜੀ ਨੂੰ ਇਹ ਬਖ਼ਸ਼ਸ਼ ਸੰਮਤ ੧੬੦੫ ਵਿੱਚ ਹੋਈ । ਕੁਝ ਚਿਰ ਮਗਰੋਂ ਗੁਰੂ ਅੰਗਦ ਦੇਵ ਜੀ ਨੇ ਆਗਿਆ ਕੀਤੀ ਕਿ ਬਿਆਸ ਦੇ ਪੱਤਣ ਦੇ ਪਾਸ ਨਵਾਂ ਨਗਰ



ਵਸਾਇਆ ਜਾਵੇ, ਜਿਥੇ ਬਿਆਸੋਂ ਉਰਾਰ ਪਾਰ ਆਉਣ ਜਾਣ ਵਾਲੇ ਮੁਸਾਫਰਾਂ ਨੂੰ ਅਰਾਮ ਦਾ ਟਿਕਾਣਾ ਮਿਲ ਜਾਇਆ ਕਰੇ । ਗੋਂਦਾ ਨਾਮੇ ਮਰਵਾਹੇ ਖੱਤਰੀ ਦੀ ਬਿਆਸ ਲਾਗੇ ਬਹੁਤ ਸਾਰੀ ਭੋਂ ਸੀ । ਉਹ ਬਿਆਸ ਦੇ ਕੰਢੇ ਬਸਤੀ ਵਸਾਉਣਾ ਚਾਹੁੰਦਾ ਸੀ, ਵਸਾਈ ਵੀ ਸੀ ਕਈ ਵੇਰ, ਪਰ ਵਿਘਨ ਪੈ ਜਾਂਦਾ ਸੀ ਤੇ ਬਸਤੀ ਉਝੜ ਜਾਂਦੀ ਸੀ ।

ਗੋਂਦੇ ਦੀ ਬੇਨਤੀ ਮੰਨ ਕੇ ਗੁਰੂ ਜੀ ਨੇ ਅਮਰਦਾਸ ਜੀ ਨੂੰ ਉਸ ਨਾਲ ਭੇਜਿਆ । ਨਗਰੀ ਵੱਸ ਪਈ । ਉਸ ਦਾ ਨਾਂ ਗੋਇੰਦਵਾਲ ਜਾਂ ਗੋਂਦਵਾਲ ਰੱਖਿਆ ਗਿਆ । ਸ੍ਰੀ ਅਮਰਦਾਸ ਜੀ ਦੀ ਰਿਹਾਇਸ਼ ਲਈ ਗੋਂਦੇ ਨੇ ਮਕਾਨ ਵੀ ਬਣਾ ਦਿੱਤਾ । ਗੁਰੂ ਜੀ ਦੇ ਹੁਕਮ ਮੂਜਬ ਆਪ ਓਥੇ ਰਹਿਣ ਲੱਗ ਪਏ । ਆਪਣਾ ਸਾਰਾ ਪਰਵਾਰ ਕਬੀਲਾ ਵੀ ਆਪ ਬਾਸਰਕੇ ਤੋਂ ਲੈ ਆਏ ਅਤੇ ਗੋਂਦਵਾਲ ਸਾਰੇ ਕਬੀਲੇ ਦਾ ਵਤਨ ਬਣ ਗਿਆ ।

ਗੋਂਦਵਾਲ ਰਹਿੰਦਿਆਂ ਸ੍ਰੀ ਅਮਰਦਾਸ ਜੀ ਦਾ ਏਹ ਨੇਮ ਬੱਝਾ ਕਿ ਹਰ ਰੋਜ਼ ਅੰਮ੍ਰਿਤ ਵੇਲੇ ਬਿਆਸ ਦੇ ਜਲ ਦੀ ਗਾਗਰ ਲੈ ਕੇ ਖਡੂਰ ਸਾਹਿਬ ਜਾਣਾ, ਗੁਰੂ ਜੀ ਨੂੰ ਇਸ਼ਨਾਨ ਕਰਾਉਣਾ, ਉਨ੍ਹਾਂ ਦੇ ਬਸਤ੍ਰ ਧੋਣੇ, ਲੰਗਰ ਵਿੱਚ ਸੇਵਾ ਕਰਨੀ ਅਤੇ ਸ਼ਾਮੀਂ ਵਾਪਸ ਗੋਂਦਵਾਲ ਚਲੇ ਜਾਣਾ । ਕੁਝ ਚਿਰ ਮਗਰੋਂ ਗੁਰੂ ਜੀ ਨੇ ਆਗਿਆ ਕੀਤੀ ਕਿ ਹੁਣ ਤੁਸੀਂ ਖੇਚਲ ਨਾ ਕਰਿਆ ਕਰੋ, ਗੋਂਦਵਾਲ ਹੀ ਟਿਕਿਆ ਕਰੋ, ਅਸੀਂ ਆਪ ਆ ਪੁੱਜਿਆ ਕਰਾਂਗੇ ਕਦੇ ਕਦੇ । ਸੋ ਇਓਂ ਹੀ ਹੁੰਦਾ ਰਿਹਾ ।

ਗੁਰ-ਗੱਦੀ– ਸ੍ਰੀ ਗੁਰੂ ਅੰਗਦ ਦੇਵ ਜੀ ਨੇ ਮੁੱਢ ਤੋਂ ਹੀ ਜਾਣ ਲਿਆ ਸੀ ਕਿ ਸਾਡੇ ਮਗਰੋਂ ਗੁਰ-ਗੱਦੀ ਦੀ ਜ਼ੁੰਮੇਵਾਰੀ ਸ੍ਰੀ ਅਮਰਦਾਸ ਜੀ ਨੇ ਚੁੱਕਣੀ ਤੇ ਨਿਬਾਹੁਣੀ ਹੈ । ਉਹ ਘਾਲ ਪਰੀਖਿਆ ਵਿੱਚ ਵੀ ਪੂਰੇ ਉਤਰੇ ਸਨ । ਸਾਰੇ ਸਿੱਖ ਉਨ੍ਹਾਂ ਨੂੰ ਸਤਕਾਰਦੇ ਅਤੇ ਆਪਣੇ ਨਾਲੋਂ ਉਚੇ ਸਮਝਦੇ ਸਨ ਪਰ ਗੁਰੂ ਜੀ ਦੇ ਦੋਵੇਂ ਸਾਹਿਬਜ਼ਾਦੇ– ਦਾਸੂ ਜੀ ਤੇ ਦਾਤੂ ਜੀ ਆਪਣੇ ਆਪ ਨੂੰ

ਗੁਰ-ਗੱਦੀ ਦੇ ਹੱਕਦਾਰ ਸਮਝਦੇ ਸਨ । ਗੁਰੂ ਜੀ ਨੇ ਉਨ੍ਹਾਂ ਨੂੰ ਸਮਝਾਇਆ, 'ਗੁਰ-ਗੱਦੀ ਵਿਰਾਸਤ ਨਹੀਂ, ਇਹ ਤਾਂ ਕਰਤਾਰ ਦੀ ਬਖ਼ਸ਼ਸ਼ ਹੈ, ਜਿਸ ਨੂੰ ਉਹ ਇਸ ਦੇ ਸਮਰੱਥ ਕਰਦਾ ਹੈ, ਉਸ ਨੂੰ ਹੀ ਦੇਂਦਾ ਹੈ, ਇਹ ਗੱਦੀ ਮਾਮਲੇ ਲੈਣ ਦੀ ਨਹੀਂ, ਇਹ ਤਾਂ ਜੀਅ ਦਾਨ ਦੇਣ ਦੀ ਜਗਵੇਦੀ ਹੈ, ਇਹ ਦੁਨੀਆਂਦਾਰੀ ਦਾ ਮੁਰਾਤਬਾ ਨਹੀਂ । ਇਹ ਤਾਂ ਕਰੜੀਆਂ ਜ਼ੁੰਮੇਵਾਰੀਆਂ ਦੀ ਪੰਡ ਹੈ। ਇਸ ਵੱਲ ਨਾ ਝਾਕੋ, ਪਰ ਉਹ ਨਾ ਸਮਝੇ ।

ਆਪਣੀ ਸੱਚ-ਖੰਡ ਵਾਪਸੀ ਦਾ ਸਮਾਂ ਆ ਪੁੱਜਾ ਵੇਖ ਕੇ ਗੁਰੂ ਜੀ ਨੇ ਚੇਤ ਸੁਦੀ ੪ (੩ ਵੈਸਾਖ) ਸੰਮਤ ੧੬੦੯, ਮੁਤਾਬਕ ੨੯ ਮਾਰਚ ਸੰਨ ੧੫੫੨ ਨੂੰ ਸਾਰੀ ਸੰਗਤ ਦੇ ਸਾਹਮਣੇ ਸ੍ਰੀ ਅਮਰਦਾਸ ਜੀ ਅੱਗੇ ਪੰਜ ਪੈਸੇ ਤੇ ਨਰੇਲ ਰੱਖ ਕੇ ਮੱਥਾ ਟੇਕਿਆ ਅਤੇ ਫੇਰ ਪਿਆਰ ਨਾਲ ਬਾਹੋਂ ਫੜ ਕੇ ਉਨ੍ਹਾਂ ਨੂੰ ਆਪਣੇ ਸਿੰਘਾਸਨ 'ਤੇ ਬਿਠਾਇਆ । ਫੇਰ ਆਪ ਦੀ ਆਗਿਆ ਮੂਜਬ ਬਾਬਾ ਬੁੱਢਾ ਜੀ ਨੇ ਉਨ੍ਹਾਂ ਨੂੰ ਗੁਰਿਆਈ ਦਾ ਤਿਲਕ ਲਾਇਆ ।

ਗੁਰੂ ਜੀ ਦਾ ਹੁਕਮ ਮੰਨ ਕੇ ਸਾਰੀ ਸੰਗਤ ਨੇ ਸ੍ਰੀ ਗੁਰੂ ਅਮਰਦਾਸ ਜੀ ਅੱਗੇ ਮੱਥਾ ਟੇਕਿਆ । ਫੇਰ ਗੁਰੂ ਅੰਗਦ ਦੇਵ ਜੀ ਨੇ ਆਪਣੇ ਪੁੱਤਰਾਂ ਵੱਲ ਤੱਕਿਆ, ਪਰ ਉਹ ਨਾ ਉਠੇ । ਨਾ ਹੀ ਉਨ੍ਹਾਂ ਨੇ ਸੀਸ ਨਿਵਾਇਆ । ਜਿਹਾ ਕਿ ਸੂਰਜ ਪ੍ਰਕਾਸ਼ ਵਿੱਚ ਲਿਖਿਆ ਹੈ ;

*ਪੁਨ ਸੰਗਤਿ ਮਹਿਂ ਕਹਜੋ ਸੁਨਾਈ :*
*ਮਮ ਸਰੂਪ ਅਬਿ ਇਹੈ ਸੁਹਾਈ ॥੨੮॥*
*ਮੋ ਮਹਿਂ ਇਸ ਮਹਿਂ ਭੇਦ ਨ ਜਾਨਹੁ ।*
*ਏਕ ਸਰੂਪ ਦੁਹੂੰਨ ਕੋ ਮਾਨਹੁ ।*
*(ਰਾਸਿ ੧ ਅੰਸੂ ੨੭)*

☆ ☆ ☆



ਕਾਂਡ ੩

## ਦਾਸੂ ਜੀ, ਦਾਤੂ ਜੀ, ਸੰਨ੍ਹ ਸਾਹਿਬ

ਦਾਸੂ ਜੀ– ਸ੍ਰੀ ਅਮਰਦਾਸ ਜੀ ਨੂੰ ਗੁਰ-ਗੱਦੀ ਸੌਂਪ ਕੇ ਸ੍ਰੀ ਗੁਰੂ ਅੰਗਦ ਦੇਵ ਜੀ ਜੋਤੀ-ਜੋਤ ਸਮਾ ਗਏ । ਗੁਰੂ ਅੰਗਦ ਦੇਵ ਜੀ ਦੇ ਹੁਕਮ ਮੁਜਬ ਸ੍ਰੀ ਗੁਰੂ ਅਮਰਦਾਸ ਜੀ ਗੋਂਦਵਾਲ ਚਲੇ ਗਏ । ਗੁਰੂ ਅੰਗਦ ਦੇਵ ਜੀ ਦੇ ਸਾਹਿਬਜ਼ਾਦੇ ਆਪਣੇ ਆਪ ਨੂੰ ਗੁਰ-ਗੱਦੀ ਦੇ ਹੱਕਦਾਰ ਸਮਝਦੇ ਸਨ । ਉਹ ਗੁਰੂ ਬਣਨਾ ਚਾਹੁੰਦੇ ਸਨ । ਭਾਈਚਾਰੇ ਦੇ ਤੇ ਹੋਰ ਕੁਝ ਲੋਕਾਂ ਨੇ ਦਾਸੂ ਜੀ ਨੂੰ ਗੁਰਿਆਈ ਦੀ ਪੱਗ ਬੰਨ੍ਹ ਦਿੱਤੀ । ਕੁਝ ਸਮਾਂ ਉਹ ਗੁਰਿਆਈ ਦਾ ਉਤਾਰਾ ਉਤਾਰਦੇ ਰਹੇ । ਉਪਦੇਸ਼, ਅਸੀਸਾਂ ਅਤੇ ਵਰ ਦਿੰਦੇ ਰਹੇ, ਪਰ ਸਿੱਟਾ ਇਹ ਹੋਇਆ ਕਿ ਸਿਰ ਫਿਰ ਗਿਆ । ਬਥੇਰੇ ਦਵਾ ਦਾਰੂ ਕੀਤੇ ਸਿਰ ਠੀਕ ਨਾ ਹੋਇਆ । ਅੰਤ ਨੂੰ ਮਾਤਾ ਖੀਵੀ ਜੀ ਨੇ ਦਾਸੂ ਜੀ ਨੂੰ ਸਮਝਾਇਆ ਕਿ ਆਪਣੇ ਪਿਤਾ ਗੁਰੂ ਜੀ ਦੀ ਕੀਤੀ ਅਦੂਲਣ ਕਰ ਕੇ ਇਹ ਤਕਲੀਫ ਵਿਆਪੀ ਹੈ । ਮਾਤਾ ਜੀ ਦੀ ਸਮਝਾਉਣੀ ਮੂਜਬ ਦਾਸੂ ਜੀ ਗੋਂਦਵਾਲ ਗਏ, ਸ੍ਰੀ ਗੁਰੂ ਅਮਰਦਾਸ ਜੀ ਦੀ ਚਰਨੀਂ ਪਏ ਅਤੇ ਭੁੱਲ ਮੰਨ ਕੇ ਖਿਮਾ ਦੇ ਜਾਚਕ ਬਣੇ । ਸਦ ਬਖਸ਼ੰਦ ਗੁਰੂ ਜੀ ਨੇ ਭੁੱਲ ਬਖਸ਼ੀ ਅਤੇ ਅਸੀਸ ਦਿੱਤੀ । ਦਾਸੂ ਜੀ ਰਾਜ਼ੀ ਹੋ ਕੇ ਖਡੂਰ ਸਾਹਿਬ ਚਲੇ ਗਏ ਤੇ ਫੇਰ ਕਦੇ ਵੀ ਗੁਰ-ਗੱਦੀ ਵੱਲ ਹੱਕਦਾਰਾਂ ਵਾਲੀ ਨਜ਼ਰ ਨਾਲ ਨਾ ਤੱਕਿਆ ।

ਦਾਤੂ ਜੀ– ਦਾਸੂ ਜੀ ਤਾਂ ਸਮਝ ਗਏ ਕਿ ਸ੍ਰੀ ਗੁਰੂ ਅਮਰਦਾਸ ਜੀ ਹੀ ਗੁਰ-ਗੱਦੀ ਦੇ ਯੋਗ ਹਨ, ਪਰ ਉਨ੍ਹਾਂ ਦੇ ਛੋਟੇ ਭਰਾ ਦਾਤੂ ਜੀ ਨੇ ਇਹ ਗੱਲ ਨਾ ਮੰਨੀ । ਉਨ੍ਹਾਂ ਨੇ ਹਠ-ਯੋਗ

ਸਾਧ ਕੇ ਸਿੱਧੀ ਪ੍ਰਾਪਤ ਕਰਨ ਦੇ ਯਤਨ ਕੀਤੇ, ਤਾਂ ਜੋ ਕਰਾਮਾਤਾਂ ਵਿਖਾ ਕੇ ਲੋਕਾਂ ਨੂੰ ਮਗਰ ਲਾ ਸਕਣ । ਸਵਾਰਥੀ ਲੋਕ ਵੀ ਉਨ੍ਹਾਂ ਨੂੰ ਚੁੱਕਦੇ ਭੜਕਾਉਂਦੇ ਸਨ ।

ਸ੍ਰੀ ਗੁਰੂ ਅਮਰਦਾਸ ਜੀ ਦਾ ਦਿਨੋ ਦਿਨ ਵੱਧ ਰਿਹਾ ਤੇਜ਼ ਪ੍ਰਤਾਪ ਵੇਖ ਕੇ ਦਾਤੂ ਜੀ ਦੇ ਦਿਲ ਵਿੱਚ ਈਰਖਾ ਦੇ ਭਾਂਬੜ ਬਲ ਉਠੇ । ਇਕ ਦਿਨ ਈਰਖਾ ਤੇ ਕ੍ਰੋਧ ਨਾਲ ਭਰੇ ਪੀਤੇ ਉਹ ਗੋਂਦਵਾਲ ਜਾ ਪਹੁੰਚੇ । ਤ੍ਰਕਾਲਾਂ ਵੇਲੇ ਦਾ ਦੀਵਾਨ ਲੱਗਾ ਹੋਇਆ ਸੀ । ਕੀਰਤਨ ਹੋ ਰਿਹਾ ਸੀ । ਸੰਗਤ ਮਗਨ ਬੈਠੀ ਸੀ । ਗੁਰੂ ਜੀ ਸਮਾਧੀ ਵਿੱਚ ਜੁੜੇ ਸਿੰਘਾਸਨ 'ਤੇ ਬਿਰਾਜ ਰਹੇ ਸਨ । ਦਾਤੂ ਜੀ ਅੱਗੇ ਵਧੇ ਤੇ ਗੁਰੂ ਜੀ ਨੂੰ ਲੱਤ ਕੱਢ ਮਾਰੀ । ਆਪ ਸਿੰਘਾਸਨ ਤੋਂ ਡਿੱਗ ਪਏ । ਸੰਭਲ ਕੇ ਉਠੇ ਤੇ ਵੇਖਿਆ ਕਿ ਸਾਹਿਬਜ਼ਾਦਾ ਖੜਾ ਗੁੱਸੇ ਵਿੱਚ ਕੁਝ ਕਹਿ ਰਿਹਾ ਹੈ । ਇੰਨੇ ਨੂੰ ਦਾਤੂ ਜੀ ਸਿੰਘਾਸਨ 'ਤੇ ਬਹਿ ਗਿਆ । ਆਪ ਉਸ ਦੇ ਪੈਰ ਫੜ ਘੁੱਟਣ ਲੱਗ ਪਏ । ਫੇਰ ਬੋਲੇ, *'ਮੇਰਾ ਬਿਰਧ ਸਰੀਰ ਤੇ ਹੱਡ ਕਰੜੇ ਹਨ । ਆਪ ਦੇ ਚਰਨ ਸੁਹਲ ਹਨ । ਇਨ੍ਹਾਂ ਨੂੰ ਸੱਟ ਲੱਗੀ ਹੋਵੇਗੀ । ਆਪ ਮੇਰੇ ਗੁਰਦੇਵ ਦੇ ਸਪੁੱਤਰ ਹੋ । ਆਪ ਨੂੰ ਲੱਤ ਮਾਰਨ ਦੀ ਖੇਚਲ ਤੋਂ ਤਕਲੀਫ ਹੋਈ ਹੋਵੇਗੀ । ਹੁਕਮ ਕਰੋ ਆਪ ਕੀ ਚਾਹੁੰਦੇ ਹੋ ?'*

ਦਾਤੂ ਜੀ ਸਮਝੇ ਕਿ ਗੁਰੂ ਜੀ ਡਰ ਗਏ ਹਨ । ਕੜਕ ਕੇ ਬੋਲੇ, 'ਗੱਦੀ ਤੇ ਸੰਗਤਾਂ ਦਾ ਮਾਲਕ ਮੈਂ ਹਾਂ । ਤੂੰ ਕੌਣ ਹੈਂ ਗੁਰੂ ਬਣਨ ਵਾਲਾ, ਤੂੰ ਦਾਸ ਹੈਂ, ਸਾਡਾ ਘਰੋਗੀ ਚਾਕਰ ਹੈਂ । ਸਾਨੂੰ ਤੇਰੀ ਸੇਵਾ ਦੀ ਲੋੜ ਨਹੀਂ । ਬਸ, ਇਹੋ ਹੁਕਮ ਹੈ ਕਿ ਇਥੋਂ ਚਲੇ ਜਾਓ । ਮਾਲਕ ਆ ਗਏ ਹਨ, ਆਪੇ ਸਭ ਕੰਮ ਸੰਭਾਲਣਗੇ। ਜਾਓ, ਚਲੇ ਜਾਓ ।'

ਸ਼ਾਂਤੀ ਦੇ ਪੁੰਜ ਗੁਰੂ ਜੀ 'ਸੱਤਬਚਨ' ਕਹਿ ਕੇ ਓਥੋਂ ਚਲੇ



ਗਏ । ਮਗਰੋਂ ਸਿੱਖ ਇਕ-ਇਕ ਕਰ ਕੇ ਉਠ ਗਏ । ਅੰਤ ਨੂੰ ਸਿੰਘਾਸਨ ਉਪਰ ਦਾਤੂ ਜੀ ਅਤੇ ਉਦਾਲੇ ਚਾਰ ਪੰਜ ਨਾਲ ਆਏ ਹੀ ਰਹਿ ਗਏ । ਅਗਲੇ ਦਿਨ ਦਾਤੂ ਹੋਰੀਂ ਦੀਵਾਨ ਲਾ ਬੈਠੇ, ਪਰ ਸੰਗਤਾਂ ਨਾ ਆਈਆਂ । ਕੁਝ ਦਿਨ ਮਗਰੋਂ ਗੁਰੂ ਜੀ ਦੇ ਘਰ ਦਾ, ਦੀਵਾਨ ਦਾ, ਲੰਗਰ ਦਾ ਸਮਿਆਨ ਜੋ ਕੁਝ ਹੱਥ ਲੱਗਾ ਖੱਚਰਾਂ 'ਤੇ ਲੱਦ ਕੇ ਖਡੂਰ ਨੂੰ ਤੁਰ ਪਏ । ਰਾਹ ਵਿੱਚ ਉਨ੍ਹਾਂ ਤੋਂ ਡਾਕੂਆਂ ਸਭ ਕੁਝ ਖੋਹ ਲਿਆ । ਦਾਤੂ ਜੀ ਦੇ ਪੈਰ ਤੇ ਡਾਢੀ ਸੱਟ ਲੱਗੀ, ਜਿਸ ਤੋਂ ਉਨ੍ਹਾਂ ਨੂੰ ਅੱਤ ਦਾ ਦੁੱਖ ਹੋਇਆ ।

ਸੰਨ੍ਹ ਸਾਹਿਬ– ਦੀਵਾਨ ਅਸਥਾਨ ਤੋਂ ਤੁਰ ਕੇ ਗੁਰੂ ਜੀ ਆਪਣੇ ਜਨਮ-ਨਗਰ ਬਾਸਰਕੇ ਪੁੱਜੇ । ਪਿੰਡੋਂ ਬਾਹਰ ਇਕ ਕੋਠੇ ਵਿੱਚ ਬਿਰਾਜ ਕੇ ਭਜਨ ਕਰਨ ਲੱਗ ਪਏ । ਬਾਹਰ ਬੂਹੇ ਉਤੇ ਇਹ ਹੁਕਮ ਲਿਖ ਦਿੱਤਾ– *'ਜੋ ਕੋਈ ਇਥੇ ਆ ਕੇ ਸਾਡਾ ਦਰ ਖੋਲ੍ਹੇਗਾ, ਉਹ ਸਾਡਾ ਸਿੱਖ ਨਹੀਂ ਹੋਵੇਗਾ, ਅਸੀਂ ਉਸ ਦੇ 'ਗੁਰੂ' ਨਹੀਂ ਰਹਾਂਗੇ ।'*

ਆਪ ਦੇ ਅਲੋਪ ਹੋ ਜਾਣ 'ਤੇ ਸੰਗਤਾਂ ਵਿੱਚ ਘਬਰਾਹਟ ਹੋਈ । ਉਨ੍ਹਾਂ ਨੇ ਦੂਰ-ਨੇੜੇ ਭਾਲ ਕੀਤੀ ਜੋ ਨਿਸਫਲ ਰਹੀ । ਮੁਖੀ ਸਿੱਖਾਂ ਨੇ ਸੋਚ ਕੇ ਇਹ ਸਲਾਹ ਕੀਤੀ ਕਿ ਬਾਬਾ ਬੁੱਢਾ ਜੀ ਪਾਸ ਚੱਲੀਏ ਅਤੇ ਉਨ੍ਹਾਂ ਨੂੰ ਆਖੀਏ ਕਿ ਗੁਰੂ ਜੀ ਦੀ ਭਾਲ ਕਰੋ । ਸੰਗਤ ਬਾਬਾ ਜੀ ਪਾਸ ਪੁੱਜੀ । ਉਨ੍ਹਾਂ ਨੇ ਸੰਗਤ ਦੀ ਬੇਨਤੀ ਮੰਨ ਲਈ । ਉਹ ਸੰਗਤ ਦੇ ਨਾਲ ਗੋਂਦਵਾਲ ਜਾ ਪੁੱਜੇ । ਜਿਸ ਘੋੜੀ ਉਪਰ ਗੁਰੂ ਜੀ ਸਵਾਰੀ ਕਰਿਆ ਕਰਦੇ ਸਨ ਉਸ ਉਪਰ ਕਾਠੀ ਆਦਿ ਪਾ ਕੇ ਉਸ ਨੂੰ ਖੁਲ੍ਹੀ ਛੱਡ ਦਿੱਤਾ ਗਿਆ । ਸੰਗਤ ਉਸ ਦੇ ਪਿੱਛੇ ਤੁਰ ਪਈ । ਘੋੜੀ ਰਵਾਂ ਰਵੀਂ ਉਸ ਕੋਠੇ ਪਾਸ ਜਾ ਖੜੋਤੀ ਜਿਸ ਵਿੱਚ ਗੁਰੂ ਜੀ ਸਮਾਧੀ ਲਾਈ ਬੈਠੇ ਸਨ । ਬੂਹੇ

ਬਾਹਰਲਾ ਹੁਕਮ ਵੇਖ ਕੇ ਸੰਗਤ ਨਿਰਾਸ਼ ਹੋਈ ਪਰ ਬਾਬਾ ਬੁੱਢਾ ਜੀ ਨੇ ਪਿਛਲੀ, ਪੂਰਬ ਵੱਲ ਦੀ, ਕੰਧ ਨੂੰ ਸੰਨ੍ਹ ਲਾਈ । ਉਸ ਵਿੱਚ ਦੀ ਲੰਘ ਕੇ ਗੁਰੂ ਜੀ ਨੂੰ ਮੱਥਾ ਟੇਕਿਆ ਅਤੇ ਬੇਨਤੀ ਕੀਤੀ ਕਿ ਸੰਗਤਾਂ ਨੂੰ ਦਰਸ਼ਨ ਦਿਓ, ਉਹ ਬਿਹਬਲ ਹੋ ਰਹੀਆਂ ਹਨ । ਨਾਲ ਹੀ ਉਨ੍ਹਾਂ ਨੇ ਕਿਹਾ, 'ਜੇ ਭੁੱਲ ਹੋਈ ਹੈ ਤਾਂ ਬਖ਼ਸ਼ ਲੈਣੀ। ਪਰ ਆਪ ਦੀ ਲਿਖੀ ਆਗਿਆ ਭੰਗ ਨਹੀਂ ਕੀਤੀ, ਸੱਚੇ ਪਾਤਸ਼ਾਹ ! ਦਰਵਾਜ਼ਾ ਵੇਖ ਲਵੋ ਉਸੇ ਤਰ੍ਹਾਂ ਬੰਦ ਹੈ ।'

ਗੁਰੂ ਜੀ ਹੱਸ ਪਏ, ਉਨ੍ਹਾਂ ਨੇ ਬਾਬਾ ਬੁੱਢਾ ਜੀ ਦੇ ਪਰਮ ਸਿਦਕ ਅਤੇ ਸਿਆਣਪ ਦੀ ਸਲਾਹੁਤਾ ਕੀਤੀ । ਫੇਰ ਆਪ ਬਾਹਰ ਆਏ । ਸੰਗਤਾਂ ਨਾਲ ਗੋਇੰਦਵਾਲ ਚਲੇ ਗਏ ।

ਉਸ ਥਾਂ ਗੁਰਦੁਆਰਾ ਸੰਨ੍ਹ ਸਾਹਿਬ ਬਣਿਆ । ਓਥੇ ਹਰ ਸਾਲ ਪਹਿਲੇ ਸਰਾਧ ਵਾਲੇ ਦਿਨ ਬੜਾ ਭਾਰੀ ਮੇਲਾ ਲੱਗਦਾ ਹੈ।

* * *



ਕਾਂਡ ੪

## ਸਮਾਜ ਸੁਧਾਰ

ਸ੍ਰੀ ਗੁਰੂ ਨਾਨਕ ਦੇਵ ਜੀ ਦਾ ਆਦਰਸ਼ ਜਾਂ ਨਿਸ਼ਾਨਾ ਇਹ ਸੀ ਕਿ ਇਕ ਨਵੀਂ ਕੌਮ ਸਾਜੀ ਜਾਵੇ, ਜੋ ਉਨ੍ਹਾਂ ਸਭ ਕਮਜ਼ੋਰੀਆਂ ਤੇ ਊਣਤਾਈਆਂ ਤੋਂ ਰਹਿਤ ਹੋਵੇ ਜਿਹੜੀਆਂ ਉਸ ਵੇਲੇ ਸਮਾਜ ਵਿੱਚ ਪ੍ਰਚੱਲਤ ਸਨ ਤੇ ਇਸ ਨੂੰ ਕਲੰਕਤ ਕਰ ਰਹੀਆਂ ਸਨ । ਇਸ ਕਰ ਕੇ ਧਾਰਮਕ ਜਾਂ ਆਤਮਕ ਸਿੱਖਿਆ ਦੇ ਨਾਲ ਆਪ ਨੇ ਸਮਾਜ ਸੁਧਾਰ ਵੱਲ ਵੀ ਧਿਆਨ ਦਿੱਤਾ ਸੀ । ਇਹ ਕਾਰਜ ਗੁਰੂ ਅੰਗਦ ਦੇਵ ਜੀ ਨੇ ਜਾਰੀ ਰੱਖਿਆ ਸੀ । ਗੁਰੂ ਅਮਰਦਾਸ ਜੀ ਨੇ ਵੇਖਿਆ ਕਿ ਬਹੁਤ ਸਾਰੇ ਮਨੁੱਖਾਂ ਨੇ ਸਿੱਖੀ ਤਾਂ ਧਾਰਨ ਕਰ ਲਈ ਹੈ ਅਤੇ ਉਹ ਆਪਣੇ ਰੋਜ਼ ਦੇ ਨਿੱਜੀ ਜੀਵਨ ਵਿੱਚ ਸਿੱਖੀ ਦੇ ਨੇਮਾਂ ਦੀ ਪਾਲਣਾ ਕਰਨ ਦਾ ਵੀ ਜਤਨ ਕਰਦੇ ਹਨ, ਪਰ ਅਜੇ ਕਈ ਅਜਿਹੀਆਂ ਸਮਾਜਕ ਰੀਤੀ-ਰਸਮਾਂ ਅਤੇ ਭਰਮਾਂ-ਵਹਿਮਾਂ ਵਿੱਚ ਫਸੇ ਹੋਏ ਹਨ ਜੋ ਸਿੱਖੀ ਦੇ ਮੁੱਢਲੇ ਕੇਂਦਰੀ ਅਸੂਲਾਂ ਉਪਦੇਸ਼ਾਂ ਦੇ ਉਲਟ ਹਨ । ਮਿਸਾਲ ਵਜੋਂ ਸੰਗਤ ਜਾਂ ਦੀਵਾਨ ਵਿੱਚ ਬੈਠੇ ਤਾਂ ਉਹ ਸਭ ਮਨੁੱਖਾਂ ਨੂੰ ਇਕੋ ਪਿਤਾ ਦੇ ਜਾਏ ਭੈਣ-ਭਰਾ ਸਮਝਦੇ ਸਨ,ਪਰ ਬਾਹਰ ਸਮਾਜ ਵਿੱਚ ਤੇ ਵਰਤੋਂ-ਵਿਹਾਰ ਵਿੱਚ ਜਾਤ-ਪਾਤ ਅਤੇ ਊਚ-ਨੀਚ ਦੇ ਫਰਕ ਵਿਤਕਰੇ ਅਜੇ ਚਾਲੂ ਸਨ ਅਤੇ ਅਨੇਕ ਬੰਦਿਆਂ ਨੂੰ ਅਛੂਤ, ਭਿੱਟੇ ਹੋਏ ਅਤੇ ਭਿੱਟਣਹਾਰੇ ਮੰਨਿਆ ਜਾਂਦਾ ਸੀ, ਉਨ੍ਹਾਂ ਨੂੰ ਦੁਰਕਾਰਿਆ ਜਾਂਦਾ ਸੀ ਅਤੇ ਪਿਆਰ ਦੀ ਥਾਂ ਉਨ੍ਹਾਂ ਨਾਲ ਨਫਰਤ ਕੀਤੀ ਜਾਂਦੀ ਸੀ । ਗੱਲ ਕੀ, ਬਹੁਤ ਸਾਰੇ ਸਿੱਖਾਂ ਦਾ ਸਮਾਜਿਕ ਜੀਵਨ ਨਿੱਜੀ ਜੀਵਨ ਨਾਲੋਂ ਹੋਰਵੇਂ ਨੇਮਾਂ ਵਾਲਾ ਅਤੇ ਸਿੱਖੀ ਨੇਮਾਂ ਤੇ ਰਹਿਤ ਮਰਯਾਦਾ ਦੇ ਉਲਟ ਸੀ । ਗੁਰੂ ਜੀ ਨੇ ਇਸ ਹਾਲਤ ਦਾ ਸੁਧਾਰ ਕਰਨ ਵੱਲ ਖ਼ਾਸ ਧਿਆਨ ਦਿੱਤਾ ।

(੧) ਜਾਤ-ਪਾਤ ਦਾ ਖੰਡਨ– ਪਹਿਲੇ ਅਤੇ ਦੂਜੇ ਗੁਰੂ ਸਾਹਿਬਾਂ ਨੇ ਜਾਤ-ਪਾਤ ਦੇ ਭਰਮਾਂ ਨੂੰ ਤੇ ਇਸ ਤੋਂ ਪੈਦਾ ਹੋਈਆਂ ਬੁਰਿਆਈਆਂ ਬੇਨਿਆਈਆਂ ਨੂੰ ਦੂਰ ਕਰਨ ਲਈ ਪ੍ਰਚਾਰ ਵੀ ਕੀਤਾ ਅਤੇ ਪੂਰਨੇ ਵੀ ਪਾਏ । ਗੁਰੂ ਅਮਰਦਾਸ ਜੀ ਨੇ ਇਸ ਕੰਮ ਵੱਲ ਖਾਸ ਧਿਆਨ ਦਿੱਤਾ । ਜਿਥੇ ਵੀ ਕਿਸੇ ਨੂੰ 'ਉਚੀ' ਜਾਤ ਜਾਂ ਕੁਲ ਦੇ ਹੰਕਾਰ ਵਾਲਾ ਵੇਖਿਆ, ਆਪ ਨੇ ਉਸ ਦਾ ਹੰਕਾਰ ਦੂਰ ਕਰ ਕੇ ਉਸ ਤੋਂ ਊਚ-ਨੀਚ ਦੇ ਫਰਕ ਦਾ ਤਿਆਗ ਕਰਾਇਆ। ਜਿਵੇਂ ਇਕ ਵਾਰ ਪਿਰਥੀ ਮੱਲ ਤੇ ਤੁਲਸਾਂ ਦੋ ਸੱਜਣ ਜੋ ਭੱਲੇ ਜਾਤ ਦੇ ਖੱਤਰੀ ਸਨ, ਗੁਰੂ ਜੀ ਦੇ ਦਰਬਾਰ ਆ ਕੇ ਕਹਿਣ ਲੱਗੇ, 'ਮਹਾਰਾਜ, ਆਪ ਭੀ ਭੱਲੇ ਹੋ, ਅਸੀਂ ਭੀ ਭੱਲੇ ਹਾਂ । ਜਾਤ ਦਾ ਮਾਣ ਦਾਹਵਾ ਲੈ ਕੇ ਆਏ ਹਾਂ ।'

ਗੁਰੂ ਜੀ ਨੇ ਉੱਤਰ ਦਿੱਤਾ ਕਿ ਸਾਡੀ ਜਾਤ ਤਾਂ ਕੋਈ ਨਹੀਂ ਅਸੀਂ ਤਾਂ ਕੇਵਲ ਮਨੁੱਖ ਹਾਂ । ਫੇਰ ਗੁਰੂ ਜੀ ਨੇ ਉਨ੍ਹਾਂ ਨੂੰ ਸਮਝਾਇਆ ਕਿ ਜਾਤ ਦਾ ਮਾਣ (ਹੰਕਾਰ) ਕਰਨਾ ਠੀਕ ਨਹੀਂ । ਉਚ-ਜਾਤੀਆ ਉਹ ਹੈ ਜੋ ਉਚੇ ਨੇਕ ਕੰਮ ਕਰੇ । ਅੱਗੇ ਜਾਤ ਕੋਈ ਨਹੀਂ ਪੁੱਛਦਾ, ਉਥੇ ਤਾਂ ਕੀਤੇ ਕੰਮਾਂ ਅਨੁਸਾਰ ਨਿਬੇੜੇ ਹੁੰਦੇ ਹਨ ।

ਨਾਲ ਹੀ ਆਪ ਨੇ ਚੋਖੀ ਬਾਣੀ ਅਜਿਹੀ ਰਚੀ ਜਿਸ ਵਿੱਚ ਜਾਤ ਦੇ ਗੁਮਾਨ ਨੂੰ ਭੈੜਾ ਅਤੇ ਰੱਬ ਦੀ ਰਜ਼ਾ ਦੇ ਉਲਟ ਦੱਸਿਆ ਅਤੇ ਲੋਕਾਂ ਨੂੰ ਇਸ ਤੋਂ ਵਰਜਿਆ । ਜਿਵੇਂ ਇਕ ਜਾਤ-ਹੰਕਾਰੀ ਬ੍ਰਾਹਮਣ ਨੂੰ ਸਮਝਾਉਣ ਲਈ ਆਪ ਨੇ ਇਹ ਸ਼ਬਦ ਉਚਾਰਿਆ:

*ਜਾਤਿ ਕਾ ਗਰਬੁ[੧] ਨ ਕਰੀਅਹੁ ਕੋਈ ॥*
*ਬ੍ਰਹਮੁ[੨] ਬਿੰਦੇ[੩] ਸੋ ਬ੍ਰਾਹਮਣੁ ਹੋਈ ॥੧॥*
*ਜਾਤਿ ਕਾ ਗਰਬੁ ਨ ਕਰਿ ਮੂਰਖ ਗਵਾਰਾ ॥*
*ਇਸੁ ਗਰਬ ਤੇ ਚਲਹਿ ਬਹੁਤੁ ਵਿਕਾਰਾ[੪] ॥੧॥ਰਹਾਉ॥*

੧ ਹੰਕਾਰ, ਗੁਮਾਨ । ੨ ਪਰਮਾਤਮਾ । ੩ ਜਾਣੇ, ਵੇਖੇ । ੪ ਐਬ, ਖਰਾਬੀਆਂ, ਪਾਪ ਰੋਗ ।



*ਚਾਰੇ ਵਰਨ[੧] ਆਖੈ ਸਭੁ ਕੋਈ ॥*
*ਬ੍ਰਹਮੁ ਬਿੰਦ[੨] ਤੇ ਸਭ ਓਪਤਿ[੩] ਹੋਈ ॥੨॥*
*ਮਾਟੀ ਏਕ ਸਗਲ ਸੰਸਾਰਾ ॥*
*ਬਹੁ ਬਿਧਿ ਭਾਂਡੇ ਘੜੈ ਕੁਮ੍ਹਾਰਾ[੪] ॥੩॥*
*ਪੰਚ ਤਤੁ ਮਿਲਿ ਦੇਹੀ ਕਾ ਆਕਾਰਾ ॥*
*ਘਟਿ ਵਧਿ ਕੋ ਕਰੈ ਬੀਚਾਰਾ ॥੪॥*
*ਕਹਤੁ ਨਾਨਕ ਇਹੁ ਜੀਉ ਕਰਮ ਬੰਧੁ[੫] ਹੋਈ ॥*
*ਬਿਨੁ ਸਤਿਗੁਰ ਭੇਟੇ[੬] ਮੁਕਤਿ ਨ ਹੋਈ ॥੫॥[੭]*

੨) ਛੂਤ-ਛਾਤ– ਛੂਤ-ਛਾਤ ਅਤੇ ਊਚ-ਨੀਚ ਦੇ ਵਹਿਮਾਂ ਅਤੇ ਵਿਤਕਰਿਆਂ ਦਾ ਖਾਤਮਾ ਕਰਨ ਲਈ ਪਹਿਲੇ ਅਤੇ ਦੂਜੇ ਗੁਰੂ ਸਾਹਿਬਾਂ ਨੇ ਅੱਗੇ ਹੀ ਇਹ ਨੇਮ ਬੱਧਾ ਹੋਇਆ ਸੀ ਕਿ ਲੰਗਰ ਵਿੱਚ ਸਭ ਜਾਤਾਂ, ਧਰਮਾਂ ਤੇ ਬਰਾਦਰੀਆਂ ਦੇ ਲੋਕ ਇਕ ਪੰਗਤ ਵਿੱਚ ਰਲਮਿਲ ਕੇ ਬਹਿਣ ਅਤੇ ਪ੍ਰਸ਼ਾਦਾ ਛਕਣ । ਇਹ ਢੰਗ ਚੋਖਾ ਸਫਲ ਹੋਇਆ ਪਰ ਓਦੋਂ ਕਈ ਭਰਮੀ ਵਹਿਮੀ ਬੰਦੇ ਦੀਵਾਨ ਵਿੱਚ ਤਾਂ ਆ ਬਹਿੰਦੇ ਸਨ ਅਤੇ ਗੁਰੂ ਜੀ ਦੇ ਦਰਸ਼ਨ ਕਰ ਕੇ, ਉਨ੍ਹਾਂ ਦੇ ਬਚਨ ਸੁਣ ਕੇ ਮਨਾਂ ਨੂੰ ਠੰਢ ਪਾਉਂਦੇ ਸਨ, ਪਰ ਉਹ ਲੰਗਰ ਵਿੱਚੋਂ ਪ੍ਰਸ਼ਾਦ ਨਹੀਂ ਸਨ ਛਕਦੇ । ਇਸ ਦਾ ਕਾਰਨ ਇਹ ਹੁੰਦਾ ਸੀ ਕਿ ਉਹ ਛੂਤ-ਛਾਤ ਮੰਨਣੋਂ ਮਨਾਉਣੋਂ ਨਹੀਂ ਸਨ ਹਟੇ ।

ਗੁਰੂ ਅਮਰਦਾਸ ਜੀ ਨੇ ਇਸ ਬੀਮਾਰੀ ਦਾ ਹੋਰ ਵੀ ਅਸਰਦਾਰ ਦਾਰੂ ਕੱਢਿਆ । ਆਪ ਨੇ ਹੁਕਮ ਕਰ ਦਿੱਤਾ ਕਿ

੧ (ਬ੍ਰਾਹਮਣ, ਖੱਤਰੀ, ਵੈਸ਼, ਸ਼ੂਦਰ) ਚਾਰੇ ਜਾਤਾਂ । ੨ ਕਰਤਾਰ ਦੀ ਰਚੀ ਹੋਈ ਪ੍ਰਾਣੀਆਂ ਦੇ ਸਰੀਰ ਵਿੱਚ ਬੀਰਜ ਦੀ ਬੂੰਦ । ੩ ਪੈਦਾਇਸ਼, ਉਤਪਤੀ । ੪ ਘੁਮਿਆਰ । ੫ ਕੀਤੇ ਹੋਏ ਕੰਮਾਂ ਦਾ ਬੱਧਾ ਹੋਇਆ । ੬ ਮਿਲੇ । ੭ ਭੈਰਉ ਮਹਲਾ ੩, ਪੰਨਾ ੧੧੨੭ ।

ਜਿਹੜਾ ਵੀ ਸਾਡੇ ਦਰਸ਼ਨ ਕਰਨ ਲਈ ਆਵੇ, ਉਹ ਪਹਿਲਾਂ ਪੰਗਤ ਵਿੱਚ ਬਹਿ ਕੇ ਲੰਗਰੋਂ ਪ੍ਰਸ਼ਾਦ ਛਕੇ । ਇਸ ਹੁਕਮ ਉਪਰ ਕਰੜਾਈ ਨਾਲ ਵਰਤੋਂ ਕੀਤੀ ਗਈ । ਸਭ ਜਾਤਾਂ, ਬਰਾਦਰੀਆਂ, ਮੱਤਾਂ ਤੇ ਧਰਮਾਂ ਦੇ ਲੋਕਾਂ ਨੂੰ ਇਕੱਠੇ ਇੱਕੋ ਪੰਗਤ ਵਿੱਚ ਬਹਿ ਕੇ ਪ੍ਰਸ਼ਾਦ ਛਕਣਾ ਪੈਂਦਾ, ਨਹੀਂ ਤੇ ਗੁਰੂ ਜੀ ਦੇ ਦਰਸ਼ਨ ਨਾ ਹੁੰਦੇ।

ਇਹ ਨੇਮ ਨਿੱਕੇ ਵੱਡੇ ਸਭ ਵਾਸਤੇ ਸੀ । ਵੱਡੇ ਤੋਂ ਵੱਡੇ ਨੂੰ ਵੀ ਕੋਈ ਛੋਟ ਨਹੀਂ ਸੀ ਹੁੰਦੀ । ਏਥੋਂ ਤੀਕ ਕਿ ਦਿੱਲੀ ਦੇ ਮੁਗ਼ਲ ਬਾਦਸ਼ਾਹ, ਅਕਬਰ ਨੂੰ ਵੀ ਹੁਕਮ ਮੰਨਣਾ ਪਿਆ । ਗੋਂਦਵਾਲ ਦਿੱਲੀ ਤੋਂ ਲਾਹੌਰ ਜਾਣ ਵਾਲੀ ਸੜਕ 'ਤੇ ਸੀ । ਇਕ ਵਾਰ (ਸੰਮਤ ੧੬੨੨ ਵਿੱਚ) ਅਕਬਰ ਬਾਦਸ਼ਾਹ ਦਿੱਲੀਓਂ ਲਾਹੌਰ ਜਾ ਰਿਹਾ ਸੀ । ਉਹ ਗੋਂਦਵਾਲ ਆਇਆ, ਉਸ ਨੂੰ ਗੁਰੂ-ਘਰ ਬਾਰੇ ਪਤਾ ਸੀ । ਉਸ ਦੇ ਬਾਬੇ-ਬਾਬਰ ਨੇ ਗੁਰੂ ਨਾਨਕ ਦੇਵ ਜੀ ਤੋਂ ਅਤੇ ਉਸ ਦੇ ਪਿਤਾ ਹੁਮਾਯੂੰ ਨੇ ਗੁਰੂ ਅੰਗਦ ਦੇਵ ਜੀ ਤੋਂ ਵਰ ਤੇ ਅਸ਼ੀਰਵਾਦ ਪ੍ਰਾਪਤ ਕੀਤੀ ਸੀ । ਗੋਂਦਵਾਲ ਪਹੁੰਚ ਕੇ ਉਸ ਨੇ ਗੁਰੂ ਅਮਰਦਾਸ ਜੀ ਦੇ ਦਰਸ਼ਨ ਕਰਨੇ ਚਾਹੇ । ਉਸ ਨੂੰ ਵੀ ਇਹੋ ਕਿਹਾ ਗਿਆ ਕਿ ਪਹਿਲਾਂ ਪੰਗਤ ਵਿੱਚ ਬਹਿ ਕੇ ਲੰਗਰੋਂ ਪ੍ਰਸ਼ਾਦ ਛਕੋ, ਫੇਰ ਦਰਸ਼ਨ ਹੋਣਗੇ । ਉਸ ਨੇ ਅਜਿਹਾ ਕੀਤਾ, ਤਾਂ ਫੇਰ ਉਹ ਦਰਸ਼ਨ ਕਰ ਸਕਿਆ ।

ਅਕਬਰ ਬਾਦਸ਼ਾਹ ਗੁਰੂ ਜੀ ਦੇ ਦਰਸ਼ਨ ਕਰ ਕੇ ਤੇ ਬਚਨ ਸੁਣ ਕੇ ਬੜਾ ਨਿਹਾਲ ਹੋਇਆ । ਲੰਗਰ ਦਾ ਪ੍ਰਬੰਧ ਵੇਖ ਕੇ ਉਹ ਬੜਾ ਖ਼ੁਸ਼ ਹੋਇਆ, ਉਸ ਨੇ ਲੰਗਰ ਲਈ ਜਾਗੀਰ ਦੇਣੀ ਚਾਹੀ ਪਰ ਗੁਰੂ ਜੀ ਨੇ ਕਿਹਾ ਕਿ ਗੁਰੂ ਕਾ ਲੰਗਰ ਗੁਰਸਿੱਖਾਂ ਦੀ ਸੇਵਾ-ਕਮਾਈ ਦੇ ਸਿਰ 'ਤੇ ਚੱਲੇ ਤਾਂ ਹੀ ਠੀਕ ਹੈ । ਇਸ ਲਈ ਉਨ੍ਹਾਂ ਨੇ ਜਗੀਰ ਲੈਣੋਂ ਨਾਂਹ ਕਰ ਦਿੱਤੀ । ਇਸ ਨਾਂਹ ਨੇ ਗੁਰੂ ਜੀ ਨੂੰ ਅਕਬਰ ਦੀਆਂ ਨਜ਼ਰਾਂ ਵਿੱਚ ਹੋਰ ਵੀ ਉਚਿਆਂ ਕਰ ਦਿੱਤਾ।

ਇਸੇ ਤਰ੍ਹਾਂ ਹਰੀਪੁਰ ਦੇ ਰਾਜੇ ਅਤੇ ਰਾਣੀਆਂ ਨੇ ਵੀ ਆਮ



ਲੋਕਾਂ ਦੇ ਨਾਲ ਪੰਗਤ ਵਿੱਚ ਬਹਿ ਕੇ ਪ੍ਰਸ਼ਾਦ ਛਕਿਆ ਅਤੇ ਫੇਰ ਗੁਰੂ ਜੀ ਦੇ ਦਰਸ਼ਨ ਕੀਤੇ ।

(ਅ) ਜਾਤ-ਪਾਤ ਤੋੜ ਕੇ ਵਿਆਹ– ਜਾਤ-ਪਾਤ ਦੇ ਭਰਮਾਂ ਤੋਂ ਤੁਰੀ ਵਰਤੋਂ-ਵਿਹਾਰ ਦਾ ਇਕ ਅੰਗ ਇਹ ਸੀ ਕਿ ਖਾਸ-ਖਾਸ ਜਾਤਾਂ ਬਰਾਦਰੀਆਂ ਖਾਸ-ਖਾਸ ਜਾਤ ਵਿੱਚ ਤੇ ਖਾਸ ਇਲਾਕੇ ਦੀ ਹੱਦ-ਬੰਦੀ ਦੇ ਅੰਦਰ-ਅੰਦਰ ਹੀ ਆਪੋ ਵਿੱਚ ਵਿਆਹ ਨਾਤੇ ਕਰਦੀਆਂ ਸਨ । ਸਾਕ ਕਰਨ ਤੋਂ ਪਹਿਲਾਂ ਨਾਨਕੀਆਂ, ਦਾਦਕੀਆਂ ਗੋਤਾਂ ਬਾਰੇ ਪੂਰੀ ਪੜਤਾਲ ਕੀਤੀ ਜਾਂਦੀ । ਖਾਸ ਘੇਰੇ ਤੋਂ ਬਾਹਰ ਸਾਕ ਨਾਤਾ ਕਰਨ ਦੀ ਖੁਲ੍ਹ ਨਹੀਂ ਸੀ । ਗੁਰੂ ਜੀ ਨੇ ਇਨ੍ਹਾਂ ਸਮਾਜਕ ਬੰਧਨਾਂ ਨੂੰ ਤੋੜਨ ਲਈ ਜਤਨ ਕੀਤੇ । ਉਨ੍ਹਾਂ ਨੇ ਆਪਣੇ ਕਈ ਸਿੱਖਾਂ ਦੇ ਵਿਆਹ ਜਾਤ-ਪਾਤ ਤੇ ਗੋਤ ਬਿਰਾਦਰੀ ਦੇ ਸਭ ਖਿਆਲ ਤਿਆਗ ਕੇ ਕਰਾਏ । ਦੋ ਮਿਸਾਲਾਂ ਏਥੇ ਦੇਂਦਾ ਹਾਂ ।

ਪ੍ਰੇਮੇ ਨਾਂ ਦਾ ਇਕ ਕੁਸ਼ਟੀ ਗੁਰੂ ਜੀ ਦੇ ਦਰ 'ਤੇ ਆਇਆ। ਉਹ ਵਾਹਿਗੁਰੂ ਦੇ ਨਾਮ ਦਾ ਸਿਮਰਨ ਕਰਦਾ ਰਿਹਾ । ਗੁਰੂ ਜੀ ਤੇ ਵਾਹਿਗੁਰੂ ਨੇ ਮਿਹਰ ਕੀਤੀ । ਉਹ ਰਾਜ਼ੀ ਹੋ ਗਿਆ । ਗੁਰੂ ਜੀ ਨੇ ਕਿਹਾ ਕਿ ਵੇਖੋ ਇਸ ਦਾ ਸਰੀਰ ਮੁਰਾਰੀ ਜਿਹਾ ਸੁੰਦਰ ਹੋ ਗਿਆ ਹੈ । ਇਸ ਤੋਂ ਉਸ ਦਾ ਨਾਂ ਮੁਰਾਰੀ ਪਿਆ । ਉਹ ਗੁਰ-ਸੰਗਤ ਦੀ ਹਰ ਪ੍ਰਕਾਰ ਦੀ ਸੇਵਾ ਕਰਦਾ ਤੇ ਨਾਮ ਜਪਦਾ ਰਿਹਾ। ਇਕ ਦਿਨ ਗੁਰੂ ਜੀ ਨੇ ਦੀਵਾਨ ਵਿੱਚ ਬਚਨ ਕੀਤਾ, 'ਕੋਈ ਸਿੱਖ ਇਸ ਨੂੰ ਆਪਣੀ ਲੜਕੀ ਦੇਵੇ ।' ਇਹ ਬਚਨ ਸੁਣ ਕੇ ਸ਼ੀਹੇਂ ਉਪਲ ਨੇ ਬੇਨਤੀ ਕੀਤੀ ਕਿ 'ਸੱਚੇ ਪਾਤਸ਼ਾਹ ! ਮੇਰੀ ਬੇਟੀ ਹਾਜ਼ਰ ਹੈ ।' ਸੋ, ਦੋਹਾਂ ਦਾ ਵਿਆਹ ਕੀਤਾ ਗਿਆ । ਜਾਤ ਗੋਤ ਬਾਰੇ ਕੋਈ ਪੁੱਛ-ਪੜਤਾਲ ਨਾ ਕੀਤੀ ।

ਭਾਈ ਸੱਚਨ-ਸੱਚ ਦਾ ਵਿਆਹ ਵੀ ਜਾਤ-ਪਾਤ ਦੇ ਵਿਚਾਰਾਂ ਤੋਂ ਬਿਨਾਂ ਤੇ ਜਾਤ-ਪਾਤ ਦੇ ਬੰਧਨ ਤੋੜ ਕੇ ਕੀਤਾ ਗਿਆ । ਏਥੇ ਹੀ ਬੱਸ ਨਹੀਂ, ਗੁਰੂ ਜੀ ਨੇ ਆਪਣੀ ਸਪੁੱਤਰੀ ਬੀਬੀ ਦਾਨੀ ਦਾ

ਵਿਆਹ ਸ੍ਰੀ ਰਾਮਾ ਜੀ ਨਾਮੇ ਸਧਾਰਨ ਸਿੱਖ ਨਾਲ ਕੀਤਾ ਅਤੇ ਬੀਬੀ ਭਾਨੀ ਜੀ ਲਈ ਘੁੰਙਣੀਆਂ ਵੇਚਣ ਵਾਲੇ ਯਤੀਮ ਗੱਭਰੂ, ਸ੍ਰੀ ਜੇਠਾ ਜੀ ਨੂੰ ਜਾਤ-ਪਾਤ ਸੰਬੰਧੀ ਕਿਸੇ ਪ੍ਰਕਾਰ ਦੀ ਪੁੱਛ-ਗਿੱਛ ਕਰਨ ਤੋਂ ਬਿਨਾਂ ਚੁਣਿਆ। ਇਸ ਤਰ੍ਹਾਂ ਆਪ ਨੇ ਸਮਾਜ-ਸੁਧਾਰ ਦੀ ਅਸਚਰਜ ਮਿਸਾਲ ਪੇਸ਼ ਕੀਤੀ।

੪) ਦੇਸ਼ ਵਿੱਚ ਚਿਰਾਂ ਤੋਂ ਤੁਰੀ ਆ ਰਹੀ ਸਤੀ ਦੀ ਰਸਮ ਬੰਦ ਕਰਨ ਵੱਲ ਗੁਰੂ ਜੀ ਨੇ ਖਾਸ ਧਿਆਨ ਦਿੱਤਾ। ਇਸ ਰਸਮ ਅਨੁਸਾਰ ਇਸਤਰੀ ਨੂੰ ਆਪਣੇ ਮਰ ਗਏ ਪਤੀ ਦੀ ਚਿਖਾ ਵਿੱਚ ਪੈ ਕੇ ਜੀਉਂਦੀ ਨੂੰ ਸੜਨਾ ਪੈਂਦਾ ਸੀ। ਗੁਰੂ ਜੀ ਨੇ ਇਸ ਰਸਮ ਨੂੰ ਨਿੰਦਿਆ ਅਤੇ ਵਰਜਿਆ। ਆਪ ਨੇ ਫ਼ੁਰਮਾਇਆ :

*ਸਤੀਆ ਏਹਿ ਨ ਆਖੀਅਨਿ ਜੋ ਮੜਿਆ ਲਗਿ ਜਲੰਨ੍ਹਿ ॥*
*ਨਾਨਕ ਸਤੀਆ ਜਾਣੀਅਨ੍ਹਿ ਜਿ ਬਿਰਹੇ ਚੋਟ ਮਰੰਨ੍ਹਿ ॥...*
*ਭੀ ਸੋ ਸਤੀਆ ਜਾਣੀਅਨਿ ਸੀਲ ਸੰਤੋਖਿ ਰਹੰਨ੍ਹਿ ॥*
*ਸੇਵਨਿ ਸਾਈ ਆਪਣਾ ਨਿਤ ਉਠਿ ਸੰਮ੍ਹਾਲੰਨ੍ਹਿ ॥*[੧]

ਅਰਥਾਤ ਸਤੀਆਂ ਉਹ ਨਹੀਂ ਅਖਵਾ ਸਕਦੀਆਂ ਜੋ ਮੁਰਦਿਆਂ ਨਾਲ ਮੜ੍ਹੀਆਂ ਵਿੱਚ ਬਹਿ ਕੇ ਸੜ ਮਰਨ। ਅਸਲੀ ਸਤੀਆਂ ਤਾਂ ਉਹ ਹਨ ਜੋ ਪਤੀ-ਵਿਛੋੜੇ ਦੇ ਸਦਮੇ ਨਾਲ ਹੀ ਪ੍ਰਾਣ ਤਿਆਗ ਦੇਣ। ਉਹ ਵੀ ਸਤੀਆਂ ਹਨ ਜੋ ਪਤੀ ਦੇ ਚਲਾਣੇ ਮਗਰੋਂ ਆਪਣਾ ਚਾਲ-ਚਲਨ ਉੱਚਾ ਸੁੱਚਾ ਰੱਖਣ ਅਤੇ ਪਰਮਾਤਮਾ ਦਾ ਨਾਮ ਜਪਣ।

੫) ਗੁਰੂ ਜੀ ਨੇ ਇਸਤਰੀ-ਜਾਤੀ ਨੂੰ ਸਮਾਜ ਦੇ ਪਏ ਅਯੋਗ ਬੰਧਨਾਂ ਤੋਂ ਛੁਡਾ ਕੇ ਉਸ ਨੂੰ ਉਚਿਆਂ ਚੁੱਕਣ ਅਤੇ ਸਮਾਜ ਵਿੱਚ ਮਾਣ ਵਾਲੀ ਪਦਵੀ ਦੇਣ ਦੇ ਜਤਨ ਕੀਤੇ। ਆਪ ਨੇ ਇਸਤਰੀ ਦੇ ਪਰਦੇ ਅੰਦਰ ਰਹਿਣ ਅਤੇ ਘੁੰਡ ਕੱਢਣ ਦੇ ਰਿਵਾਜ ਨੂੰ ਵੀ ਦੂਰ

੧ ਵਾਰ ਸੂਹੀ ਮਹਲਾ ੩, ਪੰਨਾ ੭੮੭।



ਕੀਤਾ। ਸਭ ਮਾਈਆਂ ਬੀਬੀਆਂ, ਖੁਲ੍ਹੇ ਮੂੰਹ ਸੰਗਤ ਵਿੱਚ ਆਉਂਦੀਆਂ ਸਨ, ਲੰਗਰ ਵਿੱਚ ਸੇਵਾ ਕਰਦੀਆਂ ਸਨ ਅਤੇ ਪੰਗਤ ਵਿੱਚ ਬਹਿ ਕੇ ਪ੍ਰਸ਼ਾਦ ਛਕਦੀਆਂ ਸਨ। ਦਰਸ਼ਨ ਕਰਨ ਆਈਆਂ ਰਾਜਾ ਹਰੀ ਪੁਰ ਦੀਆਂ ਰਾਣੀਆਂ ਨੂੰ ਆਪ ਨੇ ਉਪਦੇਸ਼ ਕੀਤਾ ਕਿ ਸੰਗਤ ਵਿੱਚ ਘੁੰਡ ਕੱਢਣਾ ਅਤੇ ਪਰਦਾ ਕਰਨਾ ਠੀਕ ਨਹੀਂ, ਉਨ੍ਹਾਂ ਨੇ ਹੁਕਮ ਮੰਨਿਆ।

੬) ਸਮਾਜ ਵਿੱਚ ਬੰਦੇ ਦੀ ਮੌਤ ਮਗਰੋਂ ਕਈ ਭੈੜੀਆਂ ਰਸਮਾਂ ਕੀਤੀਆਂ ਜਾਂਦੀਆਂ ਸਨ। ਆਪ ਨੇ ਇਨ੍ਹਾਂ ਸਭ ਦੀ ਮਨਾਹੀ ਕੀਤੀ ਅਤੇ ਮਿਰਤਕ ਸੰਸਕਾਰ ਬਾਰੇ ਗੁਰ-ਮਰਯਾਦਾ ਕਾਇਮ ਕੀਤੀ।

ਗੱਲ ਕੀ, ਜਿੰਨੀਆਂ ਵੀ ਬੁਰਾਈਆਂ ਤੇ ਕੁਰੀਤੀਆਂ ਸਮਾਜ ਵਿੱਚ ਪ੍ਰਚੱਲਤ ਸਨ, ਗੁਰੂ ਜੀ ਨੇ ਸਭ ਨੂੰ ਦੂਰ ਕਰਨ ਅਤੇ ਉਨ੍ਹਾਂ ਦੇ ਥਾਂ ਚੰਗੇਰੀ ਮਰਯਾਦਾ ਤੋਰੀ।

☆ ☆ ☆

ਕਾਂਡ ੫

## ਉਪਦੇਸ਼, ਉਪਕਾਰ, ਪ੍ਰਚਾਰ, ਸੱਚ-ਖੰਡ ਵਾਪਸੀ

ਸ਼ਾਂਤੀ ਤੇ ਖਿਮਾਂ– ਸ੍ਰੀ ਗੁਰੂ ਅਮਰਦਾਸ ਜੀ ਸ਼ਾਂਤੀ ਤੇ ਸਹਿਨਸ਼ੀਲਤਾ ਦੇ ਪੁੰਜ ਸਨ । ਆਪ ਦਾ ਪ੍ਰਚਾਰ ਸੀ ਕਿ ਅਗਲੇ ਦੀਆਂ ਭੁੱਲਾਂ ਨੂੰ ਮਾਫ ਕਰੋ, ਬਦਲੇ ਦਾ ਖਿਆਲ ਵੀ ਨਾ ਕਰੋ ਅਤੇ ਬੁਰੇ ਦਾ ਵੀ ਭਲਾ ਕਰੋ । ਸਿੱਖਾਂ ਨੂੰ ਇਸ ਸਿਖਿਆ ਨੂੰ ਕਮਾਉਣ ਦੇ ਚੋਖੇ ਤੇ ਕਰੜੀ ਪਰੀਖਿਆ ਭਰੇ ਮੌਕੇ ਮਿਲੇ ।

ਗੋਂਦਵਾਲ ਨੂੰ ਵੱਧਦਾ-ਫੁੱਲਦਾ ਵੇਖ ਕੇ ਓਥੇ ਕੁਝ ਮੁਸਲਮਾਨ ਵੀ ਆ ਵੱਸੇ ਸਨ । ਉਹ ਬੜੇ ਹੰਕਾਰੀ ਸਨ । ਉਨ੍ਹਾਂ ਦਾ ਖਿਆਲ ਸੀ ਕਿ ਰਾਜ ਸਾਡਾ ਹੈ ਅਤੇ ਗੈਰ-ਮੁਸਲਮਾਨ ਸਭ ਸਾਡੇ ਅਧੀਨ ਤੇ ਸਾਡੀ ਪਰਜਾ ਹਨ । ਉਨ੍ਹਾਂ ਨੇ ਗੁਰੂ ਜੀ ਅਤੇ ਗੁਰਸਿੱਖਾਂ ਉਪਰ ਰੁਹਬ ਪਾਉਣਾ ਚਾਹਿਆ ਪਰ ਆਪ ਜੀ ਨੇ ਸਿੱਖਾਂ ਨੂੰ ਨਿਰਭੈ ਹੋ ਕੇ ਰਹਿਣ ਅਤੇ ਈਨ ਨਾ ਮੰਨਣ ਦਾ ਉਪਦੇਸ਼ ਦਿੱਤਾ । ਮੁਸਲਮਾਨ ਚਿੜ ਗਏ । ਉਨ੍ਹਾਂ ਨੇ ਆਪਣੇ ਮੁੰਡਿਆਂ ਨੂੰ ਸਿਖਾਇਆ ਕਿ ਸਿੱਖਾਂ ਨੂੰ ਤੰਗ ਕਰੋ ।

ਇਸ ਚੁੱਕ ਦੇ ਅਸਰ ਹੇਠ ਮੁਸਲਮਾਨ ਮੁੰਡੇ ਪਾਣੀ ਭਰ ਕੇ ਲਿਆ ਰਹੇ ਸਿੱਖਾਂ ਦੇ ਘੜੇ ਵੱਟੇ ਮਾਰ ਕੇ ਭੰਨ ਦਿਆ ਕਰਨ । ਉਨ੍ਹਾਂ ਨੇ ਗੁਰੂ ਜੀ ਨੂੰ ਇਹ ਗੱਲ ਦੱਸੀ, ਤਾਂ ਆਪ ਨੇ ਹੁਕਮ ਦਿੱਤਾ ਕਿ ਮਸ਼ਕਾਂ ਬਣਾ ਲਵੋ । ਮੁਸਲਮਾਨ ਦੋਖੀ ਮਸ਼ਕਾਂ ਨੂੰ ਤੀਰ ਮਾਰ-ਮਾਰ ਕੇ ਵਿੰਨ੍ਹਣ ਲੱਗ ਪਏ । ਗੁਰੂ ਜੀ ਨੇ ਕਿਹਾ ਕਿ ਪਿੱਤਲ ਦੀਆਂ ਗਾਗਰਾਂ ਵਰਤਣ ਲੱਗ ਪਵੋ । ਪਰ ਉਹ ਫੇਰ ਵੀ ਨਾ ਟਲੇ । ਗੁਰੂ ਜੀ ਨੇ ਫੇਰ ਵੀ ਇਹੋ ਹੀ ਕਿਹਾ, *'ਗੁਰਸਿੱਖ ਬੁਰੇ ਦਾ ਵੀ ਭਲਾ ਕਰਦੇ ਹਨ ਤੇ ਕਿਸੇ ਤੋਂ ਬਦਲਾ ਨਹੀਂ ਲੈਂਦੇ । ਨਿਰਵੈਰਾਂ ਨਾਲ ਵੈਰ ਕਮਾਉਣ ਵਾਲੇ ਆਪਣਾ ਕੀਤਾ ਆਪੇ*



*ਪਾਉਣਗੇ । ਉਹ ਆਪਣੇ ਸੁਭਾਅ ਅਨੁਸਾਰ ਵਰਤਦੇ ਹਨ ਤੁਸੀਂ ਆਪਣਾ ਸੁਭਾਅ ਨਾ ਛੱਡੋ, ਵਾਹਿਗੁਰੂ ਭਲੀ ਕਰੇਗਾ ।'*

ਬਾਉਲੀ ਸਾਹਿਬ– ਗੋਇੰਦਵਾਲ ਪੱਤਣ ਦਾ ਨਗਰ ਸੀ ਅਤੇ ਉਹ ਪੱਤਣ ਵੀ ਸੀ ਸ਼ਾਹੀ ਸੜਕ ਦਾ, ਇਸ ਕਰ ਕੇ ਮੁਸਾਫਰਾਂ ਅਤੇ ਲੋਕਾਂ ਦਾ ਇਸ ਥਾਂ ਤੋਂ ਲਾਂਘਾ ਬਹੁਤ ਸੀ । ਗੁਰੂ ਸੰਗਤ ਵੀ ਇਥੇ ਕਾਫੀ ਜੁੜੀ ਰਹਿੰਦੀ ਸੀ । ਗੁਰੂ ਜੀ ਦਾ ਲੰਗਰ ਹਰੇਕ ਮਨੁੱਖ ਮਾਤਰ ਲਈ ਖੁੱਲ੍ਹਾ ਸੀ ਉਥੋਂ ਹਰੇਕ ਨੂੰ ਦੀਨ ਧਰਮ ਜਾਂ ਜਾਤ-ਪਾਤ ਪੁੱਛੇ ਬਿਨਾਂ ਖਾਣ ਨੂੰ ਚੰਗਾ ਚੋਖਾ ਤੇ ਰੱਜਵਾਂ ਭੋਜਨ ਮਿਲਦਾ ਸੀ ਪਰ ਪਾਣੀ ਦੀ ਥੁੜ ਸੀ । ਗੁਰੂ ਜੀ ਨੇ ਫੈਸਲਾ ਕੀਤਾ ਕਿ ਇਕ ਅਜਿਹੀ ਬਾਉਲੀ ਲਾਈ ਜਾਵੇ ਜਿਸ ਦਾ ਜਲ ਅਟੁੱਟ ਹੋਵੇ ਹਰਟ ਵੀ ਚੱਲਣ, ਮਨੁੱਖਾ ਨੂੰ ਵੀ ਤੇ ਮਾਲ-ਡੰਗਰ ਨੂੰ ਵੀ ਪਾਣੀ ਮਿਲੇ, ਇਸ਼ਨਾਨ ਵੀ ਖੁੱਲ੍ਹਾ ਹੋ ਸਕੇ ਅਤੇ ਜੋ ਭਜਨ-ਬੰਦਗੀ ਦਾ ਟਿਕਾਣਾ ਬਣ ਸਕੇ ।

ਇਸ ਆਸ਼ੇ ਨਾਲ ਆਪ ਨੇ ਸੰਮਤ ੧੬੧੬ ਵਿੱਚ ਬਾਉਲੀ ਲਵਾਉਣੀ ਅਰੰਭੀ । ਪਹਿਲਾ ਟੱਕ ਬਾਬਾ ਬੁੱਢਾ ਜੀ ਪਾਸੋਂ ਲਵਾਇਆ । ਇਸ ਦੀ ਸੇਵਾ ਸਾਧ ਸੰਗਤ ਵੀ ਕਰਦੀ ਰਹੀ ਅਤੇ ਦਿਹਾੜੀਦਾਰ ਰਾਜ ਮਿਸਤਰੀ ਵੀ । ਸ੍ਰੀ ਜੇਠਾ ਜੀ (ਸ੍ਰੀ ਰਾਮਦਾਸ ਜੀ) ਨਾ ਕੇਵਲ ਟੋਕਰੀ ਹੀ ਢੋਂਦੇ ਸਗੋਂ ਸਾਰੇ ਕੰਮ ਦਾ ਪ੍ਰਬੰਧ ਵੀ ਕਰਦੇ ਰਹੇ । ਇਨ੍ਹਾਂ ਨੂੰ ਟੋਕਰੀ ਢੋਂਦਿਆਂ ਨੂੰ ਵੇਖ ਕੇ ਇਨ੍ਹਾਂ ਦੀ ਬਰਾਦਰੀ ਦੇ ਲਾਹੌਰੋਂ ਆਏ ਲੋਕਾਂ ਨੇ ਮਿਹਣੇ ਮਾਰੇ ਪਰ ਆਪ ਗੁਰ-ਸੇਵਾ ਵਿੱਚ ਮਗਨ ਹੋ ਕੇ ਲੱਗੇ ਰਹੇ ।

ਇਹ ਬਾਉਲੀ ਸੰਮਤ ੧੬੨੧ ਵਿੱਚ ਸੰਪੂਰਨ ਹੋਈ । ਇਸ ਦੀਆਂ ੮੪ ਪੌੜੀਆਂ ਹਨ ।

ਈਰਖਾਲੂਆਂ ਦੀਆਂ ਸ਼ਿਕਾਇਤਾਂ– ਅੱਗੇ ਦੱਸ ਆਏ ਹਾਂ

ਕਿ ਗੋਂਦੇ ਮਰਵਾਹੇ ਦੀ ਬੇਨਤੀ ਮੰਨ ਕੇ ਗੁਰੂ ਅੰਗਦ ਦੇਵ ਜੀ ਨੇ ਸ੍ਰੀ ਅਮਰਦਾਸ ਜੀ ਨੂੰ ਗੋਂਦਵਾਲ ਵਸਾਉਣ ਦੀ ਆਗਿਆ ਕੀਤੀ ਸੀ ਤੇ ਉਸ ਨੇ ਗੁਰੂ ਜੀ ਦੇ ਨਿਵਾਸ ਲਈ ਮਕਾਨ ਵੀ ਪਵਾ ਦਿੱਤੇ ਸਨ। ਉਹ ਮਰ ਗਿਆ। ਉਸ ਦਾ ਪੁੱਤ ਹੰਕਾਰੀ ਤੇ ਥੋੜ੍ਹ-ਮਤਾ ਸੀ। ਗੁਰਸਿੱਖੀ ਦੇ ਵਿਰੋਧੀਆਂ–ਪੰਡਤਾਂ, ਬ੍ਰਾਹਮਣਾਂ, ਜੋਗੀਆਂ, ਸਾਧੂਆਂ, ਸ਼ੇਖਾਂ ਆਦਿ– ਦੀ ਚੁੱਕ ਵਿੱਚ ਆ ਕੇ ਉਸ ਨੇ ਗੁਰੂ ਜੀ ਨਾਲ ਆਡਾ ਲਾ ਲਿਆ। ਉਸ ਨੇ ਲਾਹੌਰ ਵਿੱਚ ਜਾ ਕੇ ਮੁਸਲਮਾਨ ਹਾਕਮ ਅੱਗੇ ਸ਼ਿਕਾਇਤ ਕੀਤੀ ਕਿ ਮੇਰੇ ਪਿਓ ਨੇ ਆਪਣੇ ਪਿੰਡ ਇਕ ਸਾਧੂ ਵਸਾਇਆ ਸੀ, ਉਹ ਸਾਡੀਆਂ ਭੋਆਂ ਦੱਬੀ ਜਾਂਦਾ ਹੈ ਤੇ ਹੁਣ ਸਾਡੇ ਬਾਗ ਵਾਲੀ ਭੋਂ ਉਪਰ ਕਬਜ਼ਾ ਕਰ ਕੇ ਮੱਲੋ-ਮੱਲੀ ਬਾਉਲੀ ਬਣਾ ਰਿਹਾ ਹੈ। ਉਸ ਨੂੰ ਬੇ-ਦਖਲ ਕੀਤਾ ਜਾਵੇ।

ਹਾਕਮ ਨੇ ਪੁੱਛ ਪੜਤਾਲ ਕੀਤੀ। ਮੌਕਿਆ ਵੀ ਆ ਕੇ ਵੇਖਿਆ। ਉਸ ਨੇ ਮਰਵਾਹੇ ਦੀ ਅਰਜ਼ੀ ਖਾਰਜ ਕਰ ਦਿੱਤੀ। ਉਸ ਮਰਵਾਹੇ ਨੇ ਬਾਦਸ਼ਾਹ ਅਕਬਰ ਪਾਸ ਜਾ ਅਪੀਲ ਕੀਤੀ। ਬਾਦਸ਼ਾਹ ਨੇ ਪੁੱਛ-ਪੜਤਾਲ ਕਰ ਕੇ ਉਸ ਨੂੰ ਝਾੜ ਪਾਈ। ਉਸ ਅਤੇ ਉਸ ਦੇ ਨੌਕਰ ਨੂੰ ਧੱਕੇ ਮਾਰ ਕੇ ਕੱਢ ਦੇਣ ਦਾ ਹੁਕਮ ਦਿੱਤਾ। ਜੋ ਦੁਰਗਤੀ ਮਰਵਾਹੇ ਦੀ ਦਰਬਾਰ ਵਿੱਚ, ਨੱਗਰ ਵਿੱਚ, ਸਾਕਾਂ ਵਿੱਚ ਤੇ ਪਰਵਾਰ ਵਿੱਚ ਹੋਈ ਉਹ ਮਗਰੋਂ ਗੁਰੂ ਰਾਮਦਾਸ ਜੀ ਨੇ ਆਪਣੇ ਇਕ ਸਲੋਕ ਵਿੱਚ ਵਰਣਨ ਕੀਤੀ। ਉਸ ਸਲੋਕ ਦੀਆਂ ਕੁਝ ਤੁਕਾਂ ਇਹ ਹਨ :

*ਪਰਾਈ ਜੋ ਨਿੰਦਾ ਚੁਗਲੀ ਨੋ ਵੇਮੁਖੁ ਕਰਿ ਕੈ ਭੇਜਿਆ*
*ਓਥੈ ਭੀ ਮੁਹੁ ਕਾਲਾ ਦੁਹਾ ਵੇਮੁਖਾ ਦਾ ਕਰਾਇਆ ॥*
*ਤੜ[1] ਸੁਣਿਆ ਸਭਤੁ ਜਗਤ ਵਿਚਿ ਭਾਈ*

੧ ਝਟ, ਤੁਰੰਤ।



*ਵੇਮੁਖੁ ਸਣੈ ਨਫਰੈ ਪਉਲੀ[1] ਪਉਦੀ ਫਾਵਾ[2] ਹੋਇ ਕੈ*
*ਉਠਿ ਘਰਿ ਆਇਆ ॥*
*ਅਗੈ ਸੰਗਤੀ ਕੁੜਮੀ ਵੇਮੁਖੁ ਰਲਣਾ ਨ ਮਿਲੈ*
*ਤਾ ਵਹੁਟੀ ਭਤੀਜੀ ਫਿਰਿ ਆਣਿ ਘਰਿ ਪਾਇਆ ॥[3]*

ਵੈਸਾਖੀ ਦਾ ਮੇਲਾ– ਬਾਉਲੀ ਤਿਆਰ ਹੋਣ ਤੋਂ ਕੁਝ ਚਿਰ ਮਗਰੋਂ ਇਕ ਪ੍ਰੇਮੀ ਸਿੱਖ, ਭਾਈ ਪਾਰੋ ਪਰਮ ਹੰਸ ਦੀ ਤਜਵੀਜ਼ ਮੰਨ ਕੇ ਗੁਰੂ ਜੀ ਨੇ ਗੋਂਦਵਾਲ ਵਿੱਚ ਵੈਸਾਖੀ ਦਾ ਜੋੜ-ਮੇਲਾ ਕਰਨ ਦਾ ਫੈਸਲਾ ਕੀਤਾ। ਸਭ ਥਾਵਾਂ ਦੀਆਂ ਸੰਗਤਾਂ ਨੂੰ ਇਤਲਾਹ ਦਿੱਤੀ ਗਈ ਅਤੇ ਹੁਕਮਨਾਮੇ ਜਾਂ ਸੱਦੇ ਭੇਜੇ ਗਏ। ਵੈਸਾਖੀ ਦਾ ਪਹਿਲਾ ਮੇਲਾ ਸੰਮਤ ੧੬੨੪ ਵਿੱਚ ਲੱਗਾ। ਸੰਗਤਾਂ ਹਜ਼ਾਰਾਂ ਦੀ ਗਿਣਤੀ ਵਿੱਚ ਆਈਆਂ। ਸਭ ਵਾਸਤੇ ਰਿਹਾਇਸ਼, ਇਸ਼ਨਾਨ, ਪਾਣੀ ਤੇ ਲੰਗਰ ਦਾ ਸੋਹਣਾ ਪ੍ਰਬੰਧ ਕੀਤਾ ਗਿਆ। (ਮਗਰੋਂ ਵੈਸਾਖੀ ਸਿੱਖਾਂ ਦਾ ਕੌਮੀ ਤਿਉਹਾਰ ਬਣ ਗਿਆ। ਜਿਥੇ ਕੋਈ ਸਤਿਗੁਰੂ ਨਿਵਾਸ ਕਰਦੇ ਓਥੇ ਵੈਸਾਖੀ ਦਾ ਜੋੜ ਮੇਲਾ ਹੁੰਦਾ ਰਿਹਾ। ਗੁਰੂ ਗੋਬਿੰਦ ਸਿੰਘ ਜੀ ਨੇ ਵੀ ਵੈਸਾਖੀ ਵਾਲੇ ਦਿਨ ਹੀ ਅੰਮ੍ਰਿਤ-ਸੰਚਾਰ ਕੀਤਾ ਅਤੇ ਖਾਲਸਾ ਸਾਜਿਆ। ਇਸ ਤਰ੍ਹਾਂ ਵੈਸਾਖੀ ਖਾਲਸੇ ਦਾ ਜਨਮ ਦਿਹਾੜਾ ਬਣ ਗਿਆ।)

ਗੁਰਸਿੱਖੀ ਦਾ ਪ੍ਰਚਾਰ– ਅੱਗੇ ਦੱਸਿਆ ਗਿਆ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਜਿਥੇ ਵੀ ਸਿੱਖ ਸੰਗਤ ਸਾਜਿਆ ਕਰਦੇ ਸਨ, ਓਥੇ ਹੀ ਮੁਖੀ ਸਿੱਖ ਨੂੰ ਪ੍ਰਚਾਰ ਦੀ ਸੇਵਾ ਸੌਂਪ ਆਉਂਦੇ ਸਨ। ਸ੍ਰੀ ਗੁਰੂ ਅੰਗਦ ਦੇਵ ਜੀ ਨੇ ਭੀ ਕਈ ਗੁਰਸਿੱਖਾਂ ਨੂੰ ਗੁਰਸਿੱਖੀ ਦੇ ਪ੍ਰਚਾਰ 'ਤੇ ਲਾਇਆ ਸੀ ਪਰ ਇਸ ਪ੍ਰਚਾਰ ਨੂੰ ਜਥੇਬੰਦ ਕਰ ਕੇ ਸਾਰੇ ਸਿੱਖ ਜਗਤ ਵਿੱਚ ਇਸ ਦਾ ਪੱਕਾ ਪ੍ਰਬੰਧ

੧ ਛਿੱਤਰ। ੨ ਸ਼ਰਮਿੰਦਾ। ੩ ਵਾਰ ਗਉੜੀ, ਪੰਨਾ ੩੦੬।

ਕਰਨ ਦਾ ਕੰਮ ਸ੍ਰੀ ਗੁਰੂ ਅਮਰਦਾਸ ਜੀ ਨੇ ਕੀਤਾ। ਆਪ ਨੇ ਗੁਰਸਿੱਖੀ ਦੇ ਸਾਰੇ ਇਲਾਕੇ ਨੂੰ ਬਾਈ (੨੨) ਹਿੱਸਿਆਂ ਵਿੱਚ ਵੰਡਿਆ। ਇਨ੍ਹਾਂ ਨੂੰ ਆਪ ਨੇ ਬਾਈ ਮੰਜੀਆਂ ਦਾ ਨਾਂ ਦਿੱਤਾ। ਹਰੇਕ ਮੰਜੀ ਜਾਂ ਉਪਦੇਸ਼-ਗੱਦੀ ਲਈ ਇਕ ਮੁਖੀ ਸਿੱਖ ਥਾਪਿਆ। ਪ੍ਰਚਾਰ ਦੇ ਇਹ ਕੇਂਦਰ ਹਿੰਦੁਸਤਾਨ ਤੋਂ ਬਾਹਰ ਟਾਪੂਆਂ ਤੀਕ ਫੈਲੇ ਹੋਏ ਸਨ। ਇਨ੍ਹਾਂ ੨੨ ਮੁਖੀ ਸਿੱਖਾਂ ਵਿੱਚ ਹਰ ਜਾਤ ਤੋਂ ਬਣੇ ਸਿੱਖ ਸਨ। ਇਕ ਮੁਸਲਮਾਨੋਂ ਹੋਇਆ ਸਿੱਖ, ਅਲਾਯਾਰ ਖਾਂ ਪਠਾਣ ਵੀ ਸੀ। ਕਾਂਗੜੇ ਕੁੱਲੂ, ਸੁਕੇਤ ਆਦਿ ਪਹਾੜੀ ਇਲਾਕੇ ਲਈ ਗੁਰੂ ਜੀ ਦਾ ਭਤੀਜਾ, ਭਾਈ ਸਾਵਣ ਮੱਲ ਨੀਅਤ ਹੋਇਆ।

ਇਨ੍ਹਾਂ ਤੋਂ ਬਿਨਾਂ ਮੰਜੀਆਂ ਦੇ ਅਧਿਕਾਰੀ ਇਹ ਗੁਰਸਿੱਖ ਸਨ– ਸੱਚਨ-ਸੱਚ, ਸਾਧਾਰਣ, ਸੁੱਖਣ, ਹੰਦਾਲ, ਕੇਦਾਰੀ, ਖੇਡਾ, ਗੰਗੂ ਸ਼ਾਹ, ਦਰਬਾਰੀ, ਪਾਰੋ, ਫੇਰਾ, ਬੂਆ, ਬੇਣੀ, ਮਹੇਸ਼ਾ, ਮਾਈ ਦਾਸ, ਮਾਣਕ ਚੰਦ, ਮੁਰਾਰੀ, ਰਾਜਾ ਰਾਮ, ਰੰਗ ਸ਼ਾਹ, ਰੰਗ ਦਾਸ ਤੇ ਲਾਲੋ।

ਕਈ ਵਿਦਵਾਨਾਂ ਦਾ ਖਿਆਲ ਹੈ ਕਿ ਗੁਰੂ ਜੀ ਨੇ ਗੁਰਸਿੱਖੀ ਦੇ ਪ੍ਰਚਾਰਕ ਇਸਤਰੀਆਂ ਨੂੰ ੫੨ (ਬਵੰਜਾ) ਪੀਹੜੇ ਬਖਸ਼ੇ।

ਇਸ ਤੋਂ ਇਲਾਵਾ ਗੁਰੂ ਜੀ ਆਪ ਵੀ ਪ੍ਰਚਾਰ ਕਰਨ ਲਈ ਜਾਂਦੇ ਰਹੇ। ਇਕ ਵਾਰ ਆਪ ਕੁਰਸ਼ੇਤਰ, ਹਰਿਦਵਾਰ ਆਦਿ ਹਿੰਦੂ ਤੀਰਥਾਂ ਉਪਰ ਵੀ ਇਸ ਕਾਰਜ ਲਈ ਗਏ। ਇਸ ਤੀਰਥ ਯਾਤਰਾ ਦਾ ਹਾਲ ਮਗਰੋਂ ਸ੍ਰੀ ਗੁਰੂ ਰਾਮਦਾਸ ਜੀ ਨੇ ਇਕ ਸ਼ਬਦ ਵਿੱਚ ਦਰਜ ਕੀਤਾ, ਉਸ ਵਿੱਚ ਆਪ ਫੁਰਮਾਉਂਦੇ ਹਨ :

*ਤੀਰਥ ਉਦਮੁ ਸਤਿਗੁਰੂ ਕੀਆ ਸਭ ਲੋਕ ਉਧਰਣ ਅਰਥਾ[੧] ॥*

ਇਸ ਸਾਰੇ ਉੱਦਮ ਦਾ ਨਤੀਜਾ ਇਹ ਹੋਇਆ ਕਿ ਸਭ

੧ ਤੁਖਾਰੀ ਮਹਲਾ ੪, ਪੰਨਾ ੧੧੧੧।



ਜਾਤਾਂ, ਬਰਾਦਰੀਆਂ ਤੇ ਧਰਮਾਂ, ਮੱਤਾਂ ਦੇ ਲੋਕ ਧੜਾ-ਧੜ ਸਿੱਖ ਬਣ ਗਏ। ਕੇਵਲ ਹਿੰਦੂ ਹੀ ਨਹੀਂ ਸਗੋਂ ਮੁਸਲਮਾਨ ਵੀ ਵੱਡੀ ਗਿਣਤੀ ਵਿੱਚ ਗੁਰੂ ਜੀ ਦੇ ਸਿੱਖ ਬਣੇ।

ਗੁਰਸਿੱਖੀ ਦਾ ਮਹਾਨ ਕੇਂਦਰ ਕਾਇਮ ਕਰਨ ਲਈ ਆਪ ਨੇ ਸ੍ਰੀ ਰਾਮਦਾਸ ਜੀ ਨੂੰ ਅੰਮ੍ਰਿਤਸਰ ਵਸਾਉਣ ਦਾ ਹੁਕਮ ਦਿੱਤਾ। ਇਸ ਵਸਤੀ ਦਾ ਮੋੜ੍ਹਾ ਸੰਮਤ ੧੬੩੧ (ਸੰਨ ੧੫੭੪) ਵਿੱਚ ਗਡਿਆ ਗਿਆ ਅਤੇ ਨਾਂ 'ਗੁਰੂ ਕਾ ਚੱਕ' ਰੱਖਿਆ ਗਿਆ।

**ਜੋਤੀ ਜੋਤਿ ਸਮਾਉਣਾ–** ਸ੍ਰੀ ਗੁਰੂ ਅਮਰਦਾਸ ਜੀ ਦੇ ਦੋ ਸਾਹਿਬਜ਼ਾਦੇ ਸਨ– ਬਾਬਾ ਮੋਹਨ ਜੀ ਤੇ ਬਾਬਾ ਮੋਹਰੀ ਜੀ। ਇਨ੍ਹਾਂ ਵਿੱਚੋਂ ਗੁਰ-ਗੱਦੀ ਦੀਆਂ ਜ਼ੁੰਮੇਵਾਰੀਆਂ ਸੰਭਾਲਣ ਜੋਗਾ ਕੋਈ ਵੀ ਨਹੀਂ ਸੀ। ਓਧਰੋਂ ਸ੍ਰੀ ਰਾਮਦਾਸ ਜੀ, ਜਿਨ੍ਹਾਂ ਨਾਲ ਗੁਰੂ ਜੀ ਦੀ ਸਪੁੱਤਰੀ ਬੀਬੀ ਭਾਨੀ ਜੀ, ਵਿਆਹੀ ਹੋਈ ਸੀ, ਹਰ ਪ੍ਰੀਖਿਆ ਵਿੱਚ ਪੂਰੇ ਉਤਰੇ ਅਤੇ ਹਰ ਤਰ੍ਹਾਂ ਯੋਗ ਸਾਬਤ ਹੋਏ। ਇਸ ਕਰ ਕੇ ਆਪਣੀ ਸੱਚ-ਖੰਡ ਵਾਪਸੀ ਦਾ ਸਮਾਂ ਆ ਗਿਆ ਜਾਣ ਕੇ ਗੁਰੂ ਅਮਰਦਾਸ ਜੀ ਨੇ ਭਾਦੋਂ ਸੁਦੀ ੧੫ ਅਰਥਾਤ ਭਾਦੋਂ ਦੀ ਪੂਰਨਮਾਸ਼ੀ ਵਾਲੇ ਦਿਨ (੨ ਅੱਸੂ) ਸੰਮਤ ੧੬੩੧ ਮੁਤਾਬਕ ੧ ਸਤੰਬਰ ਸੰਨ ੧੫੭੪ ਨੂੰ ਸ੍ਰੀ ਰਾਮਦਾਸ ਜੀ ਅੱਗੇ ਪੰਜ ਪੈਸੇ ਤੇ ਨਰੇਲ ਰੱਖ ਕੇ ਮੱਥਾ ਟੇਕਿਆ, ਆਪਣੇ ਸਿੰਘਾਸਨ 'ਤੇ ਬਿਠਾਇਆ ਅਤੇ ਬਾਬਾ ਬੁੱਢਾ ਜੀ ਪਾਸੋਂ ਉਨ੍ਹਾਂ ਨੂੰ ਤਿਲਕ ਲਵਾਇਆ।

ਸ੍ਰੀ ਗੁਰੂ ਅਮਰਦਾਸ ਜੀ ਉਸੇ ਦਿਨ ਜੋਤੀ-ਜੋਤਿ ਸਮਾ ਗਏ।

★ ★ ★

## ਸੈਂਚੀ ਚੌਥੀ

# ਸ੍ਰੀ ਗੁਰੂ ਰਾਮਦਾਸ ਜੀ

(ਸੰਮਤ ੧੫੯੧-੧੬੩੮, ਸੰਨ ੧੫੩੪-੧੫੮੧)



## ਜਗਤ-ਫੇਰੀ ਦਾ ਸੰਖੇਪ

ਜਨਮ– ਕੱਤਕ ਵਦੀ ੨ (੨੫ ਅੱਸੂ) ਸੰਮਤ ੧੫੯੧, ੨੪ ਸਤੰਬਰ ਸੰਨ ੧੫੩੪ ।

ਜਨਮ ਅਸਥਾਨ– ਚੂਨਾ ਮੰਡੀ, ਲਾਹੌਰ (ਪਾਕਿਸਤਾਨ) ।

ਮਾਤਾ-ਪਿਤਾ– ਪਿਤਾ: ਸ੍ਰੀ ਹਰਿਦਾਸ (ਹਰਦਾਸ) ਜੀ, ਮਾਤਾ: ਸ੍ਰੀ ਦਇਆ ਕੌਰ ਜੀ।

ਵਿਆਹ– ੨੨ ਫੱਗਣ ਸੰਮਤ ੧੬੧੦ ਨੂੰ ਗੋਇੰਦਵਾਲ (ਅੰਮ੍ਰਿਤਸਰ) ਸ੍ਰੀ ਗੁਰੂ ਅਮਰਦਾਸ ਜੀ ਦੀ ਸਪੁੱਤ੍ਰੀ ਬੀਬੀ ਭਾਨੀ ਜੀ ਨਾਲ ।

ਸੰਤਾਨ– ਤਿੰਨ ਪੁੱਤਰ ਸ੍ਰੀ ਪ੍ਰਿਥੀ ਚੰਦ (ਪ੍ਰਿਥੀਆ) (ਸੰਮਤ ੧੬੧੫ ਵਿੱਚ), ਸ੍ਰੀ ਮਹਾਂਦੇਵ (ਸੰਮਤ ੧੬੧੭ ਵਿੱਚ), (ਸ੍ਰੀ ਗੁਰੂ) ਅਰਜਨ ਦੇਵ ਜੀ (ਸੰਮਤ ੧੬੨੦ ਵਿੱਚ)।

ਅਸਥਾਨ ਰਚੇ-ਸੰਤੋਖਸਰ ਦੀ ਖੁਦਵਾਈ ਅਰੰਭੀ ਸੰਮਤ ੧੬੨੭ । 'ਗੁਰੂ ਕੇ ਚੱਕ' (ਅੰਮ੍ਰਿਤਸਰ ਨਗਰੀ) ਦੀ ਨੀਂਹ ਰੱਖੀ ਸੰਮਤ ੧੬੩੧ । ਅੰਮ੍ਰਿਤਸਰ (ਸਰੋਵਰ) ਦੀ ਤਿਆਰੀ ਅਰੰਭੀ ਸੰਮਤ ੧੬੩੪ ।

ਗੁਰਿਆਈ– ਭਾਦਰੋਂ ਸੁਦੀ ੧੫ (੨ ਅੱਸੂ) ਸੰਮਤ ੧੬੩੧, ੧ ਸਤੰਬਰ ਸੰਨ ੧੫੭੪ ਨੂੰ ਗੋਂਦਵਾਲ ।

ਸੱਚ-ਖੰਡ ਵਾਪਸੀ–ਭਾਦੋਂ ਸੁਦੀ ੩ (੨ ਅੱਸੂ) ਸੰਮਤ ੧੬੩੮, ੧ ਸਤੰਬਰ ਸੰਨ ੧੫੮੧ ਗੋਂਦਵਾਲ ।

## ਕਾਂਡ ੧

# ਗੁਰਿਆਈ ਤੋਂ ਪਹਿਲਾਂ ਦਾ ਸਮਾਂ

ਜਨਮ—ਸ੍ਰੀ ਗੁਰੂ ਰਾਮਦਾਸ ਜੀ ਦਾ ਜਨਮ ਚੂਨਾ ਮੰਡੀ ਲਾਹੌਰ (ਪਾਕਿਸਤਾਨ) ਦੇ ਵਸਨੀਕ ਸ੍ਰੀ ਹਰਦਾਸ (ਹਰਿਦਾਸ) ਜੀ ਸੋਢੀ ਦੇ ਘਰ, ਮਾਤਾ ਦਇਆ ਕੌਰ ਜੀ ਕੁੱਖ ਤੋਂ ਕੱਤਕ ਵਦੀ ੨ (ਕੱਤੇ ਦੀ ਪੁੰਨਿਆਂ ਤੋਂ ਮਗਰੋਂ ਦੂਜੀ ਥਿਤ ਵਾਲੇ ਦਿਨ), ਸੰਮਤ ੧੫੯੧ ਨੂੰ ਹੋਇਆ । ਉਸ ਦਿਨ ਅੱਸੂ ਮਹੀਨੇ ਦੀ ੨੫ ਤਰੀਕ ਸੀ ਅਤੇ ਸੰਨ ੧੫੩੪ ਦੇ ਮਹੀਨੇ ਸਤੰਬਰ ਦੀ ੨੪ ਤਰੀਕ ਸੀ। ਮਾਪਿਆਂ ਨੇ ਆਪ ਦਾ ਨਾਂ 'ਜੇਠਾ' ਰੱਖਿਆ ।

ਕਿਰਤ-ਕਮਾਈ— ਸ੍ਰੀ ਜੇਠਾ ਜੀ ਅਜੇ ਛੋਟੀ ਉਮਰ ਦੇ ਹੀ ਸਨ ਕਿ ਪਹਿਲਾਂ ਉਨ੍ਹਾਂ ਦੀ ਮਾਤਾ ਜੀ ਚਲਾਣਾ ਕਰ ਗਏ ਅਤੇ ਮਗਰੋਂ ਪਿਤਾ ਜੀ ਵੀ ਸੁਰਗਵਾਸ ਹੋ ਗਏ । ਇਸ ਤਰ੍ਹਾਂ ਉਹ ਸੱਤਾਂ ਅੱਠਾਂ ਵਰ੍ਹਿਆਂ ਦੀ ਉਮਰ ਵਿੱਚ ਯਤੀਮ ਹੋ ਗਏ । ਉਨ੍ਹਾਂ ਦੀ ਨਾਨੀ ਉਨ੍ਹਾਂ ਨੂੰ ਆਪਣੇ ਪਿੰਡ ਬਾਸਰਕੇ (ਅੰਮ੍ਰਿਤਸਰ) ਲੈ ਆਈ। ਨਾਨਕੇ ਘਰ ਦੀ ਗਰੀਬੀ ਦੇ ਕਾਰਨ ਸ੍ਰੀ ਜੇਠਾ ਜੀ ਛੋਟੀ ਉਮਰ ਤੋਂ ਹੀ ਕਿਰਤ-ਕਮਾਈ ਦੀ ਕਾਰ ਵਿੱਚ ਜੁੱਟ ਪਏ । ਆਪ ਛੋਲਿਆਂ ਦੀਆਂ ਘੁੰਙਣੀਆਂ ਵੇਚਿਆ ਕਰਦੇ ਸਨ ਅਤੇ ਇਸ ਤਰ੍ਹਾਂ ਘਰ ਦੇ ਨਿਰਬਾਹ ਵਿੱਚ ਹਿੱਸਾ ਪਾਉਂਦੇ ਸਨ । ਧਰਮੀ ਅਤੇ ਦਾਨੀ ਸੁਭਾਅ ਦਾ ਸਦਕਾ ਉਹ ਕਈ ਵੇਰ ਗਰੀਬ-ਗੁਰਬਿਆਂ ਅਤੇ ਸਾਧਾਂ ਫਕੀਰਾਂ ਨੂੰ ਘੁੰਙਣੀਆਂ ਮੁਫਤ ਹੀ ਵਰਤਾ ਦਿਆ ਕਰਨ । ਉਨ੍ਹਾਂ ਦੇ ਨਾਨਾ ਜੀ ਉਨ੍ਹਾਂ ਨੂੰ ਗੁੱਸੇ ਹੋਇਆ ਕਰਨ, ਪਰ ਫੇਰ ਵੀ ਉਹ ਸਮੇਂ-ਸਮੇਂ ਆਪਣੇ ਜਮਾਂਦਰੂ ਸੁਭਾਅ ਦਾ ਚਮਤਕਾਰ ਵਿਖਾਉਂਦੇ ਹੀ ਰਹੇ ।

ਗੁਰੂ-ਮਿਲਾਪ— ਬਾਸਰਕੇ ਸ੍ਰੀ ਗੁਰੂ ਅਮਰਦਾਸ ਜੀ ਦੀ ਜਨਮ-ਨਗਰੀ ਸੀ । ਓਥੋਂ ਚੋਖੇ ਲੋਕ ਗੁਰੂ ਜੀ ਦੇ ਦਰਸ਼ਨ ਲਈ



ਗੋਂਦਵਾਲ ਜਾਇਆ ਕਰਦੇ ਸਨ । ਜਦ ਸ੍ਰੀ ਜੇਠਾ ਜੀ ਸਿਆਣੀ ਉਮਰ ਦੇ ਹੋਏ ਤਾਂ ਕਿਸੇ ਅੰਦਰਲੀ ਬਲਵਾਨ ਖਿੱਚ ਦੇ ਕਾਰਨ ਆਪ ਗੋਂਦਵਾਲ ਸ੍ਰੀ ਗੁਰੂ ਅਮਰਦਾਸ ਜੀ ਦੀ ਸ਼ਰਨ ਚਲੇ ਗਏ। ਓਥੇ ਗੁਰੂ ਦਰਬਾਰੋਂ ਉਨ੍ਹਾਂ ਦੀ ਆਤਮਾ ਤੇ ਧਾਰਮਕ ਰੁਚੀਆਂ ਨੂੰ ਰੱਜਵੀਂ ਖੁਰਾਕ ਮਿਲਣ ਲੱਗ ਪਈ । ਆਪ ਬੜੇ ਪ੍ਰੇਮ ਨਾਲ ਗੁਰ-ਸੰਗਤ ਦੀ ਸੇਵਾ ਕਰਨ ਲੱਗ ਪਏ । ਆਪਣਾ ਗੁਜ਼ਾਰਾ ਉਹ ਘੁੰਙਣੀਆਂ ਵੇਚ ਕੇ ਕਰੀ ਗਏ ।

ਵਿਆਹ—ਸ੍ਰੀ ਗੁਰੂ ਅਮਰਦਾਸ ਜੀ ਦੀਆਂ ਦੋ ਸਪੁੱਤਰੀਆਂ ਸਨ । ਵੱਡੀ ਧੀ ਬੀਬੀ ਦਾਨੀ ਜੀ ਦਾ ਵਿਆਹ ਸ੍ਰੀ ਰਾਮਾ ਜੀ ਨਾਲ ਹੋ ਗਿਆ ਹੋਇਆ ਸੀ । ਛੋਟੀ ਧੀ ਬੀਬੀ ਭਾਨੀ ਜੀ ਅਜੇ ਕੁਆਰੀ ਸੀ । ਇਕ ਦਿਨ ਮਾਤਾ ਰਾਮ ਕੌਰ ਜੀ ਨੇ ਸ੍ਰੀ ਗੁਰੂ ਅਮਰਦਾਸ ਜੀ ਨੂੰ ਕਿਹਾ ਕਿ ਬੀਬੀ ਭਾਨੀ ਸੁਖ ਨਾਲ ਮੁਟਿਆਰ ਹੋ ਗਈ ਹੈ, ਉਹਦੇ ਵਾਸਤੇ ਯੋਗ ਵਰ ਦੀ ਭਾਲ ਕਰਨੀ ਚਾਹੀਦੀ ਹੈ । ਉਸ ਵੇਲੇ ਦੇਵ-ਨੇਤ ਨਾਲ ਸ੍ਰੀ ਜੇਠਾ ਜੀ ਘੁੰਙਣੀਆਂ ਵੇਚਦੇ-ਵੇਚਦੇ ਉਥੇ ਆ ਗਏ । ਇਸ ਸੋਹਣੇ ਸੁਡੌਲ ਗੱਭਰੂ ਨੂੰ ਵੇਖ ਕੇ ਮਾਤਾ ਜੀ ਨੇ ਕਿਹਾ ਕਿ ਵਰ ਇਸ ਕਾਕੇ ਜਿਹਾ ਹੋਣਾ ਚਾਹੀਦਾ ਹੈ । ਗੁਰੂ ਜੀ ਨੇ ਕਿਹਾ : 'ਬਸ, ਇਸ ਜਿਹਾ ਤਾਂ ਇਹੋ ਹੀ ਐ ।' ਬਸ, ਬਿਨਾਂ ਜਾਤ-ਪਾਤ ਜਾਂ ਨਾਨਕ ਦਾਦਕ ਬਾਰੇ ਕਿਸੇ ਪ੍ਰਕਾਰ ਦੀ ਪੁੱਛ ਪੜਤਾਲ ਕਰਨ ਦੇ, ਜਾਂ ਗਰੀਬੀ ਦੀ ਹਾਲਤ ਵੇਖ ਕੇ ਸੰਗਣ ਜਾਂ ਝਕਣ ਦੇ, ਗੁਰੂ ਜੀ ਨੇ ਬੀਬੀ ਭਾਨੀ ਜੀ ਦੀ ਮੰਗਣੀ ਸ੍ਰੀ ਜੇਠਾ ਜੀ ਨਾਲ ਕਰ ਦਿੱਤੀ। ਥੋੜ੍ਹੇ ਚਿਰ ਮਗਰੋਂ ੨੨ ਫੱਗਣ ਸੰਮਤ ੧੬੧੦ ਵਾਲੇ ਦਿਨ ਉਨ੍ਹਾਂ ਦਾ ਵਿਆਹ ਕਰ ਦਿੱਤਾ ਗਿਆ ।

ਮਾਤਾ ਭਾਨੀ ਜੀ ਦੀ ਕੁੱਖੋਂ ਤਿੰਨ ਸਾਹਿਬਜ਼ਾਦੇ ਜਨਮੇ— ਪ੍ਰਿਥੀ ਚੰਦ (ਪ੍ਰਿਥੀਆ) ਸੰਮਤ ੧੬੧੫ ਵਿੱਚ, ਸ੍ਰੀ ਮਹਾਂਦੇਵ ਸੰਮਤ ੧੬੧੭ ਵਿੱਚ ਅਤੇ (ਸ੍ਰੀ ਗੁਰੂ) ਅਰਜਨ ਦੇਵ ਜੀ ਸੰਮਤ ੧੬੨੦ ਵਿੱਚ ।

**ਸੇਵਾ ਘਾਲ–** ਵਿਆਹ ਮਗਰੋਂ ਸ੍ਰੀ ਗੁਰੂ ਅਮਰਦਾਸ ਜੀ ਨੇ ਸ੍ਰੀ ਜੇਠਾ ਜੀ ਨੂੰ ਵੀ ਸ੍ਰੀ ਰਾਮਾ ਜੀ ਵਾਕੁਰ ਆਪਣੇ ਘਰ ਹੀ ਰੱਖ ਲਿਆ। ਸ੍ਰੀ ਜੇਠਾ ਜੀ ਦਾ ਹੋਰ ਥਾਂ ਜੁ ਨਹੀਂ ਸੀ ਅਤੇ ਸ੍ਰੀ ਗੁਰੂ ਅਮਰਦਾਸ ਜੀ ਨਿਥਾਵਿਆਂ ਦੇ ਥਾਂ ਜੁ ਸਨ।

ਸ੍ਰੀ ਜੇਠਾ ਜੀ ਤਨ ਮਨ ਨਾਲ ਗੁਰੂ ਜੀ ਦੀ ਅਤੇ ਸਾਧ ਸੰਗਤ ਦੀ ਸੇਵਾ ਕਰਨ ਲੱਗ ਪਏ। ਲੋਕਾਚਾਰੀ ਮੂਜਬ ਜਵਾਈ ਦਾ ਆਪਣੇ ਸਹੁਰੇ ਘਰ ਰਹਿ ਕੇ ਸੇਵਾ ਕਰਨੀ ਅਪਮਾਨ ਮੰਨਿਆ ਜਾਂਦਾ ਸੀ ਪਰ ਸ੍ਰੀ ਜੇਠਾ ਜੀ ਨੇ ਜਵਾਈ ਬਣ ਕੇ ਰਹਿਣ ਦਾ ਖਿਆਲ ਤੀਕ ਵੀ ਨਾ ਕੀਤਾ। ਉਹ ਸ੍ਰੀ ਗੁਰੂ ਅਮਰਦਾਸ ਜੀ ਨੂੰ ਆਪਣੇ ਮੁਕਤੀ ਦਾਤਾ ਗੁਰੂ ਅਤੇ ਆਪਣੇ ਆਪ ਨੂੰ ਉਨ੍ਹਾਂ ਦਾ ਨਿਮਾਣਾ ਸੇਵਕ ਸਮਝਦੇ ਸਨ। ਇਸ ਤਰ੍ਹਾਂ ਸੰਸਾਰਕ ਸੰਬੰਧ ਤੋਂ ਉਚੇਰੇ ਹੋ ਕੇ ਅਤੇ ਲੋਕਾਚਾਰੀ ਤੇ ਲੋਕ-ਲਾਜ ਦੀ ਪ੍ਰਵਾਹ ਨਾ ਕਰਦੇ ਹੋਏ ਆਪ ਗੁਰੂ-ਘਰ ਦੀ ਸੇਵਾ-ਘਾਲ ਵਿੱਚ ਜੁੱਟ ਪਏ।

ਗੁਰੂ ਜੀ ਉਨ੍ਹਾਂ ਦਾ ਸੇਵਾ-ਭਾਵ ਅਤੇ ਅਣਥੱਕ ਘਾਲ ਵੇਖ ਕੇ ਬੜਾ ਪ੍ਰਸੰਨ ਹੋਇਆ ਕਰਦੇ ਸਨ। ਉਹ ਉਨ੍ਹਾਂ ਨੂੰ ਬਹੁਤ ਕਰ ਕੇ 'ਰਾਮਦਾਸ' ਹੀ ਸੱਦਦੇ ਹੁੰਦੇ ਸਨ। ਇਸ ਤਰ੍ਹਾਂ ਸ੍ਰੀ ਜੇਠਾ ਜੀ ਦਾ ਨਾਂ ਸ੍ਰੀ ਰਾਮਦਾਸ ਜੀ ਪੱਕ ਗਿਆ।

ਸ੍ਰੀ ਰਾਮਦਾਸ ਜੀ ਨੇ ਛੇਤੀ ਹੀ ਸਿੱਖੀ ਆਸ਼ੇ ਨੂੰ ਪੂਰੀ ਤਰ੍ਹਾਂ ਸਮਝ ਲਿਆ ਅਤੇ ਆਪਣਾ ਜੀਵਨ ਗੁਰਸਿੱਖੀ ਦੇ ਸੱਚੇ ਵਿੱਚ ਢਾਲ ਲਿਆ। ਜਦ ਸ੍ਰੀ ਗੁਰੂ ਅਮਰਦਾਸ ਜੀ ਨੇ ਬਾਉਲੀ ਦੀ ਤਿਆਰੀ ਅਰੰਭੀ ਤਾਂ ਸ੍ਰੀ ਰਾਮਦਾਸ ਜੀ ਨੇ ਇਸ ਕਾਰਜ ਦਾ ਸਾਰਾ ਪ੍ਰਬੰਧ ਸੰਭਾਲਿਆ। ਨਾਲ-ਨਾਲ ਹੀ ਆਪ ਸੰਗਤਾਂ ਨਾਲ ਮਿਲ ਕੇ ਕਾਰ-ਸੇਵਾ ਕਰਦੇ ਅਤੇ ਟੋਕਰੀ ਢੋਇਆ ਕਰਦੇ ਸਨ। ਇਕ ਵਾਰ ਆਪ ਸੇਵਾ ਵਿੱਚ ਮਗਨ ਹੋਏ ਟੋਕਰੀ ਢੋ ਰਹੇ ਸਨ ਕਿ ਲਾਹੌਰੋਂ ਸ਼ਰੀਕੇ ਦੇ ਕੁਝ ਸੱਜਣ ਆ ਗਏ। ਉਨ੍ਹਾਂ ਨੂੰ ਇਹ ਗੱਲ ਬਹੁਤ ਬੁਰੀ ਲੱਗੀ ਕਿ ਸਾਡਾ ਭਾਈ ਸਹੁਰੇ ਘਰ ਟੋਕਰੀ ਢੋ ਰਿਹਾ ਹੈ।



ਉਹ ਕਹਿਣ ਲੱਗੇ, 'ਜੇ ਇਸ ਨੇ ਮਿਹਨਤ ਮਜ਼ੂਰੀ ਹੀ ਕਰਨੀ ਸੀ, ਤਾਂ ਹੋਰ ਥਾਂ ਥੋੜ੍ਹੇ ਸਨ ? ਇਸ ਨੇ ਤਾਂ ਸਾਡੀ ਨੱਕ ਵੱਢਣੀ ਹੀ ਕਰ ਦਿੱਤੀ ਹੈ।'

ਇਸ ਤਰ੍ਹਾਂ ਦੇ ਬਚਨ ਬੋਲਦੇ ਉਹ ਲਾਹੌਰੀਏ ਸੋਢੀ ਸ੍ਰੀ ਗੁਰੂ ਅਮਰਦਾਸ ਜੀ ਪਾਸ ਪੁੱਜੇ। ਉਨ੍ਹਾਂ ਨੇ ਗੁਰੂ ਜੀ ਨੂੰ ਉਲਾਹਮਾ ਦਿੱਤਾ। ਅੱਗੋਂ ਗੁਰੂ ਜੀ ਨੇ ਮੁਸਕ੍ਰਾ ਕੇ ਕਿਹਾ : *'ਪੁਰਖਾ ! ਰਾਮਦਾਸ ਦੇ ਸਿਰ ਉਪਰ ਗਾਰੇ ਮਿੱਟੀ ਦੀ ਟੋਕਰੀ ਨਹੀਂ, ਸਗੋਂ ਦੀਨ-ਦੁਨੀ ਦਾ ਛਤ੍ਰ ਹੈ।'* ਜਾਂ ਸੋਢੀਆਂ ਨੇ ਸ੍ਰੀ ਜੇਠਾ ਜੀ ਨੂੰ ਮਿਹਣਾ ਮਾਰਿਆ। ਤਾਂ ਉਹ ਕਹਿਣ ਲੱਗੇ : *'ਭੋਲਿਓ ! ਤੁਸੀਂ ਅਸਲੀਅਤ ਨਹੀਂ ਸਮਝੇ। ਇਹ ਮੇਰਾ ਸਹੁਰਾ ਘਰ ਨਹੀਂ, ਸਗੋਂ ਮੇਰਾ ਮੁਕਤੀ ਦਰ ਹੈ। ਮੈਂ ਤਾਂ ਆਪਣੇ ਮੁਕਤੀ-ਦਾਤੇ ਸਤਿਗੁਰੂ ਦੀ ਸੇਵਾ ਕਰ ਕੇ ਉਨ੍ਹਾਂ ਦੀਆਂ ਖੁਸ਼ੀਆਂ ਪ੍ਰਾਪਤ ਕਰਨ ਦਾ ਜਤਨ ਕਰ ਰਿਹਾ ਹਾਂ। ਤੁਸੀਂ ਲੋਕਾਚਾਰੀ ਤੇ ਕੁੜਮਾਚਾਰੀ ਦੀਆਂ ਗੱਲਾਂ ਕਰਦੇ ਹੋ। ਇਹ ਤੁਹਾਡੀ ਭੁੱਲ ਹੈ।*

**ਪ੍ਰੀਖਿਆ–** ਇਕ ਦਿਨ ਗੁਰੂ ਅਮਰਦਾਸ ਜੀ ਨੇ ਆਪਣੀ ਵੱਡੀ ਸਪੁੱਤਰੀ ਦੇ ਘਰ ਵਾਲੇ, ਸ੍ਰੀ ਰਾਮਾ ਜੀ ਨੂੰ ਕਿਹਾ ਕਿ ਬਾਉਲੀ ਦੀ ਇਮਾਰਤ ਬਣਦੀ ਵੇਖਣ ਲਈ ਏਸ ਟਿਕਾਣੇ ਇਕ ਥੜ੍ਹਾ ਬਣਾਓ, ਜਿਥੇ ਆ ਕੇ ਅਸੀਂ ਬਹਿ ਜਾਇਆ ਕਰੀਏ ਅਤੇ ਥੜ੍ਹਾ ਇਸ ਨਮੂਨੇ ਦਾ ਬਣੇ। ਇਸੇ ਤਰ੍ਹਾਂ ਇਕ ਹੋਰ ਟਿਕਾਣਾ ਦੱਸ ਕੇ ਆਪ ਨੇ ਸ੍ਰੀ ਰਾਮਦਾਸ ਜੀ ਨੂੰ ਆਗਿਆ ਕੀਤੀ ਕਿ ਇਥੇ ਥੜ੍ਹਾ ਬਣਾਓ ਅਤੇ ਇਸ ਤਰ੍ਹਾਂ ਦਾ ਬਣਾਓ।

ਦੋਹਾਂ ਨੇ ਸਾਰਾ ਜ਼ੋਰ ਲਾ ਕੇ ਥੜ੍ਹੇ ਬਣਾਏ। ਸ਼ਾਮ ਨੂੰ ਗੁਰੂ ਜੀ ਨੇ ਥੜ੍ਹੇ ਵੇਖੇ ਤੇ ਕਿਹਾ, 'ਇਹ ਥੜ੍ਹੇ ਠੀਕ ਨਹੀਂ ਬਣੇ, ਇਨ੍ਹਾਂ ਨੂੰ ਢਾਹ ਦਿਓ ਅਤੇ ਨਵੇਂ ਸਿਰਿਓਂ ਇਸ ਪ੍ਰਕਾਰ ਬਣਾਓ।' ਥੜ੍ਹੇ ਫੇਰ ਬਣਾਏ ਗਏ। ਦੂਜੇ ਦਿਨ ਫੇਰ ਗੁਰੂ ਜੀ ਨੇ ਇਨ੍ਹਾਂ ਨੂੰ ਨਾ-ਪਸੰਦ ਕੀਤਾ ਅਤੇ ਢਾਹ ਕੇ ਮੁੜ ਬਣਾਉਣ ਦਾ ਹੁਕਮ ਦਿੱਤਾ।

ਪੰਜ ਛੇ ਦਿਨ ਇਹੋ ਖੇਡ ਜਾਰੀ ਰਹੀ ।

ਸ੍ਰੀ ਰਾਮਾ ਜੀ ਅੱਕ ਗਏ । ਉਹ ਕਹਿਣ ਲੱਗੇ, 'ਗੁਰੂ ਜੀ ਦੀ ਅਵਸਥਾ ਵਡੇਰੀ ਹੋ ਗਈ ਹੈ । ਚੇਤਾ ਨਹੀਂ ਨਾ ਰਹਿੰਦਾ ! ਜਿਵੇਂ ਉਹ ਆਖ ਜਾਂਦੇ ਹਨ, ਮੈਂ ਉਸੇ ਤਰ੍ਹਾਂ ਥੜ੍ਹਾ ਉਸਾਰਦਾ ਹਾਂ, ਪਰ ਉਹ ਅਗਲੇ ਦਿਨ ਕੁਝ ਹੋਰ ਕਹਿ ਦੇਂਦੇ ਹਨ ਕਿ ਅਸਾਂ ਤਾਂ ਇਸ ਤਰ੍ਹਾਂ ਕਿਹਾ ਸੀ । ਇਹ ਆਖ ਕੇ ਥੜ੍ਹਾ ਢੁਹਾ ਦੇਂਦੇ ਹਨ । ਬਿਰਧ ਜੁ ਹੋਏ, ਉਨ੍ਹਾਂ ਦੇ ਵੱਸ ਦੀ ਗੱਲ ਨਹੀਂ ।'

ਜਦ ਕਿਸੇ ਨੇ ਸ੍ਰੀ ਰਾਮਦਾਸ ਜੀ ਨੂੰ ਇਸ ਬਾਰੇ ਕਿਹਾ, ਤਾਂ ਉਹ ਕਹਿਣ ਲੱਗੇ: *ਮੈਂ ਅੰਜਾਣ ਹਾਂ, ਗੱਲ ਸਮਝਣ ਵਿੱਚ ਕੋਈ ਨਾ ਕੋਈ ਕਸਰ ਰਹਿ ਜਾਂਦੀ ਹੈ । ਗੁਰੂ ਜੀ ਮਿਹਰ ਕਰਦੇ ਹਨ, ਖ਼ਫਾ ਨਹੀਂ ਹੁੰਦੇ, ਸਗੋਂ ਨਵੇਂ ਸਿਰੇ ਜੁਗਤ ਦੱਸਦੇ ਸਮਝਾਉਂਦੇ ਹਨ । ਮੈਂ ਫੇਰ ਉਸਾਰਦਾ ਹਾਂ । ਮੈਨੂੰ ਤਾਂ ਉਨ੍ਹਾਂ ਦਾ ਹੁਕਮ ਮੰਨਣ ਵਿੱਚ ਖੁਸ਼ੀ ਹੈ । ਜਦ ਉਹ ਕਹਿੰਦੇ ਹਨ 'ਬਣਾਓ' ਤਾਂ ਮੈਨੂੰ ਚਾਅ ਚੜ੍ਹ ਜਾਂਦਾ ਹੈ । ਜਦ ਉਹ ਕਹਿੰਦੇ ਹਨ, 'ਢਾਹੋ' ਤਾਂ ਮੈਨੂੰ ਆਪਣੀ ਬੇਸਮਝੀ ਉਪਰ ਅਫਸੋਸ ਹੁੰਦਾ ਹੈ, ਪਰ ਥੜ੍ਹਾ ਢਹਿੰਦਾ ਵੇਖ ਕੇ ਉਹ ਖੁਸ਼ ਹੁੰਦੇ ਹਨ, ਉਨ੍ਹਾਂ ਦੀ ਖੁਸ਼ੀ ਹੀ ਤਾਂ ਮੈਂ ਚਾਹੁੰਦਾ ਹਾਂ । ਜੇ ਉਹ ਥੜ੍ਹਾ ਉਸਰਦਾ ਵੇਖ ਕੇ ਖੁਸ਼ ਹੁੰਦੇ ਹਨ ਤਾਂ ਮੈਂ ਉਸਾਰ ਕੇ ਨਿਹਾਲ ਹੁੰਦਾ ਹਾਂ, ਜੇ ਉਹ ਥੜ੍ਹਾ ਢੁਹਾ ਕੇ ਖੁਸ਼ ਹੁੰਦੇ ਹਨ, ਤਾਂ ਮੈਂ ਢਾਹ ਕੇ ਖੁਸ਼ੀ ਮਾਣਦਾ ਹਾਂ ।'*

ਇਸੇ ਤਰ੍ਹਾਂ ਸ੍ਰੀ ਰਾਮਦਾਸ ਜੀ ਨੇ ਸ਼ਰਧਾ, ਗੁਰੂ-ਪ੍ਰੇਮ, ਸਿਦਕ, ਆਪਾ-ਭਾਵ ਦੀ ਨਿਵਿਰਤੀ ਅਤੇ ਉਜਰ-ਉਤਰ-ਰਹਿਤ ਆਗਿਆਕਾਰਤਾ ਦਾ ਸਬੂਤ ਦਿੱਤਾ । ਇਸ ਤਰ੍ਹਾਂ ਉਹ ਪ੍ਰੀਖਿਆ ਵਿੱਚ ਸਫਲ ਹੋਏ । ਗੁਰੂ ਅਮਰਦਾਸ ਜੀ ਤਾਂ ਪਹਿਲਾਂ ਹੀ ਜਾਣਦੇ ਸਨ ਕਿ ਸਾਡੇ ਮਗਰੋਂ ਗੁਰਤਾ ਦੀਆਂ ਜ਼ੁੰਮੇਵਾਰੀਆਂ ਸ੍ਰੀ ਰਾਮਦਾਸ ਜੀ ਸੰਭਾਲਣਗੇ, ਪਰ ਇਸ ਪ੍ਰੀਖਿਆ ਨੇ ਸਭ ਸਿੱਖ ਸੰਗਤਾਂ ਨੂੰ ਯਕੀਨ ਕਰਾ ਦਿੱਤਾ ਕਿ ਠੀਕ ਸ੍ਰੀ ਰਾਮਦਾਸ ਜੀ ਹੀ ਗੁਰਤਾ ਦੇ



ਯੋਗ ਹਨ ।

ਗੁਰਿਆਈ– ਆਪਣੀ ਸੱਚ-ਖੰਡ ਵਾਪਸੀ ਦਾ ਸਮਾਂ ਆ ਪੁੱਜਾ ਜਾਣ ਕੇ ਗੁਰੂ ਅਮਰਦਾਸ ਜੀ ਨੇ ਸੰਮਤ ੧੬੩੧ ਦੇ ਭਾਦੋਂ ਦੀ ਪੂੰਨਿਆ (ਭਾਦੋਂ ਸੁਦੀ ੧੫) ਵਾਲੇ ਦਿਨ ਜਿਸ ਦਿਨ ਅੱਸੂ ਮਹੀਨੇ ਦੀ ਸੰਗਰਾਂਦ ਅਤੇ ਸਤੰਬਰ ਸੰਨ ੧੫੭੪ ਦੀ ਪਹਿਲੀ ਤਰੀਕ ਸੀ, ਸ੍ਰੀ ਰਾਮਦਾਸ ਜੀ ਅੱਗੇ ਪੰਜ ਪੈਸੇ ਤੇ ਨਰੇਲ ਰੱਖ ਕੇ ਮੱਥਾ ਟੇਕਿਆ ਅਤੇ ਆਪਣੇ ਹੱਥੀਂ ਉਨ੍ਹਾਂ ਨੂੰ ਆਪਣੀ ਗੱਦੀ ਉਪਰ ਬਿਠਾਇਆ । ਫੇਰ ਆਪ ਦੇ ਹੁਕਮ ਅਨੁਸਾਰ ਬਾਬਾ ਬੁੱਢਾ ਜੀ ਨੇ ਉਨ੍ਹਾਂ ਨੂੰ ਗੁਰਿਆਈ ਦਾ ਤਿਲਕ ਲਾਇਆ । ਸਾਰੀ ਸੰਗਤ ਤੇ ਮੁਖੀਆਂ ਨੇ ਸ੍ਰੀ ਗੁਰੂ ਰਾਮਦਾਸ ਜੀ ਨੂੰ ਮੱਥਾ ਟੇਕਿਆ । ਸਾਹਿਬਜ਼ਾਦੇ ਮੋਹਰੀ ਜੀ ਵੀ ਗੁਰੂ ਜੀ ਦੇ ਚਰਨੀਂ ਪਏ । ਸਾਰੇ ਪਰਵਾਰ ਨੇ ਨਮਸਕਾਰ ਕੀਤੀ, ਇਕ ਬਾਬਾ ਮੋਹਨ ਜੀ ਮੱਥਾ ਟੇਕਣ ਨਾ ਆਏ ।

ਇਸ ਤਰ੍ਹਾਂ ਆਪਣੇ ਨਿੱਜੀ ਗੁਣਾਂ, ਕਰਤਾਰ ਦੀ ਕ੍ਰਿਪਾਲਤਾ ਅਤੇ ਗੁਰੂ ਜੀ ਦੀ ਦਿਆਲਤਾ ਦਾ ਸਦਕਾ ਸ੍ਰੀ ਜੇਠਾ ਜੀ ਸ੍ਰੀ ਗੁਰੂ ਰਾਮਦਾਸ ਜੀ 'ਤਾਰਨ ਤਰਣੰ' ਸੋਢੀ ਸੁਲਤਾਨ ਬਣ ਗਏ ।

ਧੰਨੁ ਧੰਨੁ ਰਾਮਦਾਸ ਗੁਰੁ ਜਿਨਿ ਸਿਰਿਆ ਤਿਨੈ ਸਵਾਰਿਆ ॥
ਪੂਰੀ ਹੋਈ ਕਰਾਮਾਤਿ ਆਪਿ ਸਿਰਜਣਹਾਰੈ ਧਾਰਿਆ ॥
(ਵਾਰ ਰਾਮਕਲੀ, ਸੱਤਾ ਬਲਵੰਡਿ, ਪੰਨਾ ੯੬੭)

☆ ☆ ☆

## ਕਾਂਡ ੨

## ਗੁਰਿਆਈ ਦਾ ਸਮਾਂ-੧

ਅੰਮ੍ਰਿਤਸਰ ਦੀ ਰਚਨਾ– ਜੋਤੀ-ਜੋਤਿ ਸਮਾਉਣ ਤੋਂ ਚਾਰ ਕੁ ਵਰ੍ਹੇ ਪਹਿਲਾਂ (ਸੰਮਤ ੧੬੨੭ ਵਿੱਚ) ਸ੍ਰੀ ਗੁਰੂ ਅਮਰਦਾਸ ਜੀ ਨੇ ਜਿਸ ਥਾਂ ਹੁਣ ਅੰਮ੍ਰਿਤਸਰ ਹੈ, ਇਸ ਦਾ ਪੂਰਾ-੨ ਪਤਾ ਦੱਸ ਸਮਝਾ ਕੇ ਸ੍ਰੀ ਰਾਮਦਾਸ ਜੀ ਨੂੰ ਬਾਬਾ ਬੁੱਢਾ ਜੀ ਸਮੇਤ ਉਥੇ ਭੇਜਿਆ ਅਤੇ ਆਗਿਆ ਕੀਤੀ ਕਿ ਉਥੇ ਸਰੋਵਰ ਬਣਾਓ ਅਤੇ ਨਗਰ ਵਸਾਓ। ਇਸ ਆਗਿਆ ਮੂਜਬ ਸ੍ਰੀ ਰਾਮਦਾਸ ਜੀ ਨੇ ਪਹਿਲਾਂ ਉਸ ਸਰੋਵਰ ਦੀ ਖੁਦਵਾਈ ਅਰੰਭੀ, ਜਿਸ ਨੂੰ ਸੰਤੋਖਸਰ ਕਹਿੰਦੇ ਹਨ। ਸੇਵਾ ਸਮੇਂ ਜਿਸ ਟਾਹਲੀ ਹੇਠ ਆਪ ਬੈਠਿਆ ਕਰਦੇ ਸਨ, ਉਥੇ ਮਗਰੋਂ ਗੁਰਦੁਆਰਾ 'ਟਾਹਲੀ ਸਾਹਿਬ' ਬਣਿਆ।

ਤੀਜੀ ਪਾਤਸ਼ਾਹੀ ਦੇ ਜੋਤੀ-ਜੋਤਿ ਸਮਾਉਣ ਤੋਂ ਕੁਝ ਮਹੀਨੇ ਪਹਿਲਾਂ ਸ੍ਰੀ ਰਾਮਦਾਸ ਜੀ ਨੇ ਸੰਤੋਖਸਰ ਤੋਂ ਕੁਝ ਦੂਰ ਇਕ ਪਿੰਡ ਦੀ ਨੀਂਹ ਰੱਖੀ ਜਾਂ ਮੋੜ੍ਹੀ ਗੱਡੀ। ਇਸ ਦਾ ਨਾਂ ਆਪ ਨੇ 'ਗੁਰੂ ਕਾ ਚੱਕ' ਰੱਖਿਆ। ਮਗਰੋਂ ਇਸ ਦਾ ਨਾਂ 'ਰਾਮਦਾਸ-ਪੁਰ' ਜਾਂ 'ਚੱਕ ਰਾਮਦਾਸ' ਹੋ ਗਿਆ।

ਗੁਰ-ਗੱਦੀ 'ਤੇ ਬਿਰਾਜਣ ਮਗਰੋਂ ਸ੍ਰੀ ਗੁਰੂ ਰਾਮਦਾਸ ਜੀ ਸੰਮਤ ੧੬੩੧ (ਸੰਨ ੧੫੭੪) ਵਿੱਚ ਹੀ ਪਰਵਾਰ ਸਮੇਤ 'ਗੁਰੂ ਕੇ ਚੱਕ' ਜਾ ਟਿਕੇ ਸਨ। ਸੰਮਤ ੧੬੩੪ (ਸੰਨ ੧੫੭੭) ਵਿੱਚ ਆਪ ਨੇ ਤੁੰਗ ਪਿੰਡ ਦੇ ਜ਼ਿਮੀਂਦਾਰਾਂ ਨੂੰ ੭੦੦ ਅਕਬਰੀ ਰੁਪਏ ਦੇ ਕੇ ਪੰਜ ਸੌ ਵਿੱਘੇ ਭੋਂ ਸਮੇਤ 'ਗੁਰੂ ਕੇ ਚੱਕ' ਵਾਲੀ ਥਾਂ ਦਾ ਪਟਾ ਪ੍ਰਾਪਤ ਕਰ ਲਿਆ। ਫੇਰ ਆਪ ਨੇ ਇਸ ਥਾਂ ਵੱਸੋਂ ਕਰਾਉਣੀ ਸ਼ੁਰੂ ਕੀਤੀ। ਸ੍ਰੀ ਗੁਰੂ ਰਾਮਦਾਸ ਜੀ ਇਸ ਨਗਰੀ ਨੂੰ ਹਰ ਪਹਿਲੂ ਤੋਂ ਆਦਰਸ਼ਕ ਬਣਾਉਣ ਦੇ ਚਾਹਵਾਨ ਸਨ। ਆਪ



ਜੀ ਚਾਹੁੰਦੇ ਸਨ ਕਿ ਇਥੇ ਜੀਵਨ ਦੇ– ਧਾਰਮਕ, ਆਰਥਕ, ਸਮਾਜਕ– ਹਰ ਪੱਖ ਦੀ ਉਨਤੀ ਦੇ ਸਾਧਨ ਮੌਜੂਦ ਹੋਣ। ਆਪ ਦੀ ਇੱਛਿਆ ਸੀ ਕਿ ਸਿੱਖਾਂ ਦੇ ਤਨ ਵੀ ਤਕੜੇ ਤੇ ਨਰੋਏ ਹੋਣ। ਉਨ੍ਹਾਂ ਦੇ ਮਨ ਤੇ ਆਤਮਾ ਵੀ ਬਲਵਾਨ ਤੇ ਕਰਤਾਰ ਨਾਲ ਜੁੜੇ ਹੋਣ ਅਤੇ ਉਨ੍ਹਾਂ ਪਾਸ ਧਰਮ-ਕਿਰਤ ਰਾਹੀਂ ਖੱਟੇ ਧਨ ਪਦਾਰਥ ਦੀ ਵੀ ਥੁੜ ਨਾ ਹੋਵੇ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਸ਼ੇ ਨੂੰ ਮੁੱਖ ਰੱਖ ਕੇ ਆਪ ਅਜਿਹਾ ਸਮਾਜ ਪ੍ਰਫੁੱਲਤ ਹੋਇਆ ਵੇਖਣਾ ਚਾਹੁੰਦੇ ਸਨ, ਜਿਸ ਵਿੱਚ ਨਾ ਕੋਈ ਵਿਹਲੜ ਮੁਫਤ-ਖੋਰਾ ਹੀ ਹੋਵੇ, ਨਾ ਕੋਈ ਭੁੱਖਾ ਕੰਗਾਲ ਹੀ ਹੋਵੇ, ਨਾ ਕੋਈ ਇਨ੍ਹਾਂ ਉਪਰ ਧੱਕਾ ਸਖ਼ਤੀ ਕਰ ਕੇ ਮਾਲਾ-ਮਾਲ ਹੋਣ ਵਾਲਾ ਹੀ ਹੋਵੇ, ਜਿਸ ਵਿੱਚ ਹਰ ਕੋਈ ਸਭ ਦੇ ਭਲੇ ਲਈ ਅਤੇ ਸਾਰੇ ਹਰੇਕ ਦੇ ਭਲੇ ਲਈ ਤਾਂਘ ਰਖਦੇ ਹੋਣ। ਇਸ ਲਈ ਆਪ ਦੀ ਚਾਹ ਸੀ ਕਿ ਇਹ ਨਗਰੀ ਧਰਮ ਦੀ ਕਿਰਤ ਵਾਲੇ ਗ੍ਰਿਹਸਤੀਆਂ ਵਪਾਰ, ਹੁਨਰ ਅਤੇ ਦਸਤਕਾਰੀਆਂ ਰਾਹੀਂ ਉੱਦਮ ਜਤਨ ਕਰ ਕੇ ਰੋਜ਼ੀ ਕਮਾਉਣ ਵਾਲਿਆਂ ਦੀ ਨਗਰੀ ਹੋਵੇ। ਇਸ ਲਈ ਆਪ ਨੇ ਥਾਂ-ਥਾਂ ਤੋਂ ੫੨ ਜਾਤਾਂ ਦੇ ਵੱਖ-ਵੱਖ ਕੰਮ (ਕਿੱਤੇ) ਕਰਨ ਵਾਲਿਆਂ ਨੂੰ ਪ੍ਰੇਰ-ਸੱਦ ਕੇ ਇਥੇ ਵਸਾਇਆ। ਇਹ ਲੋਕ ਦਸਤਕਾਰੀ, ਹੁਨਰ ਤੇ ਵਪਾਰ ਦੇ ਜਾਣੂੰ ਸਨ ਅਤੇ ਧਨ ਤੇ ਪੈਦਾਵਾਰ ਵਧਾਉਣ ਦੇ ਢੰਗ ਜਾਣਦੇ ਸਨ; ਇਨ੍ਹਾਂ ਵਿੱਚ ਸਿੱਖ ਵੀ ਸਨ, ਹਿੰਦੂ ਵੀ ਸਨ ਅਤੇ ਮੁਸਲਮਾਨ ਵੀ, ਤਰਖਾਣ, ਲੁਹਾਰ, ਸੁਨਿਆਰੇ, ਠਠਿਆਰ, ਜੁਲਾਹੇ, ਮੋਚੀ ਆਦਿ ਸਭ ਕਿੱਤਿਆਂ ਵਾਲੇ ਕਿਰਤੀ ਵੀ ਸਨ। ਇਨ੍ਹਾਂ ਨੂੰ ਇਕ ਬਜ਼ਾਰ ਵਿੱਚ ਵਸਾਇਆ ਗਿਆ। ਉਸ ਦਾ ਨਾਂ 'ਗੁਰੂ ਬਜ਼ਾਰ' ਰੱਖਿਆ ਗਿਆ। ਇਹ ਬਜ਼ਾਰ ਹੁਣ ਤੀਕ ਇਸੇ ਨਾਂ ਨਾਲ ਪ੍ਰਸਿੱਧ ਹੈ ਅਤੇ ਵਪਾਰ-ਵਿਹਾਰ ਦਾ ਵੱਡਾ ਕੇਂਦਰ ਹੈ। ਇਸ ਤਰ੍ਹਾਂ ਧਾਰਮਕ, ਆਰਥਕ, ਸਮਾਜਕ ਤੇ ਕੌਮੀ ਖੁਸ਼ਹਾਲੀ ਲਈ ਆਦਰਸ਼ਕ ਨਗਰ ਵਸਾ ਕੇ ਆਪ ਨੇ ਦੇਸ਼ ਦੀ ਉਨਤੀ ਦਾ ਵੱਡਾ ਕੰਮ ਕੀਤਾ। ਆਪ ਨੇ ਦੇਸ਼ ਦੇ ਕਾਰ-ਵਿਹਾਰ, ਦਸਤਕਾਰੀ ਤੇ

ਵਪਾਰ ਦਾ ਵਾਧਾ ਕਰ ਕੇ ਦੇਸ਼ ਦੀ ਆਰਥਕ ਹਾਲਤ ਨੂੰ ਸੁਧਾਰਨ ਲਈ, ਸਮਾਜ ਵਿੱਚ ਮਿਲਾਪ ਤੇ ਸਮਾਨਤਾ ਅਤੇ ਹਿੰਦੂ-ਸਿੱਖ-ਮੁਸਲਮਾਨ ਜਨਤਾ ਵਿੱਚ ਏਕਤਾ ਤੇ ਕੌਮੀਅਤ ਦੇ ਭਾਵ ਪੈਦਾ ਕਰਨ ਲਈ ਠਿੰਗਰ ਕੰਮ ਕੀਤਾ ਅਤੇ ਸੋਹਣੀ ਨਰੋਈ ਲੀਹ ਚਲਾਈ ।*

ਆਪ ਨੇ ਆਪਣੇ ਨਿਵਾਸ ਲਈ ਮਕਾਨ ਵੀ ਬਣਵਾਇਆ, ਜਿਸ ਦਾ ਨਾਂ 'ਗੁਰੂ ਕੇ ਮਹਿਲ' ਪਿਆ । ਮਗਰੋਂ ਇਹ ਨਿਵਾਸ ਅਸਥਾਨ ਪੱਕਾ ਕੀਤਾ ਗਿਆ । ਇਹ 'ਗੁਰੂ ਕੇ ਮਹਿਲ' ਹੁਣ ਤੀਕ ਮੌਜੂਦ ਹਨ ।

ਉਸੇ ਸਾਲ (ਸੰਮਤ ੧੬੩੪ ਸੰਨ ੧੫੭੭ ਵਿੱਚ) ਸ੍ਰੀ ਗੁਰੂ ਰਾਮਦਾਸ ਜੀ ਨੇ ਦੁਖ ਭੰਜਨੀ ਬੇਰੀ ਵਾਲੇ ਥਾਂ ਇਕ ਸਰੋਵਰ ਦੀ ਖੁਦਵਾਈ ਅਰੰਭੀ । ਇਸ ਤਾਲ ਨੂੰ ਮਗਰੋਂ ਪੰਚਮ ਪਾਤਸ਼ਾਹ, ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸੰਪੂਰਨ ਕੀਤਾ । ਇਸ ਸਰੋਵਰ ਦਾ ਨਾਂ ਅੰਮ੍ਰਿਤਸਰ ਰੱਖਿਆ ਗਿਆ । ਇਸ ਤੋਂ ਹੀ ਨਗਰੀ ਦਾ ਨਾਂ ਵੀ ਅੰਮ੍ਰਿਤਸਰ ਪੈ ਗਿਆ ਤੇ ਪ੍ਰਸਿੱਧ ਹੋ ਗਿਆ । ਇਸ ਤਾਲ ਨੂੰ ਵਰਤਣ ਦੀ ਹਰੇਕ ਨੂੰ ਖੁੱਲ੍ਹ ਸੀ ਅਤੇ ਹੈ ।

ਮਸੰਦ– ਗੁਰੂ ਜੀ ਦੇ ਵਸਾਏ 'ਰਾਮਦਾਸ ਪੁਰ' ਵਿੱਚ ਹੁਣ ਉਸੇ ਤਰ੍ਹਾਂ ਲੰਗਰ ਲੱਗ ਰਹੇ ਸਨ ਜੀਕੁਰ ਕਦੇ ਕਰਤਾਰਪੁਰ, ਕਦੇ ਖਡੂਰ ਅਤੇ ਕਦੇ ਗੋਂਦਵਾਲ ਲੱਗਦੇ ਸਨ । ਸੰਗਤਾਂ ਦੀ

*ਅਸੀਂ ਵੇਖਦੇ ਹਾਂ ਕਿ ਅੱਜ-ਕਲ੍ਹ ਦੀ ਰੋਸ਼ਨੀ ਦੇ ਜ਼ਮਾਨੇ ਵਿੱਚ ਵੀ ਜੇ ਅਮਰੀਕਾ ਦੇ ਪਾਦਰੀ ਬਸਤੀਆਂ ਰਚਦੇ ਹਨ, ਤਾਂ ਉਹ ਕੇਵਲ ਈਸਾਈਆਂ ਵਾਸਤੇ ਹੁੰਦੀਆਂ ਹਨ । ਜੇ ਰਾਧਾ ਸਵਾਮੀਏ, ਨਾਮਧਾਰੀਏ ਜਾਂ ਪਾਰਸੀ ਬਸਤੀਆਂ ਕਾਇਮ ਕਰਦੇ ਹਨ, ਤਾਂ ਉਨ੍ਹਾਂ ਵਿੱਚ ਰਾਧਾ ਸਵਾਮੀ, ਨਾਮਧਾਰੀ ਤੇ ਪਾਰਸੀ ਹੀ ਵੱਸ ਸਕਦੇ ਹਨ, ਪਰ ਗੁਰੂ ਰਾਮਦਾਸ ਜੀ ਨੇ ਜੋ ਨਗਰੀ ਵਸਾਈ ਇਸ ਵਿੱਚ ਹਿੰਦੂਆਂ, ਸਿੱਖਾਂ, ਮੁਸਲਮਾਨਾਂ ਸਭ ਨੂੰ ਵਸਾਇਆ ਗਿਆ । ਇਹ ਗੱਲ ਦੱਸਦੀ ਹੈ ਕਿ ਗੁਰੂ ਜੀ ਕਿੰਨੇ ਅਗਾਂਹ-ਵਧੂ ਸਨ । ਆਪ ਨੇ ਇਹ ਨਗਰੀ ਵਸਾ ਕੇ ਸਾਂਝੀ ਕੌਮੀਅਤ ਦੇ ਖਿਆਲ ਤੋਂ ਸਾਰੇ ਹਿੰਦੁਸਤਾਨ ਦੀ ਭਾਰੀ ਤੇ ਠਿੰਗਰ ਸੇਵਾ ਕੀਤੀ ਅਤੇ ਦੇਸ਼ ਦੀ ਆਰਥਕ ਤੇ ਕੌਮੀ ਉਨਤੀ ਵਿੱਚ ਵੱਡਾ ਹਿੱਸਾ ਪਾਇਆ ।



ਗਿਣਤੀ ਬਹੁਤ ਵਧ ਚੁੱਕੀ ਸੀ ਅਤੇ ਵਧ ਰਹੀ ਸੀ । ਨਾਲ ਹੀ ਗੁਰੂ ਜੀ ਚਾਹੁੰਦੇ ਸਨ ਕਿ ਸਰੋਵਰ ਪੱਕਾ ਕੀਤਾ ਜਾਵੇ ਅਤੇ ਉਸ ਦੇ ਵਿਚਾਲੇ ਪੱਕਾ ਮੰਦਰ (ਹਰਿਮੰਦਰ) ਸਾਜਿਆ ਜਾਵੇ । ਸ਼ਹਿਰ ਦੀ ਉਸਾਰੀ ਅਤੇ ਵਾਧਾ ਵੀ ਜਾਰੀ ਸੀ । ਇਨ੍ਹਾਂ ਸਭ ਕਾਰਜਾਂ ਲਈ ਮਾਇਆ ਦੀ ਬਹੁਤ ਲੋੜ ਸੀ । ਇਸ ਲੋੜ ਨੂੰ ਮੁੱਖ ਰੱਖ ਕੇ ਗੁਰੂ ਰਾਮਦਾਸ ਜੀ ਨੇ ਮਸਦਾਂ* ਦੀ ਥਾਪਨਾ ਕੀਤੀ । ਅੱਗੇ ਗੁਰੂ ਜੀ ਦੇ ਵਰੋਸਾਏ ਗੁਰਮੁਖ 'ਮੰਜੀਆਂ' ਸਦਵਾਉਂਦੇ ਅਤੇ ਦੂਰ-੨ ਦੇਸ਼ਾਂ ਵਿੱਚ ਪ੍ਰਚਾਰ ਕਰਦੇ ਸਨ । ਮਸੰਦਾਂ ਦੇ ਸਪੁਰਦ ਇਹ ਕੰਮ ਹੋਇਆ ਕਿ ਉਹ ਸਮੇਂ-ਸਮੇਂ ਥਾਂ-ਥਾਂ ਜਾਣ ਅਤੇ ਜੋ ਮਾਇਆ ਗੁਰਸਿੱਖਾਂ ਨੇ ਆਪਣੀ ਖੁਸ਼ੀ ਨਾਲ ਗੁਰ-ਭੇਟ ਵਜੋਂ ਕੱਢ ਕੇ ਪਾਸ ਰੱਖੀ ਹੋਵੇ, ਜਾਂ ਕਿਸੇ ਸਥਾਨਕ ਮੁਖੀਏ ਪਾਸ ਧਰੀ ਹੋਵੇ, ਜਾਂ ਮੰਜੀਆਂ ਵਾਲਿਆਂ ਪਾਸ ਦੇਣ ਲਈ ਜਮ੍ਹਾਂ ਕਰਾਈ ਹੋਵੇ, ਉਹ ਲੈ ਲਿਆ ਕਰਨ ਅਤੇ ਗੁਰੂ ਜੀ ਪਾਸ ਲੈ ਆਇਆ ਕਰਨ । ਏਥੋਂ ਉਹ ਮਾਇਆ ਹਰਿਮੰਦਰ ਤੇ ਤਾਲ ਦੀ ਰਚਨਾ ਤੇ ਹੋਰ ਪਰ-ਸੁਆਰਥ ਦੇ ਕਾਰਜਾਂ 'ਤੇ ਲੱਗਿਆ ਕਰਦੀ ਸੀ ।

ਮਸੰਦਾਂ ਦੇ ਸਪੁਰਦ ਸਿੱਖੀ ਦੇ ਪ੍ਰਚਾਰ ਦਾ ਕੰਮ ਵੀ ਕੀਤਾ ਗਿਆ । ਇਸ ਤਰ੍ਹਾਂ ਉਨ੍ਹਾਂ ਦੇ ਸਪੁਰਦ ਦੋ ਕੰਮ ਹੋਏ, ਸਿੱਖੀ ਦਾ ਪ੍ਰਚਾਰ ਕਰਨ ਅਤੇ ਥਾਂ-ਥਾਂ 'ਤੇ ਇਕੱਠੇ ਹੋਏ ਧਨ ਆਦਿ ਦੀ ਉਗਰਾਹੀ ਕਰ ਕੇ ਗੁਰੂ-ਖਜ਼ਾਨੇ ਵਿੱਚ ਲਿਆ ਪਾਉਣਾ । ਇਹ ਸਿਲਸਿਲਾ ਸੰਮਤ ੧੭੫੫ ਤੀਕ ਜਾਰੀ ਰਿਹਾ । ਫੇਰ ਦਸਮੇਸ਼ ਜੀ ਨੇ ਮਸੰਦਾਂ ਦੀਆਂ ਬੁਰੀਆਂ ਕਰਤੂਤਾਂ ਵੇਖ ਕੇ ਇਹ ਸਿਲਸਿਲਾ ਬੰਦ ਕੀਤਾ ਅਤੇ ਇਹ ਵੀ ਹੁਕਮ ਦਿੱਤਾ ਕਿ ਮਸੰਦਾਂ ਨਾਲ ਨਹੀਂ ਵਰਤਣਾ ।

ਬਾਬਾ ਸ੍ਰੀ ਚੰਦ ਜੀ– ਇਕ ਵੇਰ ਗੁਰੂ ਨਾਨਕ ਦੇਵ ਜੀ ਦੇ

*ਮਸੰਦ ਪਦ ਫਾਰਸੀ ਦੇ ਪਦ 'ਮਸਨਦ' ਤੋਂ ਬੋਲ-ਚਾਲ ਵਿੱਚ 'ਆਇਆ ਹੈ । ਮੁਗ਼ਲ ਵੱਡੇ ਅਫਸਰ 'ਮਸਨਦ' ਕਹੇ ਜਾਂਦੇ ਸਨ । ਇਸ ਤਰ੍ਹਾਂ ਗੁਰੂ ਜੀ ਦੇ ਮੁਖੀਏ ਵੀ 'ਮਸਨਦ' ਨਾਂ ਨਾਲ ਪੁਕਾਰੇ ਗਏ । ਮਗਰੋਂ ਇਸ ਸ਼ਬਦ ਨੇ ਮਸੰਦ ਰੂਪ ਲੈ ਲਿਆ ।

ਵੱਡੇ ਸਾਹਿਬਜ਼ਾਦੇ ਅਤੇ ਉਦਾਸੀ ਮੱਤ ਦੇ ਮੋਢੀ, ਬਾਬਾ ਸਿਰੀ ਚੰਦ ਜੀ, ਸ੍ਰੀ ਗੁਰੂ ਰਾਮਦਾਸ ਜੀ ਨੂੰ ਮਿਲਣ ਲਈ ਰਾਮਦਾਸ ਪੁਰ ਆਏ। ਸ੍ਰੀ ਗੁਰੂ ਜੀ ਨੇ ਉਨ੍ਹਾਂ ਨੂੰ ਆਪਣੇ ਪਿਤਾ-ਪਿਤਾਮਾ ਗੁਰੂ ਜੀ ਦੇ ਸਾਹਿਬਜ਼ਾਦੇ ਜਾਣ ਕੇ ਅੱਗੋਂ ਬੜੇ ਆਦਰ ਸਤਿਕਾਰ ਨਾਲ ਲਿਆਂਦਾ ਅਤੇ ਸੋਹਣੇ ਥਾਂ ਨਿਵਾਸ ਦਿੱਤਾ । ਬਾਬਾ ਜੀ ਨੇ ਗੁਰਬਾਣੀ ਦਾ ਕੀਰਤਨ ਸੁਣਿਆ । ਬੜੇ ਪ੍ਰਸੰਨ ਹੋਏ । ਫੇਰ ਉਨ੍ਹਾਂ ਦੇ ਜੀਅ ਵਿੱਚ ਵਿਚਾਰ ਆਈ ਕਿ ਵੇਖੀਏ ਤਾਂ ਸਹੀ ਕਿ ਜਿਹੜੀ 'ਮਿਠਤੁ ਨੀਵੀਂ' ਜਾਂ ਗਰੀਬੀ ਤੇ ਨਿਮਰਤਾ ਗੁਰੂ ਨਾਨਕ ਜੀ ਵਿੱਚ ਸੀ, ਉਹ ਚੌਥੇ ਗੁਰੂ ਜੀ ਵਿੱਚ ਵੀ ਹੈ ਕਿ ਨਹੀਂ ।

ਇਹ ਵਿਚਾਰ ਕੇ ਆਪ ਨੇ ਗੁਰੂ ਜੀ ਨੂੰ ਕਿਹਾ : *'ਸੁਣਾਓ ਜੀਉ ਜੀ, ਦਾੜ੍ਹਾ ਕਿਉਂ ਇਤਨਾ ਲੰਮਾ ਕੀਤਾ ਹੋਇਆ ਜੇ ?'* ਅੱਗੋਂ ਨਿਮਰਤਾ ਦੇ ਅਵਤਾਰ ਸ੍ਰੀ ਗੁਰੂ ਰਾਮਦਾਸ ਜੀ ਬੋਲੇ : *'ਮਹਾਰਾਜ ਜੀ, ਆਪ ਜੈਸੇ ਮਹਾਂ-ਪੁਰਸ਼ਾਂ ਦੇ ਚਰਨ ਝਾੜਨ ਵਾਸਤੇ ।'* ਇਹ ਕਹਿ ਕੇ ਗੁਰੂ ਜੀ ਸੱਚੀ-ਮੁੱਚੀਂ ਆਪਣੀ ਦਾੜ੍ਹੀ ਨਾਲ ਬਾਬਾ ਸ੍ਰੀ ਚੰਦ ਜੀ ਦੇ ਚਰਨ ਝਾੜਨ ਲੱਗ ਪਏ । ਬਾਬਾ ਸ੍ਰੀ ਚੰਦ ਜੀ ਨੇ ਚਰਨ ਪਿਛਾਂਹ ਕਰ ਕੇ ਕਿਹਾ, *'ਧੰਨ ਹੋ ਆਪ, ਧੰਨ ਹੋ ! ਤੁਸੀਂ ਤਾਂ ਪਿਤਾ-ਗੁਰੂ ਦੀ ਗੁਰ-ਗੱਦੀ ਦੇ ਠੀਕ ਹੀ ਅਧਿਕਾਰੀ ਹੋ । ਇਨ੍ਹਾਂ ਗੁਣਾਂ ਦਾ ਸਦਕਾ ਹੀ ਪਹਿਲਾਂ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਤੇ ਫੇਰ ਗੁਰੂ ਅਮਰਦਾਸ ਜੀ ਨੇ ਗੱਦੀ ਪ੍ਰਾਪਤ ਕੀਤੀ । ਆਪ ਧੰਨ ਹੋ ! ਆਪ ਦੀ ਸਿੱਖੀ ਧੰਨ ਹੈ !'*

ਜਦ ਬਾਬਾ ਸ੍ਰੀ ਚੰਦ ਜੀ ਵਿਦਾ ਹੋਏ ਤਾਂ ਗੁਰੂ ਜੀ ਨੇ ਉਨ੍ਹਾਂ ਦਾ ਹੋਰ ਸਤਿਕਾਰ ਇਹ ਕੀਤਾ ਕਿ ਇਕ ਘੋੜਾ ਅਤੇ ਪੰਜ ਸੌ ਰੁਪਏ ਉਨ੍ਹਾਂ ਨੂੰ ਭੇਟਾ ਕੀਤੇ । ਬਾਬਾ ਜੀ ਖੁਸ਼ੀ-ਖੁਸ਼ੀ ਅਸੀਸਾਂ ਦੇਂਦੇ ਵਿਦਾ ਹੋਏ ।

❀ ❀ ❀



ਕਾਂਡ ੩

## ਗੁਰਿਆਈ ਦਾ ਸਮਾਂ-੨

ਸਿੱਖਾਂ ਦਾ ਨਿਤਨੇਮ-- ਸ੍ਰੀ ਗੁਰੂ ਰਾਮਦਾਸ ਜੀ ਨੇ ਸਿੱਖਾਂ ਦੀ ਅਗਵਾਈ ਲਈ ਚੋਖੀ ਬਾਣੀ ਰਚੀ । ਇਕ ਸਲੋਕ ਆਪ ਨੇ ਅਜਿਹਾ ਰਚਿਆ ਜਿਸ ਵਿੱਚ ਹਰੇਕ ਸਿੱਖ ਦੇ ਨਿਤ ਨੇਮ (ਹਰ ਰੋਜ਼ ਦੇ ਕਰਨ) ਦੇ ਕੰਮਾਂ ਦਾ ਵਰਣਨ ਕੀਤਾ । ਉਹ ਇਹ ਹੈ :-

*ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ[1] ਉਠਿ ਹਰਿ ਨਾਮੁ ਧਿਆਵੈ॥*
*ਉਦਮੁ ਕਰੇ ਭਲਕੇ ਪਰਭਾਤੀ[2] ਇਸਨਾਨੁ ਕਰੇ [3]ਅੰਮ੍ਰਿਤ ਸਰਿ ਨਾਵੈ॥*
*ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ ਸਭਿ ਕਿਲਵਿਖ[4] ਪਾਪ ਦੋਖ[5] ਲਹਿ ਜਾਵੈ॥*
*ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ ਬਹਦਿਆ ਉਠਦਿਆ ਹਰਿ ਨਾਮੁ ਧਿਆਵੈ॥*
*ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ ਸੋ ਗੁਰਸਿਖੁ ਗੁਰੂ ਮਨਿ ਭਾਵੈ ॥*
*ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ॥*
*ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ ਜੋ ਆਪਿ ਜਪੈ ਅਵਰਹ ਨਾਮੁ ਜਪਾਵੈ॥*

*(ਵਾਰ ਗਉੜੀ, ਮ: ੪, ਪੰਨਾ ੩੦੫)*

ਸਿੱਖਾਂ ਲਈ ਰਹੁ-ਰੀਤਿ ਦੁਨੀਆਂ ਦੇ ਕੰਮਾਂ-ਕਾਜਾਂ ਅਤੇ ਢੰਗਾਂ ਸੁਆਰਥਾਂ ਬਾਰੇ ਵੀ ਸ੍ਰੀ ਗੁਰੂ ਰਾਮਦਾਸ ਜੀ ਨੇ ਸਿੱਖਾਂ ਦੀ ਰਹੁ-ਰੀਤਿ ਜਾਂ ਗੁਰ ਮਰਯਾਦਾ ਕਾਇਮ ਕੀਤੀ । ਆਪ ਨੇ ਹੁਕਮ ਕੀਤਾ ਕਿ ਗੁਰਸਿੱਖ ਹਰੇਕ ਕੰਮ ਕਰਤਾਰ ਦੇ ਭਰੋਸੇ ਕਰਦਾ ਹੋਇਆ ਅਰਦਾਸ ਕਰੇ ਤੇ ਅਰੰਭੇ । ਇਹ ਉਪਦੇਸ਼ ਆਪ ਨੇ ਇਸ ਪਉੜੀ ਵਿੱਚ ਦਰਜ ਕੀਤਾ :

ਕੀਤਾ ਲੋੜੀਐ ਕੰਮੁ ਸੁ ਹਰਿ ਪਹਿ ਆਖੀਐ ॥

---

*੧ ਨਿਤ ਆਉਣ ਵਾਲੇ ਦਿਨ ਵਿੱਚ । ੨ ਅੰਮ੍ਰਿਤ ਵੇਲੇ, ਤੜਕੇ । ੩ ਸਤਸੰਗ ਕਰੇ । ੪ ਪਾਪ, ਗੁਨਾਹ । ੫ ਪਾਪ, ਦੋਸ਼*

*ਕਾਰਜੁ ਦੇਇ ਸਵਾਰਿ ਸਤਿਗੁਰ ਸਚੁ ਸਾਖੀਐ[1] ॥੧॥*
*ਸੰਤਾ ਸੰਗਿ ਨਿਧਾਨੁ[2] ਅੰਮ੍ਰਿਤੁ ਚਾਖੀਐ ॥*
*ਭੈ ਭੰਜਨ[3] ਮਿਹਰਵਾਨ ਦਾਸ ਕੀ ਰਾਖੀਐ ॥*
*ਨਾਨਕ ਹਰਿ ਗੁਣ ਗਾਇ ਅਲਖੁ[4] ਪ੍ਰਭੁ ਲਾਖੀਐ[5] ॥**

ਇਹ ਪਉੜੀ ਗੁਰ ਮਰਯਾਦਾ ਦਾ ਮੁੱਢ ਬਣ ਗਈ । ਹਰ ਸ਼ੁਭ ਕਾਰਜ ਦੇ ਆਰੰਭ ਵਿੱਚ ਇਹ ਪਉੜੀ ਉਚਾਰੀ ਜਾਂਦੀ ਅਤੇ ਵਾਹਿਗੁਰੂ ਅੱਗੇ ਅਰਦਾਸ ਕੀਤੀ ਜਾਂਦੀ ਹੈ ।

ਏਸੇ ਤਰ੍ਹਾਂ ਸ੍ਰੀ ਗੁਰੂ ਰਾਮਦਾਸ ਜੀ ਨੇ ਸੂਹੀ ਰਾਗ ਵਿੱਚ ਲਾਵਾਂ ਰਚੀਆਂ ਤਾਂ ਜੋ ਇਹ ਗੁਰਸਿੱਖਾਂ ਦੇ ਵਿਆਹ ਵਿੱਚ ਪੜ੍ਹੀਆਂ ਜਾਣ । ਇਨ੍ਹਾਂ ਵਿੱਚ ਆਪ ਨੇ ਉਪਦੇਸ਼ ਦਿੱਤਾ ਕਿ ਗ੍ਰਿਹਸਤ ਵਿੱਚ ਰਹੋ ਪਰ ਵਾਹਿਗੁਰੂ ਨੂੰ ਨਾ ਭੁੱਲੋ, ਉਸ ਨੂੰ ਯਾਦ ਰੱਖੋ, ਉਸ ਦਾ ਭੈ ਰੱਖੋ, ਉਸ ਨੂੰ ਪਿਆਰ ਕਰੋ । ਇਸ ਤਰ੍ਹਾਂ ਜੋ ਪ੍ਰਾਣੀ ਕਰੇਗਾ, ਉਸ ਦੀ ਕਲਿਆਣ ਹੋਵੇਗੀ । ਇਨ੍ਹਾਂ ਰਾਹੀਂ ਆਪ ਨੇ ਗ੍ਰਿਹਸਤ ਆਸ਼ਰਮ ਵਿੱਚ ਦਾਖਲ ਹੋਣ ਵਾਲਿਆਂ ਨੂੰ 'ਵਿਚੇ ਗ੍ਰਿਹ ਸਦਾ ਰਹੈ ਉਦਾਸੀ ਜਿਉ ਕਮਲੁ ਰਹੈ ਵਿਚਿ ਪਾਣੀ ਹੇ' ਦਾ ਉਪਦੇਸ਼ ਗ੍ਰਿਹਸਤ-ਪ੍ਰਵੇਸ਼ ਵੇਲੇ ਹੀ ਦ੍ਰਿੜ੍ਹ ਕਰਾ ਦਿੱਤਾ ।

ਇਸੇ ਤਰ੍ਹਾਂ ਆਪ ਨੇ ਵਡਹੰਸ ਰਾਗ ਵਿੱਚ ਦੋ ਸ਼ਬਦ ਵਿਆਹ ਸਮੇਂ ਗਾਈਆਂ ਜਾਣ ਵਾਲੀਆਂ 'ਘੋੜੀਆਂ' ਦੀ ਧਾਰਨਾ 'ਤੇ ਰਚੇ । ਇਨ੍ਹਾਂ ਵਿੱਚ 'ਘੋੜੀ' ਦੇ ਅਲੰਕਾਰ ਨੂੰ ਲੈ ਕੇ ਵਾਹਿਗੁਰੂ-ਪ੍ਰਾਪਤੀ ਦਾ ਰਾਹ ਦੱਸਿਆ । ਆਪ ਦਾ ਮਤਲਬ ਇਹ ਸੀ ਕਿ ਗੁਰਸਿੱਖ ਆਪਣੇ ਸਭ ਕਾਰਜ ਕਰਦੇ ਕਰਤਾਰ ਤੋਂ ਦੂਰ ਨਾ ਪੈ ਜਾਣ । ਵਿਆਹ ਵੇਲੇ ਘੋੜੀਆਂ ਗਾਈਆਂ ਜਾਣ, ਜਿਨ੍ਹਾਂ ਵਿੱਚ

*੧ ਗਵਾਹ (ਉਗਾਹ) ਹੈ । ੨ ਖਜ਼ਾਨਾ, ਭੰਡਾਰ । ੩ ਡਰ ਤੋੜਨ (ਨਾਸ ਕਰਨ ਵਾਲਾ)। ੪ ਜੋ ਵੇਖਿਆ ਜਾਂ ਜਾਣਿਆ ਨਾ ਜਾ ਸਕੇ । ੫ ਜਾਣੀਏ, ਵੇਖੀਏ । *ਸਿਰੀ ਰਾਗ ਦੀ ਵਾਰ, ਮ: ੪, ਪੰਨਾ ੯੧ ।*



ਪਰਮਾਰਥਿਕ ਉਪਦੇਸ਼ ਹੋਵੇ, ਤਾਂ ਜੋ ਪਰਵਿਰਤੀ ਤੇ ਨਿਰਵਿਰਤੀ ਦੇ ਦੋਵੇਂ ਕੰਮ ਇਕੱਠੇ ਹੁੰਦੇ ਰਹਿਣ ।

ਇਸੇ ਤਰ੍ਹਾਂ ਆਪ ਨੇ ਛੰਦ ਰਚੇ ਜੋ ਅਜਿਹੇ ਸਮਿਆਂ 'ਤੇ ਗਾਏ ਜਾਂਦੇ ਸਨ ਤੇ ਇਸ ਤਰ੍ਹਾਂ ਮਾੜੇ ਛੰਦਾਂ ਗੀਤਾਂ ਨਾਲ ਬਿਰਤੀਆਂ ਮਾੜੇ ਪਾਸੇ ਜਾਣੋਂ ਬਚ ਜਾਂਦੀਆਂ ਸਨ ।

ਗੁਰਗੱਦੀ ਦੀ ਸੌਂਪਣਾ– ਸ੍ਰੀ ਗੁਰੂ ਅਮਰਦਾਸ ਜੀ ਹੁਕਮ ਕਰ ਗਏ ਸਨ ਕਿ ਆਪਣੇ ਮਗਰੋਂ ਗੁਰ-ਗੱਦੀ ਦੀ ਸੇਵਾ ਤੇ ਜ਼ੁੰਮੇਵਾਰੀ ਅਗਾਂਹ ਲਈ ਸ੍ਰੀ ਗੁਰੂ ਰਾਮਦਾਸ ਜੀ ਦੀ ਅੰਸ਼ ਦੇ ਸੋਢੀ ਹੀ ਨਿਬਾਹੁਣਗੇ। ਇਸ ਕਰ ਕੇ ਗੁਰਗੱਦੀ ਸੰਭਾਲਣ ਵਾਲੇ ਦੀ ਚੋਣ ਸ੍ਰੀ ਗੁਰੂ ਰਾਮਦਾਸ ਜੀ ਨੇ ਆਪਣੇ ਤਿੰਨਾਂ ਸਾਹਿਬਜ਼ਾਦਿਆਂ ਵਿੱਚੋਂ ਕਰਨੀ ਸੀ ।

ਪੂਰੀ ਸੋਚ-ਵਿਚਾਰ ਤੇ ਪਰਖ ਪੜਤਾਲ ਮਗਰੋਂ ਅਤੇ ਸੰਗਤਾਂ ਦੀ ਸਲਾਹ-ਸੰਮਤੀ ਲੈ ਕੇ ਸ੍ਰੀ ਗੁਰੂ ਜੀ ਨੇ ਫੈਸਲਾ ਕੀਤਾ ਕਿ ਮਗਰੋਂ ਗੁਰਤਾ ਦੀ ਜ਼ਿੰਮੇਵਾਰੀ ਸ੍ਰੀ ਗੁਰੂ ਅਰਜਨ ਦੇਵ ਜੀ ਨਿਬਾਹੁਣਗੇ ।

ਸ੍ਰੀ ਮਹਾਂਦੇਵ ਜੀ ਤਾਂ ਮਸਤ ਸਾਧੂ ਸੁਭਾਅ ਦੇ ਮਾਲਕ ਸਨ। ਉਨ੍ਹਾਂ ਨੂੰ ਗੁਰ-ਗੱਦੀ ਦਾ ਕਦੇ ਖਿਆਲ ਵੀ ਨਹੀਂ ਸੀ ਆਇਆ, ਇਸ ਕਰ ਕੇ ਉਨ੍ਹਾਂ ਨੇ ਇਸ ਫੈਸਲੇ ਵਿਰੁੱਧ ਕੋਈ ਉਜਰ ਨਾ ਕੀਤੀ ਪਰ ਪ੍ਰਿਥੀ ਚੰਦ ਆਪਣੇ ਆਪ ਨੂੰ ਗੁਰ-ਗੱਦੀ ਦਾ ਹੱਕਦਾਰ ਸਮਝਦਾ ਸੀ । ਉਹ ਬੜਾ ਨਰਾਜ਼ ਹੋਇਆ । ਉਹ ਗੁਰੂ ਜੀ ਦੇ ਨਾਲ ਝਗੜਿਆ । ਉਸ ਨੇ ਇਸ ਫੈਸਲੇ ਦੀ ਡੱਟ ਕੇ ਵਿਰੋਧਤਾ ਕਰਨ ਅਤੇ ਇਸ ਨੂੰ ਉਲਟਣ ਦੇ ਜਤਨ ਕਰਨ ਦੇ ਡਰਾਵੇ ਦਿੱਤੇ। ਗੁਰੂ ਜੀ ਨੇ ਉਸ ਨੂੰ ਸਮਝਾਇਆ, ਪਰ ਉਸ ਉਪਰ ਕੋਈ ਅਸਰ ਨਾ ਹੋਇਆ । ਗੁਰੂ ਜੀ ਨੇ ਜੋ ਵਾਕ ਕਹੇ ਉਹ ਹੇਠਲੇ ਸ਼ਬਦ ਦੇ ਰੂਪ ਵਿੱਚ ਮੌਜੂਦ ਹਨ ਤੇ ਸਾਰੇ ਅਵੈੜੇ ਪੁੱਤਾਂ ਲਈ ਸਿੱਖਿਆ ਦਾ

ਕੰਮ ਦੇਂਦੇ ਹਨ :-

*ਕਾਹੇ ਪੂਤ ਝਗਰਤ ਹਉ ਸੰਗਿ ਬਾਪ ॥*
*ਜਿਨ ਕੇ ਜਣੇ ਬਡੀਰੇ[1] ਤੁਮ ਹਉ ਤਿਨ ਸਿਉ ਝਗਰਤ ਪਾਪ ॥੧॥ਰਹਾਉ॥*
*ਜਿਸੁ ਧਨ ਕਾ ਤੁਮ ਗਰਬੁ ਕਰਤ ਹਉ ਸੋ ਧਨੁ ਕਿਸਹਿ ਨ ਆਪ ॥*
*ਖਿਨ[2] ਮਹਿ ਛੋਡਿ ਜਾਇ ਬਿਖਿਆ[3] ਰਸੁ ਤਉ ਲਾਗੈ ਪਛੁਤਾਪ ॥੧॥*
*ਜੋ ਤੁਮਰੇ ਪ੍ਰਭ ਹੋਤੇ ਸੁਆਮੀ ਹਰਿ ਤਿਨ ਕੇ ਜਾਪਹੁ ਜਾਪ ॥*
*ਉਪਦੇਸੁ ਕਰਤ ਨਾਨਕ ਜਨ ਤੁਮ ਕਉ ਜਉ ਸੁਨਹੁ ਤਉ ਜਾਇ ਸੰਤਾਪ ॥੪॥੨॥**

ਪ੍ਰਿਥੀਆ ਹੋਰ ਵੀ ਗੁਸਤਾਖ ਹੁੰਦਾ ਗਿਆ । ਗੁਰੂ ਜੀ ਨੇ ਅੰਤ ਨੂੰ ਹੁਕਮ ਦਿੱਤਾ ਕਿ ਸਾਡੇ ਸਾਹਮਣਿਓਂ ਦੂਰ ਹੋ ਅਤੇ ਮੁੜ ਮੱਥੇ ਨਾ ਲੱਗੀਂ । ਆਪ ਨੇ ਉਸ ਨੂੰ 'ਮੀਣਾ' ਕਿਹਾ ।

ਆਪਣੀ ਸੱਚ-ਖੰਡ ਵਾਪਸੀ ਦਾ ਸਮਾਂ ਆ ਪੁੱਜਾ ਜਾਣ ਕੇ ਸ੍ਰੀ ਗੁਰੂ ਰਾਮਦਾਸ ਜੀ ਪਰਵਾਰ ਸਮੇਤ ਗੋਂਦਵਾਲ ਚਲੇ ਗਏ । ਓਥੇ ਭਾਦੋਂ ਸੁਦੀ ੩ (੨ ਅੱਸੂ) ਸੰਮਤ ੧੬੩੮ ਮੁਤਾਬਕ ੧ ਸਤੰਬਰ ਸੰਨ ੧੫੮੧ ਨੂੰ ਸ੍ਰੀ ਅਰਜਨ ਦੇਵ ਨੂੰ ਗੁਰਿਆਈ ਦੇਣ ਦੀ ਰਸਮ ਅਦਾ ਕੀਤੀ ਗਈ । ਉਸੇ ਦਿਨ ਚੌਥੇ ਸਤਿਗੁਰੂ ਜੋਤੀ-ਜੋਤਿ ਸਮਾ ਗਏ ।

* * *

---
੧ ਵੱਡੇ ਕੀਤੇ । ੨ ਪਲ । ੩ ਜ਼ਹਿਰ । ੪ ਸੇਕ, ਸਾੜਾ, ਦੁੱਖ, ਕਲੇਸ਼।
*ਸਾਰੰਗ ਮਹਲਾ ੪, ਪੰਨਾ ੧੨੦੦ ।

## ਸੈਂਚੀ ਪੰਜਵੀਂ

# ਸ੍ਰੀ ਗੁਰੂ ਅਰਜਨ ਦੇਵ ਜੀ

(ਸੰਮਤ ੧੬੨੦-੧੬੬੩, ਸੰਨ ੧੫੬੩-੧੬੦੬)

# ਜਗਤ-ਫੇਰੀ ਦਾ ਸੰਖੇਪ

| | | |
|---|---|---|
| ਜਨਮ– | ਵੈਸਾਖ ਵਦੀ ੭, (੧੯ ਵੈਸਾਖ) ਸੰਮਤ ੧੬੨੦, ੧੫ ਅਪ੍ਰੈਲ ਸੰਨ ੧੫੬੩ । | |
| ਜਨਮ ਅਸਥਾਨ– | ਗੋਂਦਵਾਲ, ਤਹਿ. ਤਰਨਤਾਰਨ (ਅੰਮ੍ਰਿਤਸਰ) | |
| ਮਾਤਾ-ਪਿਤਾ– | ਪਿਤਾ : ਸ੍ਰੀ ਗੁਰੂ ਰਾਮਦਾਸ ਜੀ ।<br>ਮਾਤਾ : ਸ੍ਰੀ ਭਾਨੀ ਜੀ । | |
| ਵਿਆਹ– | ੨੩ ਹਾੜ ਸੰਮਤ ੧੬੩੬ ਨੂੰ ਮਉ (ਮੌ) ਪਿੰਡ (ਤਹਿਸੀਲ ਫਿਲੌਰ) ਦੇ ਵਸਨੀਕ ਸ੍ਰੀ ਕਿਸ਼ਨ ਚੰਦ ਜੀ ਦੀ ਸਪੁੱਤਰੀ ਮਾਤਾ ਗੰਗਾ ਦੇਵੀ ਜੀ ਨਾਲ। | |
| ਸੰਤਾਨ– | ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ (੨੧ ਹਾੜ ਸੰਮਤ ੧੬੫੨) | |
| ਗੁਰਿਆਈ– | ਭਾਦੋਂ ਸੁਦੀ ੩( ੨ ਅੱਸੂ) ਸੰਮਤ ੧੬੩੮, ੧ ਸਤੰਬਰ ਸੰਨ ੧੫੮੧ | |
| ਅਸਥਾਨ ਰਚੇ– | ਅੰਮ੍ਰਿਤਸਰ ਸਰੋਵਰ ਪੱਕਾ ਬਣਵਾਇਆ | ਸੰਮਤ ੧੬੪੩ |
| | ਸੰਤੋਖਸਰ ਮੁਕੰਮਲ | ਸੰਮਤ ੧੬੪੫ |
| | ਹਰਿਮੰਦਰ ਸਾਹਿਬ ਦੀ ਨੀਂਹ ਰੱਖੀ | ਸੰਮਤ ੧੬੪੫ |
| | ਤਰਨ ਤਾਰਨ ਤਾਲ | ਸੰਮਤ ੧੬੪੭ |
| | ਕਰਤਾਰਪੁਰ (ਜਲੰਧਰ) | ਸੰਮਤ ੧੬੫੦ |
| | ਤਰਨ ਤਾਰਨ ਸ਼ਹਿਰ | ਸੰਮਤ ੧੬੫੩ |
| | ਛੇਹਰਟਾ ਸਾਹਿਬ | ਸੰਮਤ ੧੬੫੪ |
| | ਸ੍ਰੀ ਗੋਬਿੰਦਪੁਰਾ | ਸੰਮਤ ੧੬੫੪ |
| | ਬਾਉਲੀ ਸਾਹਿਬ, ਲਾਹੌਰ | ਸੰਮਤ ੧੬੫੬ |
| | ਰਾਮਸਰ, ਅੰਮ੍ਰਿਤਸਰ | ਸੰਮਤ ੧੬੫੯-੬੦ |
| | ਗੁਰੂ ਕਾ ਬਾਗ (ਅੰਮ੍ਰਿਤਸਰ) | |
| ਸ੍ਰੀ ਗੁਰੂ ਗ੍ਰੰਥ ਸਾਹਿਬ | ਸ੍ਰੀ ਰਾਮਸਰ ਦੇ ਕੰਢੇ ਸੰਮਤ ੧੬੬੦ ਵਿੱਚ ਲਿਖਾਈ ਅਰੰਭੀ ਤੇ ਭਾਦੋਂ ਸੁਦੀ ੧ ਸੰਮਤ ੧੬੬੧ ਨੂੰ ਸ੍ਰੀ ਹਰਿਮੰਦਰ ਸਾਹਿਬ ਵਿੱਚ ਅਸਥਾਪਨ ਕੀਤਾ । | |

ਜੋਤੀ ਜੋਤਿ ਸਮਾਏ–ਜੇਠ ਸੁਦੀ ੪ (੧ ਹਾੜ) ਸੰਮਤ ੧੬੬੩, ੩੦ ਮਈ ਸੰਨ ੧੬੦੬ ।



## ਕਾਂਡ ੧

# ਗੁਰਿਆਈ ਤੋਂ ਪਹਿਲਾਂ ਦਾ ਸਮਾਂ

**ਜਨਮ ਤੇ ਬਚਪਨ**–ਸ੍ਰੀ ਗੁਰੂ ਅਰਜਨ ਦੇਵ ਜੀ ਦਾ ਜਨਮ ਸ੍ਰੀ ਗੁਰੂ ਰਾਮਦਾਸ ਜੀ ਦੇ ਘਰ, ਮਾਤਾ ਭਾਨੀ ਜੀ ਦੀ ਕੁੱਖੋਂ ਗੋਂਦਵਾਲ, ਤਹਿਸੀਲ ਤਰਨ ਤਾਰਨ, ਜ਼ਿਲ੍ਹਾ ਅੰਮ੍ਰਿਤਸਰ ਵਿੱਚ ਹੋਇਆ । ਉਸ ਦਿਨ ਵੈਸਾਖ ਵਦੀ ੭ (ਵੈਸਾਖ ਦੀ ਪੂੰਨਿਆਂ ਤੋਂ ਮਗਰੋਂ ਸੱਤਵੀਂ ਥਿੱਤ ਸੀ) ਤੇ ਵੈਸਾਖ ਸੰਮਤ ੧੬੨੦ ਦੀ ੧੯ ਤਰੀਕ ਸੀ । ਅੰਗਰੇਜ਼ੀ ਸਾਲ ਦੇ ਹਿਸਾਬ ਉਸ ਦਿਨ ਸੰਨ ੧੫੬੩ ਦੇ ਅਪ੍ਰੈਲ ਦੀ ੧੫ ਤਰੀਕ ਸੀ।

ਆਪ ਦੀ ਪੜ੍ਹਾਈ ਸਿੱਖਿਆ ਦਾ ਸੋਹਣਾ ਪ੍ਰਬੰਧ ਕੀਤਾ ਗਿਆ । ਆਪ ਮੁੱਢ ਤੋਂ ਹੀ ਹੋਣਹਾਰ ਤੇ ਸੰਤ-ਸਰੂਪ ਸਨ । ਆਪ ਦੇ ਨਾਨਾ ਜੀ (ਸ੍ਰੀ ਗੁਰੂ ਅਮਰਦਾਸ ਜੀ) ਆਪ ਨਾਲ ਬਹੁਤ ਪਿਆਰ ਕਰਿਆ ਕਰਦੇ ਸਨ । ਸ੍ਰੀ ਗੁਰੂ ਅਮਰਦਾਸ ਜੀ ਨੇ ਮੁੱਢ ਤੋਂ ਹੀ ਜਾਣ ਲਿਆ ਸੀ ਕਿ ਸਾਡਾ ਇਹ ਦੋਹਤਾ ਧੁਰ ਦਰਗਾਹੋਂ ਗੁਰ-ਗੱਦੀ ਲਈ ਅੰਗਿਆਂ ਹੋਇਆ ਆਇਆ ਹੈ । ਸ੍ਰੀ ਅਰਜਨ ਦੇਵ ਜੀ ਦੇ ਧੁਰੋਂ ਗੁਰਤਾ ਲਈ ਅਗੇ ਹੋਣ ਦੇ ਲੱਛਣ ਛੋਟੀ ਉਮਰ ਵਿੱਚ ਹੀ ਪ੍ਰਗਟ ਹੁੰਦੇ ਰਹਿੰਦੇ ਸਨ ।

ਇਕ ਦਿਨ ਰਿੜ੍ਹਦੇ-ਰਿੜ੍ਹਦੇ ਸ੍ਰੀ ਅਰਜਨ ਦੇਵ ਜੀ ਗੁਰੂ ਅਮਰਦਾਸ ਜੀ ਦੀ ਗੱਦੀ 'ਤੇ ਚਲੇ ਗਏ । ਗੁਰੂ ਜੀ ਨੇ ਮੁਸਕ੍ਰਾ ਕੇ ਕਿਹਾ : 'ਪੁੱਤਰ ! ਅਜੇ ਵੇਲਾ ਨਹੀਂ ਆਇਆ ।' ਮਾਤਾ ਭਾਨੀ ਜੀ ਤਾਂ ਸਮਝ ਗਏ ਕਿ ਇਹ ਮਨੋਹਰ ਬਾਲ ਧੁਰੋਂ ਗੁਰਤਾ ਦੀਆਂ ਜ਼ੁੰਮੇਵਾਰੀਆਂ ਨਿਬਾਹੁਣ ਲਈ ਨੀਅਤ ਹੋ ਕੇ ਆਇਆ ਹੈ । ਇਕ ਵੇਰ ਫੇਰ, ਸ੍ਰੀ ਅਰਜਨ ਦੇਵ ਜੀ ਦੇ ਬਚਪਨ ਵਿੱਚ ਹੀ, ਸ੍ਰੀ ਗੁਰੂ ਅਮਰਦਾਸ ਜੀ ਨੇ ਆਪ ਨੂੰ ਕੁੱਛੜ ਚੁੱਕ ਕੇ ਕਿਹਾ : 'ਦੋਹਿਤਾ,

ਬਾਣੀ ਕਾ ਬੋਹਿਥਾ ।*'

ਸ੍ਰੀ ਅਰਜਨ ਦੇਵ ਜੀ ਦੀ ਉਮਰ ਦੇ ਪਹਿਲੇ ਸਾਢੇ ਯਾਰਾਂ ਕੁ ਸਾਲ ਗੋਂਦਵਾਲ ਵਿੱਚ ਗੁਜ਼ਰੇ । ਅੱਸੂ ੧੬੩੧ ਵਿੱਚ ਗੁਰਿਆਈ ਮਿਲਣ 'ਤੇ ਆਪ ਦੇ ਪਿਤਾ ਜੀ, ਸ੍ਰੀ ਗੁਰੂ ਰਾਮਦਾਸ ਜੀ, ਗੋਂਦਵਾਲ ਛੱਡ ਕੇ 'ਗੁਰੂ ਕੇ ਚੱਕ' (ਅੰਮ੍ਰਿਤਸਰ) ਆ ਗਏ। ਸ੍ਰੀ ਅਰਜਨ ਦੇਵ ਜੀ ਪਰਵਾਰ ਦੇ ਨਾਲ ਹੀ ਉਥੇ ਆਏ ।

ਸੁਰਤ ਸੰਭਾਲਦਿਆਂ ਹੀ ਉਹ ਆਪਣੇ ਪਿਤਾ ਜੀ ਨੂੰ ਮੁਕਤੀ-ਦਾਤਾ ਗੁਰੂ ਸਮਝ ਕੇ ਉਨ੍ਹਾਂ ਦੀ ਸੇਵਾ ਕਰਦੇ ਤੇ ਆਗਿਆ ਪਾਲਦੇ ਸਨ ਅਤੇ ਹਰ ਵੇਲੇ ਆਪ ਜੀ ਦੀਆਂ ਖੁਸ਼ੀਆਂ ਤੇ ਅਸੀਸਾਂ ਪ੍ਰਾਪਤ ਕਰਨ ਦੇ ਆਹਰਾਂ ਵਿੱਚ ਲੱਗੇ ਰਹਿੰਦੇ ਸਨ ।

ਆਪ ਨੇ ਚੰਗੀ ਵਿੱਦਿਆ ਪ੍ਰਾਪਤ ਕੀਤੀ । ਆਪ ਦੀ ਬਿਰਤੀ ਨਾਮ ਵਿੱਚ ਲੀਨ ਰਹਿੰਦੀ ਸੀ । ਪਹਿਲੇ ਚਹੁੰ ਸਤਿਗੁਰਾਂ ਦੀ ਰਚੀ ਬਾਣੀ ਦਾ ਉਹ ਬੜੇ ਪ੍ਰੇਮ ਨਾਲ ਪਾਠ-ਵਿਚਾਰ ਕਰਦੇ ਰਹਿੰਦੇ ਸਨ । ਬਚਪਨ ਤੋਂ ਆਪ ਦੀ ਲਗਨ ਸਿੱਖੀ ਭਾਵਨਾ ਵਾਲੀ ਸੀ । ਆਪ ਨੂੰ ਮਾਤਾ-ਪਿਤਾ ਦੇ ਸਭ ਗੁਣ ਪ੍ਰਾਪਤ ਹੋਏ । ਆਪ ਸ਼ਾਂਤ-ਚਿਤ, ਸਤੋ ਗੁਣੀ ਸੁਭਾਅ ਵਾਲੇ, ਆਤਮ ਤੱਤ ਦੇ ਵੇਤਾ, ਪੂਰਨ ਬ੍ਰਹਮ-ਗਿਆਨੀ ਸਨ । ਛੋਟੀ ਉਮਰ ਵਿੱਚ ਹੀ ਆਪ ਸੋਹਣੀ ਧਾਰਮਿਕ ਕਵਿਤਾ ਰਚਣ ਲੱਗ ਪਏ ।

**ਵਿਆਹ ਤੇ ਸੰਤਾਨ**– ਸ੍ਰੀ ਅਰਜਨ ਦੇਵ ਜੀ ਦਾ ਵਿਆਹ ੨੩ ਹਾੜ ਸੰਮਤ ੧੬੩੬ ਨੂੰ, ਅਰਥਾਤ ੧੬ ਸਾਲ ਦੀ ਉਮਰ ਵਿੱਚ ਮਉ (ਮੌ) ਪਿੰਡ, ਤਹਿਸੀਲ ਫਲੌਰ, ਜ਼ਿਲ੍ਹਾ ਜਲੰਧਰ ਦੇ ਵਸਨੀਕ ਸ੍ਰੀ ਕ੍ਰਿਸ਼ਨ ਚੰਦ ਜੀ ਦੀ ਸਪੁੱਤਰੀ, ਸ੍ਰੀ ਮਾਤਾ ਗੰਗਾ ਜੀ ਨਾਲ ਹੋਇਆ । ਉਨ੍ਹਾਂ ਦੀ ਕੁੱਖੋਂ ੨੧ ਹਾੜ ਸੰਮਤ ੧੬੫੨ ਨੂੰ ਸ੍ਰੀ ਗੁਰੂ ਹਰਿਗੋਬਿੰਦ ਜੀ ਪੈਦਾ ਹੋਏ ।

**ਪ੍ਰੀਖਿਆ**– ਉਪਰ ਦੱਸ ਆਏ ਹਾਂ ਕਿ ਸ੍ਰੀ ਗੁਰੂ ਅਮਰਦਾਸ

*ਬੋਹਿਥਾ ਦਾ ਅਰਥ ਹੈ 'ਜਹਾਜ਼' । ਗੁਰੂ ਜੀ ਦਾ ਭਾਵ ਸੀ ਕਿ ਸ੍ਰੀ ਅਰਜਨ ਦੇਵ ਜੀ ਗੁਰੂ ਬਣ ਕੇ ਜਗਿਆਸੂਆਂ ਨੂੰ ਸੰਸਾਰ-ਸਾਗਰ ਤੋਂ ਪਾਰ ਉਤਾਰਨ ਵਾਲੀ ਬਹੁਤ ਸਾਰੀ ਬਾਣੀ ਰਚਣਗੇ ।



ਜੀ ਨੇ ਸ੍ਰੀ ਅਰਜਨ ਦੇਵ ਜੀ ਦੀ ਬਾਲ ਅਵਸਥਾ ਵਿੱਚ ਅਜਿਹੇ ਵਾਕ ਉਚਰੇ ਸਨ ਜਿਹੜੇ ਸਪਸ਼ਟ ਕਰਦੇ ਸਨ ਕਿ ਸ੍ਰੀ ਅਰਜਨ ਦੇਵ ਜੀ ਗੁਰਤਾ ਲਈ ਧੁਰ ਦਰਗਾਹੋਂ ਅੰਗੇ ਗਏ ਹੋਏ ਸਨ । ਸ੍ਰੀ ਗੁਰੂ ਰਾਮਦਾਸ ਜੀ ਵੀ ਇਹ ਕੁਝ ਜਾਣਦੇ ਸਮਝਦੇ ਸਨ । ਸੱਚੀ ਤੇ ਸਿੱਧੀ ਗੱਲ ਇਹ ਸੀ ਕਿ ਗੁਰਤਾ ਨਿਰੇ ਨਿੱਜੀ ਗੁਣਾਂ ਦੇ ਧਾਰਨ ਨਾਲ ਨਹੀਂ ਸੀ ਮਿਲ ਸਕਦੀ । ਗੁਰ-ਗੱਦੀ 'ਤੇ ਬੈਠਣ ਵਾਲੇ ਧੁਰੋਂ ਥਾਪੇ ਹੋਏ ਆਉਂਦੇ ਸਨ ਅਤੇ ਉਨ੍ਹਾਂ ਵਿੱਚ (ਗੁਰਿਆਈ ਦੀ) ਯੋਗਤਾ ਅਤੇ ਪੂਰਨਤਾ ਦੇ ਹੋਰ ਗੁਣ ਧੁਰੋਂ ਭਰਪੂਰ ਹੁੰਦੇ ਸਨ । ਇਹ ਗੁਣ ਪ੍ਰਤੱਖ ਵਰਤਾਉ ਵਿੱਚ ਪ੍ਰਗਟ ਹੋ ਕੇ ਸਾਧਾਰਨ ਅੱਖਾਂ ਅਤੇ ਸੰਗਤਾਂ ਦੇ ਦਿਲਾਂ ਨੂੰ ਤਸੱਲੀ ਦੇਂਦੇ ਸਨ ਕਿ ਜੋ ਗੁਰੂ ਜੀ ਕਰਦੇ ਹਨ, ਉਹ ਠੀਕ ਹੈ ।

ਇਸ ਕਰ ਕੇ ਭਾਵੇਂ ਸ੍ਰੀ ਗੁਰੂ ਰਾਮਦਾਸ ਜੀ ਤਾਂ ਜਾਣਦੇ ਹੀ ਸਨ ਕਿ ਸਾਡੇ ਮਗਰੋਂ ਗੁਰਿਆਈ ਦੀ ਜ਼ੁੰਮੇਵਾਰੀ ਸੰਭਾਲਣ ਲਈ ਸ੍ਰੀ ਅਰਜਨ ਦੇਵ ਜੀ ਯੋਗ ਹਨ, ਫੇਰ ਵੀ ਆਪਣੇ ਦੂਜੇ ਦੋਹਾਂ ਪੁੱਤਰਾਂ ਪ੍ਰਿਥੀ ਚੰਦ ਤੇ ਸ੍ਰੀ ਮਹਾਂਦੇਵ ਨੂੰ ਅਤੇ ਸੰਗਤਾਂ ਨੂੰ ਪੱਕਾ ਯਕੀਨ ਕਰਾਉਣ ਦੀ ਖ਼ਾਤਰ ਆਪ ਨੇ ਪ੍ਰੀਖਿਆ ਕਰਨ ਦਾ ਫੈਸਲਾ ਕੀਤਾ ਉਹ ਬਿਧ ਇਉਂ ਬਣੀ :

ਸੰਮਤ ੧੬੩੭ ਵਿੱਚ ਸ੍ਰੀ ਗੁਰੂ ਰਾਮਦਾਸ ਜੀ ਦੇ ਤਾਏ ਦੇ ਪੁੱਤ ਭਰਾ, ਸ੍ਰੀ ਸਹਾਰੀ ਮੱਲ ਜੀ, ਲਾਹੌਰ ਤੋਂ ਆਏ । ਉਨ੍ਹਾਂ ਨੇ ਬੇਨਤੀ ਕੀਤੀ ਕਿ ਮੇਰੇ ਪੁੱਤ ਤੇ ਆਪ ਦੇ ਭਤੀਜੇ ਦਾ ਵਿਆਹ ਹੈ, ਆਪ ਮੇਰੇ ਘਰ ਦਰਸ਼ਨ ਦਿਓ । ਅੱਗੋਂ ਗੁਰੂ ਜੀ ਨੇ ਕਿਹਾ ਕਿ ਸਾਂਝੇ ਭਲੇ ਦੇ ਜੋ ਉਸਾਰੂ ਕਾਰਜ ਅਸਾਂ ਏਥੇ ਅਰੰਭੇ ਹੋਏ ਹਨ ਉਨ੍ਹਾਂ ਨੂੰ ਵਿੱਚੇ ਛੱਡ ਕੇ ਜਾਣਾ ਠੀਕ ਨਹੀਂ । ਤਾਂ ਸਹਾਰੀ ਮੱਲ ਜੀ ਨੇ ਕਿਹਾ ਕਿ ਆਪਣਾ ਸਾਹਿਬਜ਼ਾਦਾ ਹੀ ਘੱਲ ਦਿਓ । ਗੁਰੂ ਜੀ ਨੇ ਪ੍ਰਿਥੀ ਚੰਦ ਨੂੰ ਕਿਹਾ ਕਿ ਤੁਸੀਂ ਆਪਣੇ ਤਾਇਆ ਜੀ ਨਾਲ ਜਾਓ ਪਰ ਉਸ ਨੇ ਨਾਂਹ ਕਰ ਦਿੱਤੀ ।

ਇਸ ਨਾਂਹ ਦਾ ਕਾਰਨ ਇਹ ਸੀ : ਪ੍ਰਿਥੀ ਚੰਦ ਗੁਰੂ ਜੀ ਦਾ ਵੱਡਾ ਪੁੱਤ ਸੀ । ਇਸ ਕਰ ਕੇ ਉਹ ਆਪਣੇ ਆਪ ਨੂੰ ਗੁਰ-ਗੱਦੀ

ਦਾ ਹੱਕਦਾਰ ਸਮਝਦਾ ਸੀ । ਉਹ ਦੁਨਿਆਵੀ ਕਾਰ-ਵਿਹਾਰ ਵਿੱਚ ਬੜਾ ਤਾਕ ਸੀ । ਗੁਰ-ਦਰਬਾਰ ਦਾ ਸਾਰਾ ਕੰਮ-ਕਾਜ, ਆਮਦਨ ਖਰਚ ਆਏ ਗਏ ਦੀ ਸੰਭਾਲ ਆਦਿ ਦਾ ਸਾਰਾ ਪ੍ਰਬੰਧ ਉਹ ਕਰਦਾ ਹੁੰਦਾ ਸੀ । ਸੰਗਤਾਂ ਵਿੱਚ ਉਸ ਦੀ ਚੰਗੀ ਜਾਣ-ਪਛਾਣ ਸੀ । ਮਸੰਦਾਂ ਵਿੱਚ ਵੀ ਉਸ ਦਾ ਚੰਗਾ ਰਸੂਖ ਸੀ । ਇਸ ਤਾਕਤ ਅਤੇ ਰਸੂਖ ਦੇ ਕਾਰਨ ਉਹ ਆਪਣੇ ਮਨ ਵਿੱਚ ਪੱਕੀ ਪਕਾਈ ਬੈਠਾ ਸੀ ਕਿ ਗੁਰ-ਗੱਦੀ ਦਾ ਸਾਰਾ ਕੰਮ ਜਿੰਨਾ ਸੋਹਣਾ ਮੈਂ ਨਿਬਾਹ ਸਕਦਾ ਹਾਂ, ਓਨਾ ਹੋਰ ਕੋਈ ਨਹੀਂ ਨਿਬਾਹ ਸਕਦਾ । ਇਸੇ ਖਿਆਲ ਨਾਲ ਉਹ ਆਪਣੇ ਛੋਟੇ ਭਰਾਵਾਂ ਨੂੰ ਆਪਣੇ ਕੰਮ ਦੇ ਨੇੜੇ ਨਹੀਂ ਸੀ ਆਉਣ ਦਿੰਦਾ, ਕਿ ਮਤਾਂ ਉਹ ਵੀ ਸੰਗਤਾਂ ਅਤੇ ਮਸੰਦਾਂ ਵਿੱਚ ਅਸਰ-ਰਸੂਖ ਕਾਇਮ ਕਰ ਲੈਣ !

ਇਸ ਕਰ ਕੇ ਉਹ ਗੁਰ-ਦਰਬਾਰੋਂ ਦੂਰ ਨਹੀਂ ਸੀ ਜਾਣਾ ਚਾਹੁੰਦਾ । ਉਸ ਨੂੰ ਇਹ ਵੀ ਖਿਆਲ ਆਇਆ ਕਿ ਪਿਤਾ ਜੀ ਬ੍ਰਿਧ ਹਨ, ਕੀ ਪਤਾ ਮੇਰੇ ਮਗਰੋਂ ਹੀ ਮੇਰੇ ਭਰਾ ਨੂੰ ਗੁਰ-ਗੱਦੀ ਸੌਂਪ ਕੇ ਜੋਤੀ-ਜੋਤਿ ਸਮਾ ਜਾਣ । ਇਹ ਹੀ ਸੀ ਕਾਰਨ ਉਸ ਨਾਂਹ ਦਾ ।

ਫੇਰ ਗੁਰੂ ਜੀ ਨੇ ਆਪਣੇ ਮੰਝਲੇ ਪੁੱਤਰ ਸ੍ਰੀ ਮਹਾਂਦੇਵ ਜੀ ਨੂੰ ਜਾਣ ਦੀ ਆਗਿਆ ਕੀਤੀ । ਅੱਗੋਂ ਉਸ ਨੇ ਮਸਤਾਨੀ ਜਿਹੀ ਸੁਰ ਵਿੱਚ ਕਿਹਾ, *ਮੈਂ ਤਾਂ ਅਟੰਕ ਰਹਿਣ ਵਾਲਾ ਹਾਂ । ਮੈਨੂੰ ਦੁਨੀਆਂ ਦੇ ਵਿਹਾਰਾਂ ਦਾ ਕੀ ਪਤਾ ? ਇਹ ਸਾਕ ਸਨਬੰਧ ਸਭ ਕੂੜੇ ਹਨ । ਮੈਂ ਇਸ ਜੰਜ਼ਾਲ ਵਿੱਚ ਨਹੀਂ ਪੈਣਾ ਚਾਹੁੰਦਾ ।*

ਫੇਰ ਗੁਰੂ ਜੀ ਨੇ ਆਪਣੇ ਛੋਟੇ ਸਾਹਿਬਜ਼ਾਦੇ ਸ੍ਰੀ ਅਰਜਨ ਦੇਵ ਜੀ ਨੂੰ ਕਿਹਾ: *'ਪੁੱਤਰ ਜੀ ! ਆਪਣੇ ਤਾਇਆ ਜੀ ਨਾਲ ਜਾਓ । ਇਨ੍ਹਾਂ ਦੇ ਪੁੱਤ ਦੇ ਵਿਆਹ ਵਿੱਚ ਸ਼ਾਮਲ ਹੋਵੋ, ਵਿਆਹ ਦੇ ਕੁਝ ਦਿਨ ਮਗਰੋਂ ਆਪਣੀ ਧਰਮਸਾਲਾ ਵਿੱਚ ਜਾ ਟਿਕਣਾ । ਓਥੇ ਸੰਗਤਾਂ ਨੂੰ ਨਾਮ-ਬਾਣੀ ਵਿੱਚ ਲਾਇਓ ਤੇ ਗੁਰਸਿੱਖੀ ਦਾ ਪ੍ਰਚਾਰ ਕਰਿਓ । ਜਦੋਂ ਸੱਦ ਭੇਜੀਏ, ਓਦੋਂ ਆ ਜਾਣਾ । ਜਦ ਤੀਕ ਨਾ*



*ਸੱਦੀਏ, ਉਥੇ ਹੀ ਟਿਕੇ ਰਹਿਣਾ ।'* ਇਹ ਆਗਿਆ ਸੁਣ ਕੇ ਸ੍ਰੀ ਅਰਜਨ ਦੇਵ ਜੀ ਨੇ 'ਸੱਤਬਚਨ' ਕਹਿ ਕੇ ਮੱਥਾ ਟੇਕਿਆ ਅਤੇ ਅਗਲੇ ਦਿਨ ਆਪਣੇ ਤਾਇਆ ਜੀ ਨਾਲ ਲਾਹੌਰ ਨੂੰ ਤੁਰ ਗਏ ।

ਵਿਆਹ ਹੋ ਚੁਕਿਆ, ਤਾਂ ਸ੍ਰੀ ਅਰਜਨ ਦੇਵ ਜੀ ਉਸ ਧਰਮਸਾਲਾ ਵਿੱਚ ਜਾ ਟਿਕੇ ਜੋ ਗੁਰੂ ਰਾਮਦਾਸ ਜੀ ਨੇ ਆਪਣੇ ਜਨਮ-ਅਸਥਾਨ ਵਾਲੀ ਥਾਂ 'ਤੇ ਬਣਾਈ ਸੀ । ਉਥੇ ਗੁਰਸਿੱਖੀ ਦਾ ਪ੍ਰਚਾਰ ਤੇ ਸੰਗਤਾਂ ਦਾ ਉਧਾਰ ਕਰਦਿਆਂ ਨੂੰ ਚੋਖਾ ਚਿਰ ਹੋ ਗਿਆ । ਪਿਤਾ-ਗੁਰੂ ਜੀ ਵੱਲੋਂ ਸੱਦਾ ਨਾ ਆਇਆ । ਵਿਛੋੜਾ ਬੜਾ ਦੁਖਦਾਈ ਭਾਸਣ ਲੱਗ ਪਿਆ । ਆਪ ਨੇ ਪਿਤਾ ਜੀ ਵੱਲ ਬਿਨੈ-ਪੱਤਰ ਵੀ ਭੇਜੇ ਕਿ ਸਾਡਾ ਮਨ ਗੁਰ-ਦਰਸ਼ਨਾਂ ਲਈ ਬਹੁਤ ਲੋਚਦਾ ਹੈ, ਪਰ ਉਧਰੋਂ ਸੱਦਾ ਜਾਂ ਉੱਤਰ ਨਾ ਆਇਆ । ਆਪ ਪਿਤਾ-ਗੁਰੂ ਦੀ ਰਜ਼ਾ ਵਿੱਚ ਰਹਿੰਦੇ ਹੋਏ ਵਿਛੋੜਾ ਝੱਲੀ ਗਏ ।

ਅੰਤ ਨੂੰ ਗੁਰੂ ਰਾਮਦਾਸ ਜੀ ਨੇ ਪ੍ਰੀਖਿਆ ਪੂਰੀ ਹੋਈ ਸਮਝ ਕੇ ਬਾਬਾ ਬੁੱਢਾ ਜੀ ਨੂੰ ਲਾਹੌਰ ਭੇਜਿਆ ਕਿ ਸ੍ਰੀ ਅਰਜਨ ਦੇਵ ਜੀ ਨੂੰ ਨਾਲ ਲੈ ਆਓ ।

ਗੁਰਿਆਈ– ਆਪਣੀ ਸੱਚ-ਖੰਡ ਵਾਪਸੀ ਦਾ ਸਮਾਂ ਆ ਪੁੱਜਾ ਜਾਣ ਕੇ ਸ੍ਰੀ ਗੁਰੂ ਰਾਮਦਾਸ ਜੀ ਗੋਂਦਵਾਲ ਚਲੇ ਗਏ । ਓਥੇ ਆਪ ਨੇ ਸੰਗਤਾਂ ਦਾ ਉਚੇਚਾ ਇਕੱਠ ਕੀਤਾ । ਸਭ ਸੰਗਤਾਂ ਦੀ ਸੰਮਤੀ ਨਾਲ ਆਪ ਨੇ ਫੈਸਲਾ ਕੀਤਾ ਕਿ ਗੁਰਤਾ ਦੀ ਕਾਰ ਸ੍ਰੀ ਅਰਜਨ ਦੇਵ ਨੂੰ ਸੌਂਪੀ ਜਾਵੇ । ਇਸ ਫੈਸਲੇ ਮੁਜਬ ਗੁਰੂ ਜੀ ਨੇ ਭਾਦੋਂ ਸੁਦੀ ੩ (੨ ਅੱਸੂ) ਸੰਮਤ ੧੬੩੮, ਮੁਤਾਬਕ ੧ ਸਤੰਬਰ ਸੰਨ ੧੫੮੧ ਨੂੰ ਸ੍ਰੀ ਅਰਜਨ ਦੇਵ ਜੀ ਨੂੰ ਗੁਰ-ਗੱਦੀ ਉਪਰ ਅਸਥਾਪਨ ਕੀਤਾ, ਪੰਜ ਪੈਸੇ ਤੇ ਨਰੇਲ ਅੱਗੇ ਰੱਖ ਕੇ ਮੱਥਾ ਟੇਕਿਆ, ਗੁਰ-ਗੱਦੀ ਉਪਰ ਬਿਠਾਇਆ ਅਤੇ ਬਾਬਾ ਬੁੱਢਾ ਜੀ ਪਾਸੋਂ ਤਿਲਕ ਲਵਾਇਆ ।

* * *

## ਕਾਂਡ ੨

# ਪਿਰਥੀਏ ਦੀ ਵਿਰੋਧਤਾ

ਜਿਹਾ ਕਿ ਅੱਗੇ ਦੱਸਿਆ ਗਿਆ ਹੈ ਕਿ ਸ੍ਰੀ ਗੁਰੂ ਰਾਮਦਾਸ ਜੀ ਦਾ ਵੱਡਾ ਪੁੱਤ ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਵੱਡਾ ਭਰਾ ਪ੍ਰਿਥੀ ਚੰਦ (ਪ੍ਰਿਥੀਆ), ਆਪਣੇ ਆਪ ਨੂੰ ਗੁਰ-ਗੱਦੀ ਦਾ ਹੱਕਦਾਰ ਵੀ ਤੇ ਉਸ ਦੇ ਵਧੇਰੇ ਯੋਗ ਵੀ ਸਮਝਦਾ ਸੀ । ਜਦ ਉਸ ਨੂੰ ਉਹ ਨਾ ਮਿਲੀ, ਤਾਂ ਉਹ ਬੜਾ ਤਿਲਮਿਲਾਇਆ । ਉਸ ਨੇ ਆਪਣੇ ਪਿਤਾ ਸ੍ਰੀ ਗੁਰੂ ਰਾਮਦਾਸ ਜੀ ਨਾਲ ਝਗੜਾ ਕੀਤਾ ਅਤੇ ਗੁਸਤਾਖੀ ਭਰੇ ਬਚਨ ਕਹਿਣ ਤੋਂ ਇਲਾਵਾ ਡਰਾਵੇ ਵੀ ਦਿੱਤੇ । ਉਸ ਨੇ ਵੱਜ ਕੇ ਕਹਿ ਦਿੱਤਾ ਕਿ 'ਮੇਰਾ ਹੱਕ ਮਾਰਿਆ ਗਿਆ ਹੈ। ਮੇਰੇ ਨਾਲ ਧੱਕਾ ਹੋਇਆ ਹੈ । ਮੈਂ ਆਪਣੇ ਹੱਕ ਦੀ ਪ੍ਰਾਪਤੀ ਲਈ ਸਾਰਾ ਜ਼ੋਰ ਲਾਵਾਂਗਾ । ਜਿਸ ਨੇ ਮੇਰਾ ਹੱਕ ਖੋਹਿਆ ਹੈ, ਮੈਂ ਉਸ ਨੂੰ ਚੈਨ ਨਹੀਂ ਲੈਣ ਦਿਆਂਗਾ ।' ਸ੍ਰੀ ਗੁਰੂ ਰਾਮਦਾਸ ਜੀ ਅਤੇ ਬਾਬਾ ਬੁੱਢਾ ਜੀ ਆਦਿਕ ਸਿੱਖਾਂ ਦੇ ਸਮਝਾਉਣ 'ਤੇ ਵੀ ਉਹ ਆਪਣੇ ਹੱਠ ਤੋਂ ਨਾ ਟਲਿਆ ਅਤੇ ਵਿਰੋਧਤਾ ਉਤੇ ਡੱਟ ਗਿਆ। ਇਸ 'ਤੇ ਗੁਰੂ ਰਾਮਦਾਸ ਜੀ ਨੇ ਪ੍ਰਿਥੀ ਚੰਦ ਦਾ ਨਾਂ 'ਮੀਣਾ' ਰੱਖਿਆ ਅਤੇ ਆਗਿਆ ਕੀਤੀ ਕਿ ਉਹ ਸਾਡੇ ਮੱਥੇ ਨਾ ਲੱਗੇ ।

ਸ੍ਰੀ ਗੁਰੂ ਰਾਮਦਾਸ ਜੀ ਗੋਂਦਵਾਲ ਜੋਤੀ-ਜੋਤਿ ਸਮਾਏ ਸਨ। ਉਥੇ ਹੀ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਗੁਰਿਆਈ ਮਿਲੀ ਸੀ । ਚੌਥੀ ਪਾਤਸ਼ਾਹੀ ਦੀ ਸੱਚ-ਖੰਡ ਵਾਪਸੀ ਤੋਂ ਕੁਝ ਚਿਰ ਮਗਰੋਂ ਪੰਜਵੇਂ ਸਤਿਗੁਰੂ ਵਾਪਸ 'ਗੁਰੂ ਕੇ ਚੱਕ' ਆ ਗਏ ਅਤੇ ਗੁਰਤਾ ਦੀ ਕਾਰ ਪੂਰੇ ਉਤਸ਼ਾਹ ਤੇ ਪ੍ਰੇਮ ਨਾਲ ਨਿਭਾਹੁਣ ਲੱਗ ਪਏ । ਚੌਥੇ ਸਤਿਗੁਰੂ ਦੇ ਅਰੰਭੇ ਹੋਏ ਉਸਾਰੂ ਕਾਰਜਾਂ ਨੂੰ ਵੀ ਆਪ ਨੇ



ਹੱਥ ਵਿੱਚ ਲਿਆ ਅਤੇ ਉਨ੍ਹਾਂ ਨੂੰ ਪੂਰਾ ਕਰਨ ਦੇ ਉੱਦਮ ਅਰੰਭ ਕਰ ਦਿੱਤੇ । ਗੁਰੂ ਕੇ ਚੱਕ ਦਾ ਨਾਂ ਆਪ ਨੇ 'ਰਾਮਦਾਸ ਪੁਰ' ਜਾਂ ਚੱਕ ਰਾਮਦਾਸ ਰੱਖ ਦਿੱਤਾ ।

ਓਧਰੋਂ ਪ੍ਰਿਥੀਏ ਨੇ ਵੀ ਆਪਣੀਆਂ ਚਾਲਾਂ ਅਰੰਭ ਦਿੱਤੀਆਂ। ਪਹਿਲਾਂ ਤਾਂ ਉਸ ਨੇ ਰਾਮਦਾਸਪੁਰ (ਅੰਮ੍ਰਿਤਸਰ) ਦੇ ਚੌਧਰੀਆਂ ਨੂੰ ਕਿਹਾ ਕਿ ਪਿਤਾ ਜੀ ਦੀ ਸਾਰੀ ਜਾਇਦਾਦ ਤੇ ਆਮਦਨੀ ਮੇਰੇ ਛੋਟੇ ਭਰਾ ਨੂੰ ਮਿਲ ਗਈ ਹੈ, ਮੈਨੂੰ ਤੇ ਮੇਰੇ ਭਰਾ ਮਹਾਂਦੇਵ ਨੂੰ ਗੁਜ਼ਾਰੇ ਵਾਸਤੇ ਕੁਝ ਵੀ ਨਹੀਂ ਮਿਲਿਆ । ਉਸ ਦੀ ਪ੍ਰੇਰਨਾ ਦੇ ਅਸਰ ਹੇਠ ਚੌਧਰੀਆਂ ਦਾ ਮੇਲਾ ਗੁਰੂ ਜੀ ਨੂੰ ਮਿਲਿਆ । ਗੁਰੂ ਜੀ ਨੇ ਮਕਾਨਾਂ ਅਤੇ ਜ਼ਮੀਨ ਤੋਂ ਆਉਂਦੀ ਸਭ ਆਮਦਨ ਆਪਣੇ ਭਰਾਵਾਂ ਦੇ ਨਾਂ ਲਵਾ ਦਿੱਤੀ । ਲੰਗਰ ਅਤੇ ਹੋਰ ਸਾਂਝੇ ਕੰਮਾਂ ਨੂੰ ਚਾਲੂ ਰੱਖਣ ਲਈ ਉਨ੍ਹਾਂ ਨੇ ਸੰਗਤਾਂ ਵੱਲੋਂ ਆਉਣ ਵਾਲੀ ਕਾਰ-ਭੇਟ ਹੀ ਆਪਣੇ ਵਾਸਤੇ ਰੱਖੀ ਪਰ ਪ੍ਰਿਥੀਆ ਅਜੇ ਵੀ ਸੰਤੁਸ਼ਟ ਨਾ ਹੋਇਆ । ਉਸ ਨੇ ਕੁਝ ਮਸੰਦਾਂ ਨੂੰ ਆਪਣੇ ਨਾਲ ਗੰਢ ਲਿਆ । ਉਹ ਆਪਣੇ-ਆਪ ਨੂੰ ਗੁਰੂ ਅਖਵਾਉਣ ਲੱਗ ਪਿਆ ਅਤੇ ਕਈ ਸਿੱਖਾਂ ਨੂੰ ਟਪਲਾ ਲਾਉਣ ਵਿੱਚ ਸਫਲ ਵੀ ਹੋ ਗਿਆ । ਉਸ ਨੇ ਰਾਮਦਾਸ ਪੁਰ (ਅੰਮ੍ਰਿਤਸਰ) ਆਉਣ ਵਾਲੇ ਸਾਰੇ ਰਸਤਿਆਂ ਉਪਰ ਆਪਣੇ ਆਦਮੀ ਖੜ੍ਹੇ ਕਰ ਦਿੱਤੇ । ਉਹ ਆਉਂਦੀਆਂ ਸਭ ਸੰਗਤਾਂ ਨੂੰ ਪ੍ਰੇਰ ਭੁਚਲਾ ਕੇ ਪ੍ਰਿਥੀਏ ਪਾਸ ਲੈ ਜਾਇਆ ਕਰਨ, ਉਹ ਅੱਗੋਂ ਉਨ੍ਹਾਂ ਪਾਸੋਂ ਕਾਰ-ਭੇਟਾ ਵਸੂਲ ਕਰ ਲਿਆ ਕਰੇ ਅਤੇ ਮਗਰੋਂ ਪ੍ਰਸ਼ਾਦ ਛਕਣ ਲਈ ਗੁਰੂ ਕੇ ਲੰਗਰ ਭੇਜ ਦਿਆ ਕਰੇ ।

ਸ੍ਰੀ ਗੁਰੂ ਅਰਜਨ ਦੇਵ ਜੀ ਆਪਣੇ ਵੱਡੇ ਭਰਾ ਦੀ ਇਹ ਸਭ ਵਧੀਕੀ ਅਤੇ ਧੱਕੇ ਵਾਲੀ ਕਾਰਵਾਈ ਪੂਰਨ ਸ਼ਾਂਤੀ ਨਾਲ ਜਰਦੇ ਗਏ । ਸੰਗਤਾਂ ਵੱਲੋਂ ਜੋ ਭੇਟਾ ਪੁੱਜ ਜਾਂਦੀ ਅਤੇ ਆਪਣੇ ਪਾਸ ਜੋ ਕੁਝ ਹੈ ਸੀ, ਉਸ ਨਾਲ ਲੰਗਰ ਚਲਾਉਂਦੇ ਰਹੇ ਅਤੇ ਆਈਆਂ ਸੰਗਤਾਂ ਨੂੰ ਸਤਿਨਾਮ ਦਾ ਉਪਦੇਸ਼ ਦੇਂਦੇ ਰਹੇ । ਗੁਰੂ

ਜੀ ਅਤੇ ਮਾਤਾ ਜੀ ਨੂੰ ਕਈ ਵੇਰ ਭੁੱਖੇ ਹੀ ਰਹਿਣਾ ਪਿਆ ਕਰੇ, ਇਹ ਸਭ ਕੁਝ ਉਸ ਵਾਹਿਗੁਰੂ ਦੀ ਰਜ਼ਾ ਸਮਝ ਕੇ ਅਡੋਲ-ਚਿੱਤ ਸਹਾਰਦੇ ਤੇ ਉਸ ਦਾ ਸ਼ੁਕਰ ਗੁਜ਼ਾਰਦੇ ਸਨ। ਪ੍ਰਿਥੀਏ ਉਤੇ ਗੁੱਸਾ ਜਾਂ ਉਸ ਨਾਲ ਵੈਰ ਕਰਨ ਦੇ ਥਾਂ ਗੁਰੂ ਜੀ ਉਸ ਦੇ ਪੁੱਤ, ਮਿਹਰਬਾਨ ਨੂੰ ਪੁੱਤਾਂ ਵਾਂਗ ਸਮਝਦੇ ਤੇ ਪਾਲਦੇ-ਪੋਸਦੇ ਰਹੇ। ਕੁਝ ਸਮੇਂ ਮਗਰੋਂ ਭਾਈ ਗੁਰਦਾਸ ਜੀ ਆਗਰੇ ਤੋਂ ਰਾਮਦਾਸ ਪੁਰ (ਅੰਮ੍ਰਿਤਸਰ) ਆਏ। ਉਥੇ ਉਹ ਚੌਥੇ ਸਤਿਗੁਰਾਂ ਦੀ ਆਗਿਆ ਹੇਠ ਸਿੱਖੀ ਪ੍ਰਚਾਰ ਕਰਨ ਲਈ ਗਏ ਹੋਏ ਸਨ। ਲੰਗਰ ਦੀ ਹਾਲਤ ਤੱਕ ਕੇ ਅਤੇ ਪ੍ਰਿਥੀਏ ਦੀਆਂ ਕਰਤੂਤਾਂ ਵੇਖ ਕੇ ਉਨ੍ਹਾਂ ਨੂੰ ਬਹੁਤ ਦੁੱਖ ਹੋਇਆ। ਉਨ੍ਹਾਂ ਨੇ ਬਾਬਾ ਬੁੱਢਾ ਜੀ, ਭਾਈ ਸਾਹਲੋ, ਭਾਈ ਜੇਠਾ, ਭਾਈ ਪੈੜਾ, ਭਾਈ ਗੁਰੀਆ ਅਤੇ ਹੋਰ ਮੁਖੀ ਸਿੱਖਾਂ ਨਾਲ ਸਲਾਹ-ਮਸ਼ਵਰਾ ਕੀਤਾ। ਬਾਬਾ ਬੁੱਢਾ ਜੀ ਅਤੇ ਭਾਈ ਗੁਰਦਾਸ ਜੀ ਗੁਰਦੁਆਰਾ ਪਿਪਲੀ ਸਾਹਿਬ ਵਾਲੀ ਥਾਂ ਬੈਠ ਗਏ, ਤਾਂ ਜੋ ਜਿਹੜੀਆਂ ਸੰਗਤਾਂ ਉਸ ਪਾਸਿਓਂ ਆਉਣ, ਉਨ੍ਹਾਂ ਨੂੰ ਉਹ ਮੀਣੇ ਪ੍ਰਿਥੀਏ ਦੀਆਂ ਕਰਤੂਤਾਂ ਤੋਂ ਜਾਣੂੰ ਕਰਾ ਕੇ ਅਸਲੀਅਤ ਸਮਝਾ ਦੇਣ, ਕਾਰ-ਭੇਟ ਓਥੇ ਹੀ ਲੈਣ ਅਤੇ ਸੰਗਤਾਂ ਨੂੰ ਸ੍ਰੀ ਗੁਰੂ ਅਰਜਨ ਦੇਵ ਦੇ ਦਰਬਾਰ ਭੇਜ ਦਿਆ ਕਰਨ। ਬਾਕੀ ਮੁਖੀ ਸਿੱਖਾਂ ਨੂੰ ਭਾਈ ਗੁਰਦਾਸ ਜੀ ਨੇ ਬਾਹਰ ਦੇ ਇਲਾਕਿਆਂ ਵਿੱਚ ਭੇਜਿਆ ਤਾਂ ਕਿ ਉਹ ਥਾਂ-ਥਾਂ ਪਹੁੰਚ ਕੇ ਸੰਗਤਾਂ ਨੂੰ ਸਾਰੀ ਗੱਲ ਸਮਝਾਉਣ। ਗੁਰੂ ਜੀ ਦੇ ਦਰਬਾਰ ਦਾ ਪ੍ਰਬੰਧ ਵੀ ਭਾਈ ਗੁਰਦਾਸ ਜੀ ਨੇ ਆਪ ਸੰਭਾਲਿਆ। ਇਨ੍ਹਾਂ ਜਤਨਾਂ ਦਾ ਸਦਕਾ ਥੋੜ੍ਹੇ ਹੀ ਚਿਰ ਵਿੱਚ ਦੂਰ ਨੇੜੇ ਦੀਆਂ ਸੰਗਤਾਂ ਪ੍ਰਿਥੀਏ ਦੀਆਂ ਕਰਤੂਤਾਂ ਤੋਂ ਜਾਣੂੰ ਤੇ ਸੋਘੀਆਂ ਹੋ ਗਈਆਂ ਤੇ ਪ੍ਰਿਥੀਏ ਦੀਆਂ ਚਾਲਾਂ ਨਿਸਫਲ ਹੋ ਗਈਆਂ। ਗੁਰੂ ਜੀ ਦਾ ਤੇਜ-ਪ੍ਰਤਾਪ ਦਿਨੋਂ-ਦਿਨ ਵਧਦਾ ਗਿਆ।

ਪਰ ਪ੍ਰਿਥੀਆ ਆਪਣੇ ਚੰਦਰੇ ਵਤੀਰੇ ਤੋਂ ਬਾਜ ਨਾ ਆਇਆ। ਉਹ ਇੱਟ-ਖੜਿੱਕਾ ਲਾ ਹੀ ਛੱਡੇ। ਉਸ ਤੋਂ ਪਰ੍ਹੇ ਰਹਿਣ ਦੇ ਖਿਆਲ ਨਾਲ ਗੁਰੂ ਜੀ ਨੇ ਰਾਮਦਾਸ ਪੁਰ



(ਅੰਮ੍ਰਿਤਸਰ) ਛੱਡ ਕੇ ਕੁਝ ਚਿਰ ਪ੍ਰਵਾਰ ਸਹਿਤ ਵਡਾਲੀ ਜਾ ਟਿਕਣ ਦਾ ਫੈਸਲਾ ਕੀਤਾ। ਇਹ ਪਿੰਡ ਅੰਮ੍ਰਿਤਸਰੋਂ ਥੋੜ੍ਹੀ ਦੂਰ ਪੱਛਮ ਵੱਲ ਹੁਣ ਵਾਲੇ 'ਛੇਹਰਟਾ ਸਾਹਿਬ' ਰੇਲਵੇ ਸਟੇਸ਼ਨ ਦੇ ਪਾਸ ਹੈ ਤੇ ਇਸ ਦਾ ਨਾਂ 'ਗੁਰੂ ਕੀ ਵਡਾਲੀ' ਹੈ। ਗੁਰੂ ਜੀ ਉਥੇ ਤਿੰਨ ਸਾਲ ਦੇ ਕਰੀਬ ਰਹੇ। ਉਥੇ ਹੀ ਹਾੜ ਵਦੀ ੭ (੨੧ ਹਾੜ) ਸੰਮਤ ੧੬੫੨ ਨੂੰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦਾ ਅਵਤਾਰ ਹੋਇਆ।

ਪ੍ਰਿਥੀਏ ਤੇ ਉਸ ਦੀ ਵਹੁਟੀ, ਕਰਮੋਂ ਨੂੰ ਸਾਹਿਬਜ਼ਾਦੇ ਦੇ ਜਨਮ ਦੀ ਖ਼ਬਰ ਸੁਣ ਕੇ ਬੜਾ ਦੁੱਖ ਹੋਇਆ। ਉਹ ਤਾਂ ਸਮਝੀ ਬੈਠੇ ਸਨ ਕਿ ਸ੍ਰੀ ਗੁਰੂ ਜੀ ਦੇ ਘਰ ਕੋਈ ਪੁੱਤ ਨਾ ਹੋਣ ਕਰ ਕੇ ਉਨ੍ਹਾਂ ਮਗਰੋਂ ਗੁਰ-ਗੱਦੀ ਸਾਡੇ ਪੁੱਤ, ਮਿਹਰਬਾਨ ਨੂੰ ਮਿਲੇਗੀ। ਹੁਣ ਉਨ੍ਹਾਂ ਦੀ ਇਸ ਆਸ ਉਪਰ ਵੀ ਪਾਣੀ ਫਿਰ ਗਿਆ ਪਰ ਉਹ ਕਰਤਾਰ ਦੀ ਰਜ਼ਾ ਵਿੱਚ ਰਹਿਣਾ ਨਹੀਂ ਸਨ ਜਾਣਦੇ। ਕਰਮੋਂ ਨੇ ਇਕ ਦਾਈ-ਖਿਡਾਵੀ ਪਾਸੋਂ ਸਾਹਿਬਜ਼ਾਦੇ ਨੂੰ ਜ਼ਹਿਰ ਦਿਵਾਉਣ ਦੀ ਗੋਂਦ ਗੁੰਦੀ ਪਰ ਜਿਸ ਨੂੰ ਕਰਤਾਰ ਰੱਖੇ, ਉਸ ਨੂੰ ਕੌਣ ਮਾਰੇ? ਸ੍ਰੀ ਹਰਿਗੋਬਿੰਦ ਸਾਹਿਬ ਜੀ ਦਾ ਵਾਲ ਵਿੰਗਾ ਨਾ ਹੋਇਆ। ਫੇਰ ਉਸ ਨੇ ਇਕ ਸਪੇਰੇ ਪਾਸੋਂ ਉਨ੍ਹਾਂ ਨੂੰ ਸੱਪ ਲੜਾਉਣ ਅਤੇ ਖਿਡਾਵੇ ਬ੍ਰਾਹਮਣ ਰਾਹੀਂ ਦਹੀਂ ਵਿੱਚ ਜ਼ਹਿਰ ਦੇਣ ਦਾ ਵੀ ਜਤਨ ਕੀਤਾ, ਪਰ ਕਰਤਾਰ ਨੇ ਉਨ੍ਹਾਂ ਨੂੰ ਹੱਥ ਦੇ ਕੇ ਰੱਖ ਲਿਆ। ਗੁਰੂ ਜੀ ਨੇ ਇਹ ਸਭ ਕੁਝ ਪੂਰਨ ਸ਼ਾਂਤੀ ਨਾਲ ਜਰਿਆ ਅਤੇ ਦਿਲ ਵਿੱਚ ਰੱਤੀ ਭਰ ਮੈਲ ਨਾ ਆਉਣ ਦਿੱਤੀ।

ਏਥੇ ਕੁਝ ਬਣਦਾ ਨਾ ਵੇਖ ਕੇ ਪ੍ਰਿਥੀਏ ਨੇ ਅੰਤ ਨੂੰ ਦਿੱਲੀ ਪਹੁੰਚ ਕੇ ਅਕਬਰ ਬਾਦਸ਼ਾਹ ਪਾਸ ਦਾਹਵਾ ਜਾ ਦਾਇਰ ਕੀਤਾ ਕਿ ਮੇਰਾ ਹੱਕ, ਜੋ ਬੇਇਨਸਾਫੀ ਤੇ ਧੱਕੇ ਨਾਲ ਖੋਇਆ ਗਿਆ ਹੈ, ਮੈਨੂੰ ਦਿਵਾਇਆ ਜਾਵੇ। ਅਕਬਰ ਨੇ ਸਾਰੀ ਗੱਲ ਸੁਣੀ ਤੇ ਵਿਚਾਰੀ, ਨੇਕ ਜਾਣਕਾਰ ਦਰਬਾਰੀਆਂ ਨੇ ਬਾਦਸ਼ਾਹ ਨੂੰ ਸਲਾਹ ਦਿੱਤੀ, *'ਗੁਰ-ਗੱਦੀ ਕੋਈ ਵਿਰਾਸਤ ਜਾਂ ਜੱਦੀ ਸ਼ੈ ਨਹੀਂ ਕਿ ਇਹ*

ਜ਼ਰੂਰ ਹੀ ਵੱਡੇ ਪੁੱਤ ਨੂੰ ਮਿਲੇ। ਪਹਿਲੇ, ਦੂਜੇ ਤੇ ਤੀਜੇ ਗੁਰੂ ਸਾਹਿਬਾਂ ਨੇ ਆਪਣੇ ਪੁੱਤਾਂ ਨੂੰ ਛੱਡ ਕੇ ਯੋਗ ਸਿੱਖਾਂ ਨੂੰ ਗੁਰ-ਗੱਦੀ ਲਈ ਚੁਣਿਆ ਸੀ। ਗੁਰ-ਗੱਦੀ ਤਾਂ ਨਿੱਜੀ ਗੁਣਾਂ ਦੇ ਅਧਾਰ 'ਤੇ ਕਰਤਾਰ ਦੀ ਦਰਗਾਹੋਂ ਹੋਈ ਬਖਸ਼ਸ਼ ਦਾ ਸਦਕਾ ਮਿਲਣ ਵਾਲੀ ਪਦਵੀ ਤੇ ਜ਼ੁੰਮੇਵਾਰੀ ਹੈ। ਗੁਰੂ ਰਾਮਦਾਸ ਜੀ ਨੇ ਜੇ ਵੱਡੇ ਪੁੱਤ ਨੂੰ ਇਸ ਦੇ ਯੋਗ ਨਾ ਸਮਝਿਆ ਤੇ ਗੁਰ-ਗੱਦੀ ਇਸ ਨੂੰ ਨਾ ਦਿੱਤੀ, ਤਾਂ ਇਸ ਵਿੱਚ ਉਨ੍ਹਾਂ ਨੇ ਕਿਸੇ ਕਿਸਮ ਦਾ ਧੱਕਾ ਜਾਂ ਹੱਕ-ਖੋਹੀ ਨਹੀਂ ਕੀਤੀ।

ਇਹ ਗੱਲ ਬਾਦਸ਼ਾਹ ਦੇ ਮਨ ਲੱਗੀ। ਉਸ ਨੇ ਪ੍ਰਿਥੀਏ ਦੀ ਅਰਜ਼ੀ ਖਾਰਜ ਕਰ ਦਿੱਤੀ ਅਤੇ ਉਸ ਨੂੰ ਕਿਹਾ, 'ਹਕੂਮਤ ਕਿਸੇ ਨੂੰ ਗੁਰੂ ਨਹੀਂ ਬਣਾ ਸਕਦੀ ਅਤੇ ਲੋਕਾਂ ਨੂੰ ਮਜ਼ਬੂਰ ਨਹੀਂ ਕਰ ਸਕਦੀ ਕਿ ਫਲਾਣੇ ਬੰਦੇ ਨੂੰ ਗੁਰੂ ਮੰਨੋ ਅਤੇ ਫਲਾਣੇ ਨੂੰ ਨਾ ਮੰਨੋ। ਜੋ ਹੋਇਆ ਹੈ, ਠੀਕ ਹੋਇਆ ਹੈ।'

ਏਧਰੋਂ ਮੂੰਹ ਦੀ ਖਾ ਕੇ ਪ੍ਰਿਥੀਏ ਨੇ ਇਕ ਹੋਰ ਚਾਲ ਚੱਲੀ। ਉਸ ਨੇ ਇਕ ਫੌਜਦਾਰ ਸੁਲਹੀ ਖਾਂ ਨੂੰ ਬਹੁਤ ਸਾਰੀ ਵੱਢੀ ਦੇ ਕੇ ਆਪਣੇ ਨਾਲ ਗੰਢਿਆ। ਉਸ ਫੌਜਦਾਰ ਨੇ ਇਕਰਾਰ ਕੀਤਾ ਕਿ ਮੈਂ ਛੇਤੀ ਹੀ ਫੌਜ ਲੈ ਕੇ ਪੰਜਾਬ ਆਵਾਂਗਾ, ਗੁਰੂ ਅਰਜਨ ਦੇਵ ਨੂੰ ਕੈਦ ਕਰ ਲਿਆਵਾਂਗਾ, ਨਗਰ ਨੂੰ ਲੁੱਟ ਲਵਾਂਗਾ ਤੇ ਗੁਰ-ਗੱਦੀ ਤੈਨੂੰ ਦੇ ਆਵਾਂਗਾ।

ਥੋੜ੍ਹੇ ਚਿਰ ਮਗਰੋਂ ਸੁਲਹੀ ਖਾਂ ਫੌਜ ਲੈ ਕੇ ਪੰਜਾਬ ਵੱਲ ਆਇਆ। ਪਹਿਲਾਂ ਉਹ ਆਪਣੇ ਮਿੱਤਰ ਪ੍ਰਿਥੀਏ ਨੂੰ ਮਿਲਣ ਗਿਆ। ਗੁਰੂ ਜੀ ਨੂੰ ਸੁਲਹੀ ਖਾਂ ਦੇ ਇਰਾਦਿਆਂ ਦਾ ਪਤਾ ਲੱਗ ਗਿਆ, ਪਰ ਉਹ ਕਰਤਾਰ ਉਤੇ ਭਰੋਸਾ ਰੱਖ ਕੇ ਸ਼ਾਂਤ ਹੋਏ ਬੈਠੇ ਰਹੇ ਅਤੇ ਲੋਕਾਂ ਨੂੰ ਧੀਰਜ ਦੇਂਦੇ ਰਹੇ ਕਿ ਸੁਲਹੀ ਖਾਂ ਨਾਲ ਆਪੇ ਕਰਤਾਰ ਨਜਿੱਠੇਗਾ। ਸੁਲਹੀ ਖਾਂ ਘੋੜੇ ਉਪਰ ਚੜ੍ਹਿਆ ਪ੍ਰਿਥੀਏ ਦਾ ਭੱਠਾ ਵੇਖ ਰਿਹਾ ਸੀ। ਘੋੜਾ ਤਰਹਿਕ ਗਿਆ ਅਤੇ ਸੁਲਹੀ ਖਾਂ ਭੱਖਦੇ ਭੱਠੇ ਵਿੱਚ ਡਿੱਗ ਪਿਆ ਅਤੇ ਵਿੱਚੇ ਹੀ ਸੜ ਮੋਇਆ।



ਜਦ ਗੁਰੂ ਜੀ ਨੂੰ ਇਸ ਗੱਲ ਦਾ ਪਤਾ ਲੱਗਾ ਤਾਂ ਆਪ ਨੇ ਵਾਹਿਗੁਰੂ ਜੀ ਦਾ ਧੰਨਵਾਦ ਕੀਤਾ। ਆਪ ਨੇ ਇਸ ਮੌਕੇ ਉਤੇ ਕੁਝ ਸ਼ਬਦ ਰਚੇ। ਜਿਨ੍ਹਾਂ ਵਿੱਚੋਂ ਦੋ ਹੇਠਾਂ ਦਿੰਦੇ ਹਾਂ:

੧ [1]ਗਰੀਬਾ ਉਪਰਿ ਜਿ ਖਿੰਜੈ ਦਾੜੀ ॥ ਪਾਰਬ੍ਰਹਮਿ ਸਾ ਅਗਨਿ ਮਹਿ ਸਾੜੀ ॥੧॥ ਪੂਰਾ ਨਿਆਉ ਕਰੇ ਕਰਤਾਰੁ ॥ ਅਪੁਨੇ ਦਾਸ ਕਉ ਰਾਖਨਹਾਰੁ ॥੧॥ਰਹਾਉ॥ ਆਦਿ ਜੁਗਾਦਿ ਪ੍ਰਗਟਿ ਪਰਤਾਪੁ ॥ ਨਿੰਦਕੁ ਮੁਆ ਉਪਜਿ ਵਡ ਤਾਪੁ ॥੨॥ ਤਿਨਿ[2] ਮਾਰਿਆ ਜਿ[3] ਰਖੈ ਨ ਕੋਇ ॥ ਆਗੈ ਪਾਛੈ ਮੰਦੀ ਸੋਇ[4] ॥੩॥ ਅਪੁਨੇ ਦਾਸ ਰਾਖੈ ਕੰਠਿ ਲਾਇ ॥ ਸਰਣਿ ਨਾਨਕ ਹਰਿ ਨਾਮੁ ਧਿਆਇ ॥੪॥੯੮॥*

੨ ਸੁਲਹੀ ਤੇ ਨਾਰਾਇਣ ਰਾਖੁ ॥ ਸੁਲਹੀ ਕਾ ਹਾਥੁ ਕਹੀ ਨ ਪਹੁਚੈ [5]ਸੁਲਹੀ ਹੋਇ ਮੂਆ ਨਾਪਾਕੁ ॥੧॥ਰਹਾਉ॥ ਕਾਢਿ ਕੁਠਾਰੁ[6] ਖਸਮਿ[7] ਸਿਰੁ ਕਾਟਿਆ ਖਿਨ[8] ਮਹਿ ਹੋਇ ਗਇਆ ਹੈ ਖਾਕੁ ॥ ਮੰਦਾ ਚਿਤਵਤ ਚਿਤਵਤ ਪਚਿਆ[9] ਜਿਨਿ ਰਚਿਆ ਤਿਨਿ ਦੀਨਾ ਧਾਕੁ[10] ॥੧॥ ਪੁਤ੍ਰ ਮੀਤ ਧਨੁ ਕਿਛੂ ਨ ਰਹਿਓ ਸੁ ਛੋਡਿ ਗਇਆ ਸਭ ਭਾਈ ਸਾਕੁ ॥ ਕਹੁ ਨਾਨਕ ਤਿਸੁ ਪ੍ਰਭ ਬਲਿਹਾਰੀ ਜਿਨਿ ਜਨ ਕਾ ਕੀਨੋ ਪੂਰਨ ਵਾਕੁ ॥੨॥੧੮॥**

ਕੁਝ ਚਿਰ ਮਗਰੋਂ ਸੁਲਹੀ ਖਾਂ ਦਾ ਭਤੀਜਾ ਸੁਲੱਬੀ ਖਾਂ, ਪੰਜਾਬ ਆਇਆ। ਪ੍ਰਿਥੀਏ ਨੇ ਉਸ ਨਾਲ ਵੀ ਗੰਢੀ ਤੇ ਗੁਰੂ ਜੀ ਵਿਰੁੱਧ ਗੋਂਦ ਗੁੰਦੀ। ਉਹ ਬਿਆਸ ਦਰਿਆ ਦੇ ਪਾਸ ਉਤਰਿਆ

੧ ਜੋ ਗਰੀਬਾਂ ਉਪਰ ਮਰਦਊਪਨ ਵਿਖਾਉਣ ਲਈ ਦਾੜ੍ਹੀ 'ਤੇ ਹੱਥ ਫੇਰਦਾ ਹੈ। ੨ ਤਿਸ ਨੇ। ੩ ਜਿਸ ਤੋਂ। ੪ ਸ਼ੁਹਰਤ, ਚਰਚਾ। ੫ ਮੁਸਲਮਾਨਾਂ ਲਈ ਅੱਗ ਵਿੱਚ ਸੜ ਮਰਨਾ ਜਾਂ ਮਰ ਕੇ ਸੜ ਜਾਣਾ ਬਹੁਤ ਮਾੜਾ ਮੰਨਿਆ ਗਿਆ। ੬ ਕੁਹਾੜਾ। ੭ ਮਾਲਕ ਨੇ। ੮ ਪਲ। ੯ ਨਾਸ ਹੋਇਆ। ੧੦ ਧੱਕ। * ਗਉੜੀ ਮਹਲਾ ੫, ਪੰਨਾ ੧੯੯। **ਬਿਲਾਵਲੁ ਮਹਲਾ ੫, ਪੰਨਾ ੮੨੫।

ਹੋਇਆ ਸੀ ਕਿ ਤਨਖਾਹ ਤੋਂ ਇਕ ਸਯੱਦ ਦੇ ਨਾਲ ਝਗੜਾ ਹੋ ਗਿਆ । ਉਹ ਉਸ ਸੱਯਦ ਦੇ ਹੱਥੋਂ ਮਾਰਿਆ ਗਿਆ ।

ਪ੍ਰਿਥੀਏ ਦੇ ਇੰਨੇ ਜਤਨ ਅਸਫਲ ਰਹੇ, ਪਰ ਉਸ ਨੇ ਗੁਰੂ ਜੀ ਦੀ ਵਿਰੋਧਤਾ ਨਾ ਛੱਡੀ । ਉਹ ਹਰ ਗੱਲੇ ਗੁਰੂ ਜੀ ਨਾਲ ਸ਼ਰੀਕਾ ਕਰਦਾ ਰਿਹਾ । ਜਦ ਗੁਰੂ ਜੀ ਨੇ ਸ੍ਰੀ ਅੰਮ੍ਰਿਤਸਰ ਵਿੱਚ ਹੀ ਹਰਿਮੰਦਰ ਸਾਹਿਬ ਬਣਵਾਇਆ, ਤਾਂ ਪ੍ਰਿਥੀਏ ਨੇ ਉਸ ਦੇ ਟਾਕਰੇ ਉਤੇ ਲਾਹੌਰੋਂ ੧੪-੧੫ ਮੀਲ ਦੀ ਵਿਥ 'ਤੇ ਪਿੰਡ ਹੇਅਰ (ਹੇਹਰ) ਵਿੱਚ ਤਾਲ ਤੇ ਦਰਬਾਰ ਬਣਾ ਧਰਿਆ । ਜਦ ਗੁਰੂ ਜੀ ਨੇ ਕੁਸ਼ਟੀਆਂ (ਕੋੜ੍ਹੀਆਂ) ਤੇ ਦੁਖੀਆਂ ਦੀ ਸੇਵਾ ਕਰਨ ਲਈ ਤਰਨ ਤਾਰਨ ਬਣਾਇਆ, ਜਿਸ ਨੂੰ ਦੂਖ ਨਿਵਾਰਨ ਵੀ ਆਖਦੇ ਸਨ, ਤਾਂ ਪ੍ਰਿਥੀਏ ਨੇ ਉਸ ਦੇ ਮੁਕਾਬਲੇ ਤਰਨ ਤਾਰਨ ਤੋਂ ਤਿੰਨ ਕੁ ਮੀਲ ਦੀ ਵਿਥ 'ਤੇ ਅੰਮ੍ਰਿਤਸਰ ਦੇ ਰੁਕ ਕੇ ਆਪਣਾ ਹੀ ਦੂਖ-ਨਿਵਾਰਨ ਰਚ ਧਰਿਆ ਅਤੇ ਦਾਹਵਾ ਕੀਤਾ ਕਿ ਇਸ ਤਾਲ ਵਿੱਚ ਨ੍ਹਾਤਿਆਂ ਹਰ ਪ੍ਰਕਾਰ ਦੇ ਰੋਗ ਦੂਰ ਹੋਣਗੇ ਪਰ ਉਸ ਦੀਆਂ ਸਭੇ ਚਾਲਾਂ ਅਸਫਲ ਰਹੀਆਂ । ਸੰਗਤਾਂ ਨੇ ਟਪਲਾ ਖਾਣੋਂ ਅਤੇ ਉਸ ਦੇ ਜਾਲ ਵਿਚੋ ਫਸਣੋਂ ਨਾਂਹ ਕਰ ਦਿੱਤੀ । ਉਹ ਗੁਰੂ ਜੀ ਦੀ ਬਰਾਬਰੀ ਨਾ ਕਰ ਸਕਿਆ ਅਤੇ ਮੂੰਹ ਦੀ ਖਾ ਕੇ ਰਹਿ ਗਿਆ ।*

✻ ✻ ✻

*ਭਾਈ ਸੰਤੋਖ ਸਿੰਘ ਜੀ ਸੂਰਜ ਪ੍ਰਕਾਸ਼ ਵਿੱਚ ਲਿਖਦੇ ਹਨ ਕਿ ਪ੍ਰਿਥੀਆ ਸੰਮਤ ੧੬੬੩ ਵਿੱਚ ਆਪਣੇ ਪਿੰਡ ਹੈਜੇ ਨਾਲ ਮਰ ਗਿਆ । ਭਾਈ ਕਾਨ੍ਹ ਸਿੰਘ ਜੀ ਨੇ ਮਹਾਨ ਕੋਸ਼ ਵਿੱਚ ਪ੍ਰਿਥੀਏ ਦੀ ਮੌਤ ਦਾ ਸੰਮਤ ੧੬੭੫ ਲਿਖਿਆ ਹੈ ।



## ਕਾਂਡ ੩

# ਸਾਂਝੇ ਉਸਾਰੂ ਕੰਮ ਤੇ ਰਚੇ ਅਸਥਾਨ

ਗੁਰ-ਗੱਦੀ ਦੀ ਜ਼ੁਮੇਵਾਰੀ ਸੰਭਾਲਦਿਆਂ ਹੀ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਉਨ੍ਹਾਂ ਸਾਰੇ ਸਾਂਝੇ ਉਸਾਰੂ ਕੰਮਾਂ ਨੂੰ ਸੰਪੂਰਨ ਕਰਨਾ ਅਰੰਭਿਆ ਜਿਨ੍ਹਾਂ ਨੂੰ ਸ੍ਰੀ ਗੁਰੂ ਰਾਮਦਾਸ ਜੀ ਨੇ ਚਾਲੂ ਕੀਤਾ ਸੀ, ਜਿਹਾ ਕਿ ਸੰਤੋਖਸਰ ਤੇ ਅੰਮ੍ਰਿਤਸਰ ਦੇ ਸਰੋਵਰਾਂ ਦੀ ਤਿਆਰੀ ਅਤੇ 'ਗੁਰੂ ਕੇ ਚੱਕ' ਦੀ ਉਨਤੀ ਤੇ ਉਸਾਰੀ । ਗੁਰੂ ਕੇ ਚੱਕ ਦਾ ਨਾਂ ਆਪ ਨੇ 'ਚੱਕ ਰਾਮਦਾਸ' ਜਾਂ 'ਰਾਮਦਾਸ ਪੁਰ' ਰੱਖਿਆ । ਇਨ੍ਹਾਂ ਕੰਮਾਂ ਨੂੰ ਨੇਪਰੇ ਚਾੜ੍ਹਨ ਲਈ ਸੰਗਤਾਂ ਪ੍ਰੇਮ-ਸੇਵਾ ਕਰਦੀਆਂ ਸਨ । ਬਾਬਾ ਬੁੱਢਾ ਜੀ ਤੇ ਭਾਈ ਸਾਲ੍ਹੋ ਜੀ ਇਨ੍ਹਾਂ ਪ੍ਰੇਮ-ਸੇਵਕਾਂ ਦੇ ਮੋਢੀ ਤੇ ਮੁਖੀਏ ਸਨ । ਗੁਰੂ ਜੀ ਆਪ ਟੋਕਰੀ ਢੋਂਦੇ ਅਤੇ ਹੋਰ ਅਜਿਹੀ ਸੇਵਾ ਕਰਦੇ ਸਨ । ਦਿਹਾੜੀਦਾਰ ਰਾਜ ਮਜ਼ੂਰ ਵੀ ਲਾਏ ਜਾਂਦੇ ਸਨ । ਮਕਾਨਾਂ ਅਤੇ ਜ਼ਮੀਨ ਆਦਿ ਤੋਂ ਹੋਣ ਵਾਲੀ ਪੱਕੀ ਆਮਦਨ ਤਾਂ ਗੁਰੂ ਜੀ ਨੇ ਪ੍ਰਿਥੀਏ ਤੇ ਸ੍ਰੀ ਮਹਾਂਦੇਵ ਦੇ ਹਵਾਲੇ ਕਰ ਦਿੱਤੀ ਸੀ । ਲੰਗਰ ਤੇ ਉਸਾਰੂ ਕਾਰਜਾਂ ਲਈ ਆਪ ਨੇ ਸੰਗਤਾਂ ਦੀ ਕਾਰ-ਭੇਟਾ ਹੀ ਆਪਣੇ ਹੱਥ ਰੱਖੀ ਸੀ । ਪ੍ਰਿਥੀਆ ਉਸ ਨੂੰ ਵੀ ਹੜੱਪ ਕਰਨ ਦੇ ਜਤਨ ਕਰਦਾ ਸੀ । ਇਸ ਕਰ ਕੇ ਜਿਹੜੇ ਕੰਮ ਮਾਇਆ ਦੇ ਖਰਚ ਨਾਲ ਹੀ ਹੋ ਸਕਦੇ ਸਨ, ਉਨ੍ਹਾਂ ਵਿੱਚ ਕੁਝ ਢਿੱਲ ਪਈ ਪਰ ਗੁਰੂ ਜੀ ਪੂਰਨ ਅਡੋਲ-ਚਿਤ ਰਹਿ ਕੇ ਸ਼ਾਂਤੀ ਤੇ ਭਰੋਸੇ ਨਾਲ ਕਰਤਾਰ ਦੇ ਆਸਰੇ ਕੰਮ ਤੋਰੀ ਗਏ। ਸਮਾਂ ਪਾ ਕੇ ਸਭ ਔਕੜਾਂ ਦੂਰ ਹੋ ਗਈਆਂ ।

ਦਸਵੰਧ– ਗੁਰਸਿੱਖੀ ਦਾ ਪ੍ਰਚਾਰ ਚੋਖੀ ਦੂਰ-ਦੂਰ ਤੀਕ ਹੋ ਗਿਆ ਸੀ । ਪੰਜਾਬ ਵਿੱਚ ਤੇ ਪੰਜਾਬੋਂ ਬਾਹਰ ਕੋਈ ਵਿਰਲਾ ਹੀ ਅਜਿਹਾ ਨਗਰ ਜਾਂ ਸ਼ਹਿਰ ਹੋਵੇਗਾ, ਜਿਥੇ ਸਿੱਖ-ਸੰਗਤ ਕਾਇਮ

ਨਾ ਹੋਈ ਹੋਵੇ । ਸਿੱਖੀ ਦੀ ਮੁੱਢਲੀ ਮਰਯਾਦਾ ਮੂਜਬ ਹਰੇਕ ਸਿੱਖ ਆਪਣੀ ਖੱਟੀ ਕਮਾਈ ਵਿੱਚੋਂ ਸਰਦਾ ਬਣਦਾ ਹਿੱਸਾ ਗੁਰੂ ਜੀ ਦੀ ਭੇਟਾ ਕਰਨਾ ਆਪਣੇ ਧਰਮ ਦਾ ਜ਼ਰੂਰੀ ਅੰਗ ਸਮਝਦਾ ਸੀ । ਇਸ ਕਾਰ-ਭੇਟਾ ਜਾਂ ਨਜ਼ਰ ਨੂੰ ਉਗਰਾਹ ਕੇ ਗੁਰੂ ਤੀਕ ਪੁਚਾਉਣ ਲਈ ਸ੍ਰੀ ਗੁਰੂ ਰਾਮਦਾਸ ਜੀ ਨੇ ਮਸੰਦ ਨੀਅਤ ਕੀਤੇ ਸਨ । ਜਿਉਂ-ਜਿਉਂ ਸਿੱਖੀ ਦਾ ਘੇਰਾ ਵਧਦਾ ਗਿਆ, ਇਹ ਕੰਮ ਵੀ ਵਧਦਾ ਗਿਆ । ਇਸ ਕਰ ਕੇ ਪ੍ਰਿਥੀਏ ਨੇ ਇਸ ਕਾਰ-ਭੇਟ ਦੇ ਗੁਰੂ ਜੀ ਤੀਕ ਪੁੱਜਣ ਦੇ ਰਾਹ ਵਿੱਚ ਜੋ ਡੱਕਾਂ, ਰੁਕਾਵਟਾਂ ਪਾਈਆਂ ਸਨ, ਉਨ੍ਹਾਂ ਕਰ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਇਸ ਕੰਮ ਨੂੰ ਵਧੇਰੇ ਜਥੇਬੰਦ ਤੇ ਬਾਕਾਇਦਾ ਕੀਤਾ, ਤਾਂ ਜੋ ਸੰਗਤਾਂ ਦਾ ਅਰਪਿਆ ਭੇਜਿਆ ਧਨ-ਪਦਾਰਥ ਥਾਂ ਸਿਰ ਪੁੱਜ ਕੇ ਸਾਂਝੇ ਉਸਾਰੂ ਕੰਮਾਂ ਵਿੱਚ ਲੱਗ ਸਕੇ । ਗੁਰੂ ਜੀ ਨੇ ਇਹ ਆਗਿਆ ਕੀਤੀ ਕਿ ਹਰੇਕ ਸਿੱਖ ਆਪਣੀ ਖਰੀ ਕਮਾਈ ਦਾ ਦਸਵਾਂ ਹਿੱਸਾ ਗੁਰੂ ਨਮਿੱਤ ਅਰਪਣ ਕਰੇ ।* ਇਸ ਦਸਵੰਧ ਨੂੰ ਗੁਰੂ-ਦਰਬਾਰ ਤੀਕ ਠੀਕ ਤਰ੍ਹਾਂ ਅਤੇ ਮਿੱਥੇ ਸਮੇਂ 'ਤੇ ਪੁਚਾਉਣ ਲਈ ਗੁਰੂ ਜੀ ਨੇ ਆਗਿਆ ਕੀਤੀ ਕਿ ਮਸੰਦ ਆਪੋ ਆਪਣੇ ਇਲਾਕੇ ਦੀਆਂ ਸੰਗਤਾਂ ਦੇ ਨਾਲ ਵੈਸਾਖੀ ਦੇ ਮੌਕੇ 'ਤੇ ਹਾਜ਼ਰ ਹੋਇਆ ਕਰਨ ਤੇ ਦਸਵੰਧ ਅਤੇ ਹੋਰ ਚੜ੍ਹਾਵਾ ਗੁਰੂ-ਦਰਬਾਰ ਵਿੱਚ ਲਿਆ ਕੇ ਪੇਸ਼ ਕਰ ਦਿਆ ਕਰਨ ।

ਇਸ ਤਰ੍ਹਾਂ ਸਾਂਝੇ ਕੌਮੀ ਫੰਡ ਦੀ ਆਮਦਨ ਵਿੱਚ ਬਹੁਤ ਵਾਧਾ ਹੋਇਆ ਅਤੇ ਇਸ ਦੇ ਰਾਹ ਵਿੱਚ ਹੀ ਉਰ੍ਹੇ-ਪਰ੍ਹੇ ਹੋ ਜਾਣ ਦੇ ਮੌਕੇ ਘਟ ਗਏ ।

*ਚੇਤਾ ਰਹੇ ਕਿ ਇਹ ਦਸਵੰਧ ਕੇਵਲ ਭੇਟਾ ਜਾਂ ਚੜ੍ਹਾਵਾ ਸੀ । ਇਹ ਸਿੱਖ ਆਪਣੀ ਖੁਸ਼ੀ ਨਾਲ ਦੇਂਦੇ ਸਨ । ਇਹ ਟੈਕਸ ਨਹੀਂ ਸੀ । ਕਈ ਗ਼ੈਰ ਸਿੱਖ ਲਿਖਾਰੀਆਂ ਨੇ ਇਸ ਨੂੰ ਟੈਕਸ ਦੱਸ ਕੇ ਅਨੋਖੇ ਸਿੱਟੇ ਕੱਢੇ ਹਨ । ਜਿਵੇਂ ਕਿ ਗੁਰੂ ਜੀ ਨੇ ਮੁਗ਼ਲ ਹਕੂਮਤ ਦੇ ਟਾਕਰੇ 'ਤੇ ਆਪਣਾ ਰਾਜ ਸਿਲਸਿਲਾ ਵਿਢ ਲਿਆ ਅਤੇ ਹਕੂਮਤ ਨਾਲ ਟੱਕਰ ਲੈਣ ਦੀ ਤਿਆਰੀ ਕਰ ਰਹੇ ਸਨ । ਅਜਿਹੀ ਕੋਈ ਗੱਲ ਨਹੀਂ ਸੀ ।



## ਗੁਰੂ ਜੀ ਦੇ ਰਚੇ ਅਸਥਾਨ

੧) ਅੰਮ੍ਰਿਤਸਰ ਦਾ ਸਰੋਵਰ– ਇਸ ਸਰੋਵਰ ਦੀ ਤਿਆਰੀ ਲਈ ਟੱਕ ਸ੍ਰੀ ਗੁਰੂ ਰਾਮਦਾਸ ਜੀ ਨੇ ਸੰਮਤ ੧੬੩੪ ਵਿੱਚ ਦੁੱਖਭੰਜਨੀ ਬੇਰੀ ਪਾਸ ਲਾਇਆ ਸੀ । ਸ੍ਰੀ ਗੁਰੂ ਅਰਜਨ ਦੇਵ ਜੀ ਨੇ ਇਸ ਸਰੋਵਰ ਨੂੰ ਵਧੇਰੇ ਡੂੰਘਾ ਤੇ ਪੱਕਾ ਕਰਨ ਦਾ ਕੰਮ ਸੰਮਤ ੧੬੪੩ ਵਿੱਚ ਸ਼ੁਰੂ ਕੀਤਾ । ਗੁਰੂ ਜੀ ਅਤੇ ਸੰਗਤਾਂ ਪ੍ਰੇਮ ਤੇ ਉਤਸ਼ਾਹ ਨਾਲ ਕਾਰ-ਸੇਵਾ ਕਰਦੀਆਂ ਸਨ । ਇਸ ਵਿੱਚ ਕਾਰ-ਸੇਵਾ ਦੇ ਮੋਢੀ ਬਾਬਾ ਬੁੱਢਾ ਜੀ ਸਨ । ਕਾਰ-ਸੇਵਾ ਸਮੇਂ ਜਿਸ ਬੇਰੀ ਹੇਠ ਆਪ ਸਾਹ ਲਿਆ ਕਰਦੇ ਸਨ ਉਹ ਅਜੇ ਤੀਕ ਪ੍ਰਕਰਮਾਂ ਵਿੱਚ ਕਾਇਮ ਹੈ ।

ਤਾਲ ਸੰਪੂਰਨ ਹੋ ਗਿਆ । ਸ੍ਰੀ ਗੁਰੂ ਅਰਜਨ ਦੇਵ ਜੀ ਦਾ ਵਿਸ਼ਵਾਸ ਸੀ ਕਿ ਇਸ ਮਹਾਨ ਕਾਰਜ ਨੂੰ ਸੰਪੂਰਨ ਕਰਨ ਲਈ ਕਰਤਾਰ ਆਪ ਆ ਕੇ ਸੰਗਤ ਨਾਲ ਕੰਮ ਕਰਦਾ ਰਿਹਾ ਹੈ । ਤਾਲ ਪੂਰਾ ਹੋਣ ਤੇ ਆਪ ਨੇ ਸ਼ਬਦ ਉਚਾਰਨ ਕੀਤਾ :

ਸੰਤਾ ਕੇ ਕਾਰਜਿ ਆਪਿ ਖਲੋਇਆ ਹਰਿ ਕੰਮੁ ਕਰਾਵਣਿ ਆਇਆ ਰਾਮ ॥ ਧਰਤਿ ਸੁਹਾਵੀ ਤਾਲੁ ਸੁਹਾਵਾ ਵਿਚਿ ਅੰਮ੍ਰਿਤ ਜਲੁ ਛਾਇਆ ਰਾਮ ॥ ਅੰਮ੍ਰਿਤ ਜਲੁ ਛਾਇਆ ਪੂਰਨ ਸਾਜੁ ਕਰਾਇਆ ਸਗਲ ਮਨੋਰਥ ਪੂਰੇ ॥ ਜੈ ਜੈ ਕਾਰੁ ਭਇਆ ਜਗ ਅੰਤਰਿ ਲਾਥੇ ਸਗਲ ਵਿਸੂਰੇ[1] ॥ ਪੂਰਨ ਪੁਰਖ ਅਚੁਤ[2] ਅਬਿਨਾਸੀ[3] ਜਸੁ ਵੇਦ ਪੁਰਾਣੀ ਗਾਇਆ ॥ ਅਪਨਾ ਬਿਰਦੁ[4] ਰਖਿਆ ਪਰਮੇਸਰਿ ਨਾਨਕ ਨਾਮੁ ਧਿਆਇਆ ॥*

੧ ਝੁਰੇਵੇਂ ਸ਼ੋਕ । ੨ ਅਟੱਲ, ਨਿੱਤ ਕਾਇਮ (ਕਰਤਾਰ) । ੩ ਨਾਸ ਰਹਿਤ, ਜੋ ਕਦੇ ਨਾਸ ਨਾ ਹੋਵੇ । ੪ ਸੇਵਕ, ਸਿੱਖ, ਮੁਰੀਦ । *ਸੂਹੀ ਮਹਲਾ ੫, ਪੰਨਾ ੭੮੩ ।

੨) ਗੁਰੂ ਕੇ ਮਹਿਲ–ਗੁਰੂ ਕੇ ਬਜ਼ਾਰ ਦੇ ਪਾਸ ਗੁਰੂ ਜੀ ਦੇ ਇਹ ਰਿਹਾਇਸ਼ੀ ਮਕਾਨ ਸ੍ਰੀ ਗੁਰੂ ਰਾਮਦਾਸ ਜੀ ਨੇ ਤਿਆਰ ਕਰਵਾਏ ਸਨ । ਗੁਰੂ ਅਰਜਨ ਦੇਵ ਜੀ ਨੇ ਇਨ੍ਹਾਂ ਨੂੰ ਪੱਕਾ ਤੇ ਮੁਕੰਮਲ ਕੀਤਾ ।

੩) ਡਿਉੜੀ ਸਾਹਿਬ–ਸ਼ਹਿਰ ਦੇ ਵਿੱਚ ਗੁਰੂ ਬਜ਼ਾਰ ਦੇ ਪਾਸ ਗੁਰੂ ਅਰਜਨ ਦੇਵ ਜੀ ਨੇ ਰਾਮਦਾਸ ਪੁਰ ਦੀ ਡਿਉੜੀ ਬਣਵਾਈ । ਉਦੋਂ ਇਸ ਡਿਉੜੀ ਤੋਂ ਦਰਬਾਰ ਸਾਹਿਬ ਦੇ ਪਾਸੇ ਵੱਲ ਆਬਾਦੀ ਜਾਂ ਵਸੋਂ ਨਹੀਂ ਸੀ, ਕੇਵਲ ਗੁਰੂ ਕਾ ਬਜ਼ਾਰ ਹੀ ਸੀ ।

੪) ਸੰਤੋਖਸਰ–ਇਸ ਦੀ ਖੁਦਵਾਈ ਦਾ ਕੰਮ ਸ੍ਰੀ ਗੁਰੂ ਰਾਮਦਾਸ ਜੀ ਨੇ ਸੰਮਤ ੧੬੨੭ ਵਿੱਚ ਅਰੰਭਿਆ ਸੀ ਅਤੇ ਕੱਚਾ ਤਾਲ ਤਿਆਰ ਕਰਵਾਇਆ ਸੀ । ਪਸ਼ੌਰੀ ਸਿੱਖ ਭਾਈ ਸੰਤੋਖ ਦੇ ਧਨ ਨਾਲ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਇਸ ਤਾਲ ਨੂੰ ਸੰਮਤ ੧੬੪੫ ਵਿੱਚ ਪੱਕਾ ਬਣਵਾਇਆ ।

੫) ਸ੍ਰੀ ਹਰਿਮੰਦਰ ਸਾਹਿਬ–ਪਹਿਲੀ ਮਾਘ ਸੰਮਤ ੧੬੪੫ ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਅੰਮ੍ਰਿਤਸਰ ਸਰੋਵਰ ਦੇ ਵਿਚਕਾਰ ਸ੍ਰੀ ਹਰਿਮੰਦਰ ਸਾਹਿਬ ਦੀ ਤਿਆਰੀ ਅਰੰਭੀ । ਇਸ ਦਾ ਨਕਸ਼ਾ ਵਿਉਂਤ ਗੁਰੂ ਜੀ ਦੀ ਆਪਣੀ ਕਾਢ ਸੀ । ਇਸ ਦੀ ਨੀਂਹ ਗੁਰੂ ਜੀ ਨੇ ਆਪਣੇ ਸ਼ਰਧਾਲੂ ਮੁਸਲਮਾਨ ਫ਼ਕੀਰ, ਸਾਈਂ ਮੀਆਂ ਮੀਰ ਪਾਸੋਂ ਰਖਵਾਈ । ਇਹ ਗੱਲ ਦੱਸਦੀ ਹੈ ਕਿ ਗੁਰੂ ਜੀ ਦੇ ਧਰਮ ਵਿੱਚ ਫ਼ਿਰਕੂ-ਤੰਗਦਿਲੀ ਜਾਂ ਪੱਖਪਾਤ ਲਈ ਕੋਈ ਥਾਂ ਨਹੀਂ ਸੀ । ਇਸ ਦੀ ਇਮਾਰਤ ਪੂਰੀ ਕਰ ਕੇ ਆਪ ਨੇ ਇਸ ਵਿੱਚ ਸੰਮਤ ੧੬੬੧ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਅਤੇ ਬਾਬਾ ਬੁੱਢਾ ਜੀ ਨੂੰ ਪਹਿਲਾ ਗ੍ਰੰਥੀ ਨੀਅਤ ਕੀਤਾ ।

ਸ੍ਰੀ ਹਰਿਮੰਦਰ ਸਾਹਿਬ (ਸ੍ਰੀ ਦਰਬਾਰ ਸਾਹਿਬ) ਦੇ ਦਰਵਾਜ਼ੇ ਚੌਹੀਂ ਪਾਸੀਂ ਰੱਖੇ ਗਏ । ਇਸ ਦਾ ਭਾਵ ਇਹ ਸੀ ਕਿ ਇਸ



ਮੰਦਰ ਵਿੱਚ ਸਭ ਮਨੁੱਖ-ਮਾਤ੍ਰ ਪੂਰਨ ਖੁਲ੍ਹ ਨਾਲ ਆ ਸਕਦੇ ਹਨ ਅਤੇ ਨਾਲੇ ਇਹ ਵੀ ਕਿ ਰੱਬ ਦੀਆਂ ਨਜ਼ਰਾਂ ਵਿੱਚ ਕੋਈ ਖਾਸ ਪਾਸਾ ਪੂਰਬ-ਪੱਛਮ ਆਦਿ ਉਚੇਚੇ ਜਾਂ ਵਿਸ਼ੇਸ਼ ਤੌਰ 'ਤੇ ਪਵਿੱਤਰ ਜਾਂ ਪ੍ਰਵਾਨ ਨਹੀਂ । ਇਹ ਮੰਦਰ ਮਨੁੱਖ ਜਾਤੀ ਦਾ ਸਾਂਝਾ ਤੀਰਥ ਜਾਂ ਪੂਜਾ-ਅਸਥਾਨ ਬਣਿਆ ।

ਅੰਮ੍ਰਿਤਸਰ ਵਿੱਚ ਸ੍ਰੀ ਹਰਿਮੰਦਰ (ਦਰਬਾਰ) ਸਾਹਿਬ ਸਭ ਗੁਰਦੁਆਰਿਆਂ ਵਿੱਚ ਸ਼੍ਰੋਮਣੀ ਗੁਰਦੁਆਰਾ ਹੈ । ਇਸ ਵਿੱਚ ਅੰਮ੍ਰਿਤ ਵੇਲੇ ਤੋਂ ਚੋਖੀ ਰਾਤ ਤੀਕ ਅਖੰਡ ਹਰੀ-ਕੀਰਤਨ ਹੁੰਦਾ ਰਹਿੰਦਾ ਹੈ । ਇਸ ਦੀ ਦੂਜੀ ਛੱਤੇ ਹਰ ਵੇਲੇ ਅਖੰਡ ਪਾਠ ਹੁੰਦਾ ਰਹਿੰਦਾ ਹੈ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਹਰਿਮੰਦਰ ਸਾਹਿਬ ਵਿੱਚ ਬਿਰਾਜ ਕੇ ਸਰੰਦੇ ਨਾਲ ਆਪ ਹਰੀ-ਕੀਰਤਨ ਕੀਤਾ ਤੇ ਸਿੱਖਾਂ ਨੂੰ ਸਿਖਾਇਆ ।

ਏਥੇ ਵੈਸਾਖੀ ਦਾ ਮੇਲਾ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਹੀ ਅਰੰਭ ਕੀਤਾ ।

੬) ਸ੍ਰੀ ਤਰਨ ਤਾਰਨ ਸਾਹਿਬ– ਸ੍ਰੀ ਅੰਮ੍ਰਿਤਸਰੋਂ ੧੩-੧੪ ਮੀਲ ਦੱਖਣ ਵੱਲ ਸ੍ਰੀ ਗੁਰੂ ਅਰਜਨ ਦੇਵ ਜੀ ਨੇ ੧੭ ਵੈਸਾਖ ਸੰਮਤ ੧੬੪੭ ਨੂੰ ਸ੍ਰੀ ਤਰਨ ਤਾਰਨ ਦੇ ਸਰੋਵਰ ਦੀ ਖੁਦਵਾਈ ਅਰੰਭੀ ਅਤੇ ਨੱਗਰ ਵਸਾਇਆ । ਇਸ ਕਾਰਜ ਲਈ ਲੋੜੀਂਦੀ ਭੋਂ ਭਾਈ ਲੰਗਾਹ ਜੀ ਢਿੱਲੋਂ ਚੌਧਰੀ ਨੇ ਪਲਾਸੌਰ ਦੇ ਰੰਘੜਾਂ ਤੋਂ ਮੁੱਲ ਲੈ ਕੇ ਗੁਰੂ ਜੀ ਦੀ ਭੇਟ ਕੀਤੀ । ਸਰੋਵਰ ਹਜ਼ਾਰ ਕੁ ਫੁੱਟ ਲੰਮਾ ਤੇ ੯੯੦ ਫੁੱਟ ਚੌੜਾ ਹੈ । ਇਸ ਸਰੋਵਰ ਦੇ ਕੰਢੇ 'ਤੇ ਗੁਰੂ ਜੀ ਨੇ ਗੁਰਦੁਆਰਾ ਬਣਾਇਆ । ਤਾਲ ਨੂੰ ਪੱਕਾ ਕਰਨ ਅਤੇ ਗੁਰਦੁਆਰੇ ਦੀ ਉਸਾਰੀ ਲਈ ਪੱਕੀਆਂ ਇੱਟਾਂ ਤਿਆਰ ਕਰਨ ਵਾਸਤੇ ਆਵੇ ਚੜ੍ਹਾਏ ਗਏ । ਨੂਰ ਦੀਨ ਦੇ ਪੁੱਤ ਅਮੀਰੁਦੀਨ ਨੇ ਇਹ ਇੱਟਾਂ ਬਦੋ-ਬਦੀ ਖੋਹ ਕੇ ਨੂਰਦੀਂ ਪਿੰਡ ਵਿੱਚ ਆਪਣੇ ਮਕਾਨ ਤੇ ਸਰਾਂ ਬਣਾਉਣ ਲਈ ਵਰਤ ਲਈਆਂ । ਸ਼ਾਂਤਿ ਸਰੋਵਰ

ਗੁਰੂ ਅਰਜਨ ਦੇਵ ਜੀ ਨੇ ਸਿੱਖਾਂ ਨੂੰ ਸ਼ਾਂਤ ਰਹਿਣ ਦਾ ਉਪਦੇਸ਼ ਦਿੱਤਾ ਅਤੇ ਬਚਨ ਕੀਤਾ, '*ਕੋਈ ਸਮਾਂ ਆਵੇਗਾ ਕਿ ਇਹ ਇੱਟਾਂ ਜਿਸ ਥਾਂ ਵਾਸਤੇ ਸਨ ਉਸੇ ਥਾਂ 'ਤੇ ਆ ਲੱਗਣਗੀਆਂ ।* ਕਰਤਾਰ ਦਾ ਭਾਣਾ ਹੀ ਇਉਂ ਹੈ ।' ਗੁਰੂ ਜੀ ਦਾ ਇਹ ਵਾਕ ਸਿੱਖ-ਮਿਸਲਾਂ ਵੇਲੇ ਪੂਰਾ ਹੋਇਆ, ਜਦ ਸਿੱਖਾਂ ਨੇ ਉਹ ਮਕਾਨ ਤੇ ਸਰਾਂ ਢਾਹ ਕੇ ਇੱਟਾਂ ਤਰਨ ਤਾਰਨ ਸਰੋਵਰ ਨੂੰ ਲਿਆ ਲਾਈਆਂ।

ਇਸ ਥਾਂ ਗੁਰੂ ਅਰਜਨ ਦੇਵ ਜੀ ਨੇ ਕੁਸ਼ਟੀਆਂ (ਕੋੜ੍ਹਿਆਂ) ਲਈ ਇਕ ਆਸ਼ਰਮ ਕੋੜ੍ਹਗੜ੍ਹ ਬਣਾਇਆ, ਜਿਸ ਵਿੱਚ ਕੋੜ੍ਹਿਆਂ ਦੇ ਰਹਿਣ ਲਈ ਥਾਂ ਸੀ ਤੇ ਉਨ੍ਹਾਂ ਦੀ ਟਹਿਲ-ਸੇਵਾ ਤੇ ਦਵਾ-ਦਾਰੂ ਦਾ ਪ੍ਰਬੰਧ ਸੀ । ਗੁਰੂ ਜੀ ਆਪ ਅਤੇ ਮਾਤਾ ਗੰਗਾ ਜੀ ਕੋੜ੍ਹਿਆਂ ਦੀ ਹੱਥੀਂ ਸੇਵਾ ਕਰਿਆ ਕਰਦੇ ਸਨ । ਕੋੜ੍ਹੇ ਸਰੋਵਰ ਤੋਂ ਇਸ਼ਨਾਨ ਕਰਦੇ ਅਤੇ ਸ੍ਰੀ ਦਰਬਾਰ ਸਾਹਿਬ ਪਹੁੰਚ ਕੇ ਹਰੀ-ਕੀਰਤਨ ਸੁਣਿਆ ਕਰਦੇ ਸਨ । ਕੀਰਤਨ ਸੁਣਨ ਅਤੇ ਵਾਹਿਗੁਰੂ ਦਾ ਨਾਮ ਸਿਮਰਨ ਨਾਲ ਉਨ੍ਹਾਂ ਦੇ ਮਨ ਨਰੋਏ ਹੁੰਦੇ ਸਨ । ਇਹ ਨਰੋਏ ਮਨ ਅਗਾਂਹ ਸਰੀਰਾਂ ਉਪਰ ਅਸਰ ਪਾ ਕੇ ਉਨ੍ਹਾਂ ਨੂੰ ਅਰੋਗਤਾ ਵੱਲ ਲਿਜਾਂਦੇ ਸਨ । ਉਪਰੋਂ ਗੁਰੂ ਜੀ ਦੀ ਮਿਹਰਾਂ ਭਰੀ ਦੁਖ-ਹਰਨੀ ਨਜ਼ਰ 'ਸਰਬ ਰੋਗ ਕਾ ਅਉਖਦੁ ਨਾਮੁ' ਦੇ ਅਸਰ ਦਵਾ-ਦਾਰੂ, ਸੇਵਾ-ਸੰਭਾਲ ਅਤੇ ਸਰੋਵਰ ਦੇ ਇਸ਼ਨਾਨ ਦਾ ਸਦਕਾ ਉਨ੍ਹਾਂ ਦੇ ਤਨਾਂ ਦੇ ਰੋਗ ਕੱਟੇ ਜਾਂਦੇ ਸਨ । ਇਸੇ ਕਰ ਕੇ ਇਸ ਧਰਮ-ਅਸਥਾਨ (ਸ੍ਰੀ ਤਰਨ ਤਾਰਨ) ਨੂੰ ਦੂਖ ਨਿਵਾਰਨ ਸਾਹਿਬ ਵੀ ਕਿਹਾ ਜਾਂਦਾ ਹੈ । ਹਿੰਦੁਸਤਾਨ ਵਿੱਚ ਪਹਿਲਾ ਥਾਂ ਹੈ ਜਿਥੇ ਕੋੜ੍ਹਿਆਂ ਦੀ ਸੇਵਾ-ਸੰਭਾਲ ਤੇ ਦਵਾ-ਦਾਰੂ ਦਾ ਪ੍ਰਬੰਧ ਕੀਤਾ ਗਿਆ ।*

---

*ਅਫਸੋਸ ਵਾਲੀ ਗੱਲ ਹੈ ਕਿ ਮਗਰੋਂ ਸਿੱਖਾਂ ਨੇ ਇਸ ਆਸ਼ਰਮ ਦਾ ਠੀਕ ਪ੍ਰਬੰਧ ਨਾ ਕੀਤਾ ਅਤੇ ਈਸਾਈ ਪਾਦਰੀਆਂ ਦੇ ਹੱਥਾਂ ਵਿੱਚ ਚਲਿਆ ਗਿਆ । ਇਹ ਹੁਣ ਤੀਕ ਚਾਲੂ ਹੈ ।



ਗੁਰੂ ਜੀ ਨੇ ਇਸ ਨਗਰ ਦੀ ਭੋਂ-ਸਿੰਚਾਈ ਲਈ ਦੋ ਖੂਹ ਲਵਾਏ । ਗੁਰੂ ਕਾ ਖੂਹ ਅਤੇ ਬੀਬੀ ਭਾਨੀ ਵਾਲਾ ਖੂਹ ।

ਇਥੇ ਹਰ ਮੱਸਿਆ ਨੂੰ ਭਾਰੀ ਮੇਲਾ ਹੁੰਦਾ ਹੈ । ਚੇਤ ਤੇ ਭਾਦੋਂ ਦੀਆਂ ਮੱਸਿਆ ਖਾਸ ਤੌਰ 'ਤੇ ਭਾਰੀਆਂ ਲੱਗਦੀਆਂ ਹਨ।

੭) ਕਰਤਾਰਪੁਰ (ਜਲੰਧਰ)– ਇਕ ਸਮੇਂ ਗੁਰੂ ਅਰਜਨ ਦੇਵ ਜੀ ਦੁਆਬੇ ਵਿੱਚ ਗੁਰਸਿੱਖੀ ਦਾ ਪ੍ਰਚਾਰ ਕਰਦੇ ਸਿੱਖਾਂ ਦੇ ਪੁਰਾਣੇ ਕੇਂਦਰ ਡੱਲੇ ਨੱਗਰ ਜਾ ਠਹਿਰੇ । ਏਥੇ ਜਲੰਧਰ ਦਾ ਸੂਬਾ ਅਜ਼ੀਮ ਖਾਂ ਗੁਰੂ ਜੀ ਦੇ ਦਰਸ਼ਨਾਂ ਲਈ ਆਇਆ । ਗੁਰੂ ਜੀ ਦਾ ਉਪਦੇਸ਼ ਤੇ ਹਰੀ-ਕੀਰਤਨ ਸੁਣ ਕੇ ਅਤੇ ਹਰੇਕ ਮਨੁੱਖ ਮਾਤਰ ਨੂੰ ਖੁਲ੍ਹਾ ਅਤੁੱਟ ਲੰਗਰ ਵਰਤਦਾ ਵੇਖ ਕੇ, ਉਹ ਬਹੁਤ ਖੁਸ਼ ਹੋਇਆ । ਉਸ ਨੇ ਬੇਨਤੀ ਕੀਤੀ, 'ਸੱਚੇ ਪਾਤਸ਼ਾਹ ! ਦੁਆਬੇ ਵਿੱਚ ਵੀ ਕੋਈ ਨਗਰ ਵਸਾਓ, ਧਰਮ ਅਸਥਾਨ ਬਣਾਓ ਅਤੇ ਇਸ ਇਲਾਕੇ ਨੂੰ ਭਾਗ ਲਾਓ ।' ਅਜ਼ੀਮ ਖਾਂ ਦੀ ਬੇਨਤੀ ਮੰਨ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ੨੧ ਮੱਘਰ ਸੰਮਤ ੧੬੫੦ ਨੂੰ ਕਰਤਾਰਪੁਰ (ਜਲੰਧਰ) ਦੀ ਨੀਂਹ ਰੱਖੀ । ਨੱਗਰ ਛੇਤੀ ਹੀ ਵੱਸ ਗਿਆ । ਸੰਮਤ ੧੬੫੫ ਵਿੱਚ ਅਕਬਰ ਬਾਦਸ਼ਾਹ ਵੱਲੋਂ ੯ ਕੁ ਹਜ਼ਾਰ ਘੁਮਾਂ ਜ਼ਮੀਨ ਦਾ ਪਟਾ ਗੁਰਦੁਆਰੇ ਦੇ ਨਾਂ ਲਾ ਦਿੱਤਾ ਗਿਆ ।

ਏਥੇ ਗੁਰੂ ਜੀ ਨੇ ਆਪਣੇ ਨਿਵਾਸ ਲਈ 'ਸ਼ੀਸ਼ ਮਹਿਲ' ਅਤੇ 'ਗੁਰੂ ਕੇ ਮਹਿਲ' ਬਣਵਾਏ । ਇਸ ਨੱਗਰ ਵਿੱਚ ਸੰਮਤ ੧੬੫੬ ਵਿੱਚ ਗੁਰੂ ਜੀ ਨੇ 'ਗੰਗਸਰ' ਖੂਹ ਲਵਾਇਆ ।

ਇਸ ਨਗਰ ਵਿੱਚ ਪੰਜਵੇਂ ਪਾਤਸ਼ਾਹ ਨੇ ਆਪ ਅਤੇ ਮਗਰੋਂ ਛੇਵੇਂ, ਸਤਵੇਂ ਤੇ ਨੌਵੇਂ ਸਤਿਗੁਰਾਂ ਨੇ ਨਿਵਾਸ ਕੀਤਾ । ਏਥੇ ਸਤਸੰਗ ਦਾ ਕੇਂਦਰ ਬਣ ਗਿਆ । ਗੁਰੂ ਜੀ ਦੇ ਸਮੇਂ ਤੋਂ ਹੀ ਏਥੇ ਵੈਸਾਖੀ ਦਾ ਮੇਲਾ ਲੱਗਣਾ ਸ਼ੁਰੂ ਹੋਇਆ ।

ਸ੍ਰੀ ਗੁਰੂ ਅਰਜਨ ਦੇਵ ਜੀ ਦੀ ਤਿਆਰ ਕਰਵਾਈ ਹੋਈ ਸ੍ਰੀ

ਗੁਰੂ ਗ੍ਰੰਥ ਸਾਹਿਬ ਦੀ ਪਾਵਨ ਬੀੜ ਧੀਰਮੱਲ ਦੀ ਔਲਾਦ, ਕਰਤਾਰਪੁਰੀਏ ਸੋਢੀਆਂ ਪਾਸ, ਕਰਤਾਰਪੁਰ ਵਿੱਚ ਹੈ ਮਹੀਨੇ ਦੇ ਮਹੀਨੇ ਸੰਗਤਾਂ ਨੂੰ ਦਰਸ਼ਨ ਕਰਾਏ ਜਾਂਦੇ ਹਨ ।

੮) ਛੇਹਰਟਾ ਸਾਹਿਬ– ਜਿਹਾ ਕਿ ਅੱਗੇ ਦੱਸਿਆ ਗਿਆ ਹੈ, ਪ੍ਰਿਥੀਏ ਦੀ ਵਧ ਰਹੀ ਈਰਖਾ ਦੇ ਕਾਰਨ ਸ੍ਰੀ ਗੁਰੂ ਅਰਜਨ ਦੇਵ ਜੀ ਸੰਮਤ ੧੬੫੧ ਤੋਂ ੧੬੫੩ ਤੀਕ ਵਡਾਲੀ ਪਿੰਡ ਜਾ ਟਿਕੇ ਸਨ । ਏਥੇ ਹੀ ਸੰਮਤ ੧੬੫੨ ਵਿੱਚ ਛੇਵੀਂ ਪਾਤਸ਼ਾਹੀ ਦਾ ਅਵਤਾਰ ਹੋਇਆ । ਇਸ ਖੁਸ਼ੀ ਵਿੱਚ ਅਤੇ ਇਲਾਕੇ ਵਿੱਚ ਭੋਂ-ਸਿੰਜਾਈ ਲਈ ਪਾਣੀ ਦੀ ਥੁੜ ਨੂੰ ਦੂਰ ਕਰਨ ਵਾਸਤੇ ਗੁਰੂ ਅਰਜਨ ਦੇਵ ਜੀ ਨੇ ਸੰਮਤ ੧੬੫੪ ਵਿੱਚ ਇਸ ਪਿੰਡ ਦੇ ਪਾਸ ਇਕ ਅਜਿਹਾ ਖੂਹ ਲਗਵਾਇਆ ਜਿਸ ਉਪਰ ਛੇ ਹਰਟ ਚੱਲ ਸਕਣ । ਇਸ ਦਾ ਨਾਂ 'ਛੇਹਰਟਾ' ਰੱਖਿਆ । ਇਹ ਇਕ ਪ੍ਰਸਿੱਧ ਅਸਥਾਨ ਹੈ । ਇਸ ਦੇ ਪਾਸ ਸੁੰਦਰ ਗੁਰਦੁਆਰਾ ਹੈ । ਇਥੇ ਸਾਲ ਦੇ ਸਾਲ ਬਸੰਤ ਪੰਚਮੀ ਨੂੰ ਬੜਾ ਭਾਰੀ ਜੋੜ-ਮੇਲਾ ਹੁੰਦਾ ਹੈ । ਹਰ ਚਾਨਣੀ ਪੰਚਮੀ ਨੂੰ ਚੋਖੀ ਸੰਗਤ ਜੁੜਦੀ ਹੈ ।

ਵਡਾਲੀ ਦੀ ਭੋਂ ਵਿੱਚ ਗੁਰੂ ਅਰਜਨ ਦੇਵ ਜੀ ਨੇ ਤਿੰਨਾਂ ਹਰਟਾਂ ਵਾਲਾ ਇਕ ਹੋਰ ਖੂਹ ਲਵਾਇਆ ।

੯) ਸ੍ਰੀ ਹਰਿਗੋਬਿੰਦਪੁਰਾ– ਜ਼ਿਲ੍ਹਾ ਗੁਰਦਾਸਪੁਰ ਤਹਿਸੀਲ ਬਟਾਲਾ ਵਿੱਚ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਹਰਿਗੋਬਿੰਦ ਸਾਹਿਬ ਦੇ ਜਨਮ ਦੀ ਖੁਸ਼ੀ ਵਿੱਚ ਸੰਮਤ ੧੬੫੪ ਦੇ ਕਰੀਬ ਬਿਆਸ ਦੇ ਉੱਤਰੀ ਕੰਢੇ ਪਾਸ ਇਕ ਨਗਰ ਵਸਾਇਆ, ਜਿਸ ਦਾ ਨਾਂ ਉਨ੍ਹਾਂ ਨੇ ਸ੍ਰੀ ਗੋਬਿੰਦਪੁਰਾ ਰੱਖਿਆ । ਮਗਰੋਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਇਸ ਨੂੰ ਵਧੇਰੇ ਰੌਣਕ ਦਿੱਤੀ, ਜਿਸ ਕਰ ਕੇ ਇਸ ਦਾ ਨਾਂ ਸ੍ਰੀ ਹਰਿਗੋਬਿੰਦਪੁਰਾ ਪੈ ਗਿਆ । ਹੁਣ ਇਸ ਦਾ ਨਾਂ ਸ੍ਰੀ ਹਰਿਗੋਬਿੰਦਪੁਰਾ ਹੀ ਵਜਦਾ ਹੈ ।

੧੦) ਬਾਉਲੀ ਸਾਹਿਬ– ਸੰਮਤ ੧੬੫੬ ਵਿੱਚ ਸ੍ਰੀ ਗੁਰੂ



ਅਰਜਨ ਦੇਵ ਜੀ ਨੇ ਡੱਬੀ ਬਜ਼ਾਰ, ਲਾਹੌਰ ਵਿੱਚ ਇਕ ਬਾਉਲੀ ਤਿਆਰ ਕਰਵਾਈ ਅਤੇ ਗੁਰਦੁਆਰਾ ਬਣਾਇਆ । ਬਾਦਸ਼ਾਹ ਸ਼ਾਹ ਜਹਾਨ ਦੇ ਹੁਕਮ ਨਾਲ ਇਹ ਬਾਉਲੀ ਸੰਮਤ ੧੬੮੫ ਵਿੱਚ ਪੂਰੀ ਗਈ ਅਤੇ ਲੰਗਰ ਦੀ ਥਾਂ ਮਸੀਤ ਬਣਵਾਈ ਗਈ । ਮਹਾਰਾਜਾ ਰਣਜੀਤ ਸਿੰਘ ਨੇ ਸੰਮਤ ੧੮੬੧ ਵਿੱਚ ਬਾਉਲੀ ਫਿਰ ਪਰਗਟ ਕੀਤੀ ਅਤੇ ਗੁਰਦੁਆਰੇ ਦੀ ਪਹਿਲਾਂ ਜਿਹੀ ਸ਼ਕਲ ਕਰ ਦਿੱਤੀ । ਇਹ ਗੁਰਦੁਆਰਾ ਲਾਹੌਰ ਦੇ ਮੁਖੀ ਗੁਰਦੁਆਰਿਆਂ ਵਿੱਚ ਸੀ । ਸੰਨ ੧੯੪੭ ਦੀ ਦੇਸ਼-ਵੰਡ ਸਮੇਂ ਇਹ ਗੁਰਦੁਆਰਾ ਬਰਬਾਦ ਕੀਤਾ ਗਿਆ ।

੧੧) ਗੁਰੂ ਕਾ ਬਾਗ– ਮਾਝੇ ਵਿੱਚ ਗੁਰਸਿੱਖੀ ਦੇ ਪ੍ਰਚਾਰ ਅਤੇ ਜੀਵਾਂ ਦੇ ਉਧਾਰ ਲਈ ਦੌਰਾ ਕਰ ਰਹੇ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਸਹਿੰਸਰੇ ਦੀ ਸੰਗਤ ਪ੍ਰੇਮ ਭਾਵ ਨਾਲ ਅਤੇ ਆਪਣੇ ਨੱਗਰ ਪਾਸ ਲੈ ਗਈ । ਏਥੇ ਗੁਰੂ ਜੀ ਕਈ ਦਿਨ ਟਿਕੇ। ਇਸ ਯਾਦ ਵਿੱਚ ਇਥੇ ਮਗਰੋਂ ਗੁਰਦੁਆਰਾ ਬਣਿਆ । ਪਹਿਲਾਂ ਇਸ ਥਾਂ ਨੂੰ 'ਗੁਰੂ ਕੀ ਰੌੜ' ਕਹਿੰਦੇ ਸਨ । ਮਗਰੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਏਥੇ ਬਾਗ ਲਗਵਾਇਆ, ਜਿਸ ਤੋਂ ਇਸ ਅਸਥਾਨ ਦਾ ਨਾਂ 'ਗੁਰੂ ਕਾ ਬਾਗ' ਹੋ ਗਿਆ । ਏਥੇ ਹਰ ਮੱਸਿਆ ਤੇ ਪੁੰਨਿਆਂ ਨੂੰ ਮੇਲਾ ਲਗਦਾ ਹੈ । ਅਕਾਲੀ ਲਹਿਰ ਦੇ ਦਿਨੀਂ ਸੰਨ ੧੯੨੨ ਵਿੱਚ ਏਥੇ ਵੱਡਾ ਮੋਰਚਾ ਲੱਗਾ ਅਤੇ ਅਕਾਲੀ ਸਤਿਆਗ੍ਰਹਿ ਹੋਇਆ ।

੧੨) ਸ੍ਰੀ ਰਾਮਸਰ– ਸੰਮਤ ੧੬੫੯-੬੦ ਵਿੱਚ ਸ੍ਰੀ ਗੁਰੂ ਅਰਜਨ ਦੇਵ ਜੀ ਨੇ 'ਰਾਮਸਰ' ਨਾਂ ਦਾ ਇਕ ਛੋਟਾ ਜਿਹਾ ਸਰੋਵਰ ਬਣਵਾਇਆ । ਇਸ ਦੇ ਕਿਨਾਰੇ ਬਹਿ ਕੇ 'ਸੁਖਮਨੀ ਸਾਹਿਬ' ਰਚੀ ਗਈ ਅਤੇ ਏਥੇ ਹੀ ਭਾਈ ਗੁਰਦਾਸ ਜੀ ਪਾਸੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਲਿਖਵਾਈ ਗਈ ।

★ ★ ★

## ਕਾਂਡ ੪

# ਸ੍ਰੀ ਗ੍ਰੰਥ ਸਾਹਿਬ ਦੀ ਬੀੜ ਦੀ ਤਿਆਰੀ

ਸਿੱਖੀ ਵਿੱਚ ਨਾਮ ਨੂੰ ਪ੍ਰਧਾਨਤਾ ਦਿੱਤੀ ਗਈ ਹੈ । ਨਾਮ ਜਪਣ ਦਾ ਸਭ ਤੋਂ ਵਧੇਰੇ ਪ੍ਰਚੱਲਤ ਤੇ ਮੁਖੀ ਸਾਧਨ, ਅਭਿਆਸ ਜਾਂ ਢੰਗ ਇਹ ਹੈ ਕਿ ਗੁਰਬਾਣੀ ਪੜ੍ਹੀ-ਗਾਈ ਤੇ ਸੁਣੀ ਜਾਵੇ । ਗੁਰਬਾਣੀ ਦੀ ਇਸ ਮਹਾਨਤਾ ਨੂੰ ਵੇਖ ਕੇ ਪ੍ਰਿਥੀਏ ਜਿਹੇ ਚਲਾਕ ਬੰਦਿਆਂ ਨੇ ਇਸ ਵਿੱਚ ਆਪਣੀ ਰਚਨਾ ਨੂੰ ਰਲਾ ਕੇ ਸਿੱਖਾਂ ਵਿੱਚ ਪ੍ਰਚੱਲਤ ਕਰਨਾ ਅਰੰਭ ਦਿੱਤਾ । ਜੇ ਇਸ ਤਰ੍ਹਾਂ ਦੀ ਮਿਲਾਵਟ ਨੂੰ ਰੋਕਣ ਅਤੇ ਗੁਰੂ ਸਾਹਿਬਾਂ ਦੀ ਸੱਚੀ ਬਾਣੀ ਨੂੰ ਹੋਰਨਾਂ ਦੀ ਕੱਚੀ ਬਾਣੀ ਤੋਂ ਸਾਫ-ਸ਼ੁੱਧ ਰੱਖਣ ਦਾ ਵੇਲੇ ਸਿਰ ਜਤਨ ਨਾ ਕੀਤਾ ਜਾਂਦਾ, ਤਾਂ ਪਤਾ ਨਹੀਂ ਕਿੰਨੇ ਹਜ਼ਾਰਾਂ ਸ਼ਬਦ ਘੜ ਕੇ, ਮਗਰ 'ਨਾਨਕ' ਲਾ ਕੇ ਪ੍ਰਚੱਲਤ ਕਰ ਦਿੱਤੇ ਜਾਂਦੇ । ਇਸ ਤਰ੍ਹਾਂ ਸੰਭਵ ਸੀ ਕਿ ਗੁਰੂ ਸਾਹਿਬਾਂ ਦੇ ਉਪਦੇਸ਼ਾਂ, ਅਸੂਲਾਂ, ਸਿਧਾਂਤਾਂ ਤੇ ਵਿਸ਼ਵਾਸਾਂ ਤੋਂ ਉਲਟ ਗੱਲਾਂ ਵੀ ਅਜਿਹੇ ਸ਼ਬਦਾਂ ਰਾਹੀਂ ਉਨ੍ਹਾਂ ਦੇ ਨਾਵਾਂ ਨਾਲ ਮੜ੍ਹੀਆਂ ਜਾਂਦੀਆਂ ਅਤੇ ਸਿੱਖੀ ਦੇ ਅਸੂਲਾਂ, ਨਿਸਚਿਆਂ ਤੇ ਆਦਰਸ਼ਾਂ ਬਾਰੇ ਮੱਸਿਆ ਚੌਦੇਂ ਵਾਲਾ ਅਨ੍ਹੇਰਾ ਮੱਚ ਜਾਂਦਾ । ਨਾਲ ਹੀ ਸਿੱਖੀ ਦੀ ਮਰਯਾਦਾ ਨੂੰ ਵੀ ਵਿਗਾੜ ਕੇ ਪਤਾ ਨਹੀਂ ਕੀ ਰੂਪ ਦੇ ਦਿੱਤਾ ਜਾਂਦਾ ।

ਸਿੱਖੀ ਨੂੰ ਠਿੱਗਰ ਨਰੋਈਆਂ ਲੀਹਾਂ ਉਪਰ ਜਥੇਬੰਦ ਕਰਨ ਨੂੰ ਗੁਰੂ ਜੀ ਬਹੁਤ ਜ਼ਰੂਰੀ ਸਮਝਦੇ ਸਨ । ਇਸ ਮਨੋਰਥ ਦੀ ਪੂਰਤੀ ਲਈ ਜ਼ਰੂਰੀ ਸੀ ਕਿ ਸਭ ਦਾ ਧਾਰਮਿਕ ਅਸੂਲ, ਨਿਸਚੇ ਤੇ ਮਰਯਾਦਾ ਇਕ ਤੇ ਇਕਸਾਰ ਹੋਣਾ । ਗੱਲ ਕੀ, ਇਹ ਜ਼ਰੂਰੀ ਸੀ ਕਿ ਗੁਰਬਾਣੀ ਨੂੰ ਅਸਲੀ ਤੇ ਸ਼ੁੱਧ ਰੂਪ ਵਿੱਚ ਇਕੱਠਾ ਕੀਤਾ ਜਾਵੇ, ਤਾਂ ਜੁ ਸਿੱਖ ਇਸ ਦੇ ਪਾਠ ਤੋਂ ਗੁਰਉਪਦੇਸ਼ ਅਸਲੀ ਰੂਪ ਵਿੱਚ ਗ੍ਰਹਿਣ ਕਰ ਸਕਣ, ਸਾਰੇ ਸਿੱਖ ਜਗਤ ਦੇ ਨਿਸਚੇ ਵਿਸ਼ਵਾਸ



ਇਕੋ ਕੇਂਦਰ ਨਾਲ ਜੁੜ ਜਾਣ, ਕੌਮ ਵਿੱਚ ਏਕਤਾ ਬਣੀ ਬੱਝੀ ਰਹੇ ਅਤੇ ਇਸ ਵਿੱਚ ਧਰਮ ਸਬੰਧੀ ਕਿਸੇ ਪ੍ਰਕਾਰ ਦੇ ਮੱਤ-ਭੇਦ, ਝਗੜੇ ਜਾਂ ਜਾਤ-ਪਾਤ ਦੀ ਗੁੰਜਾਇਸ਼ ਨਾ ਰਹੇ । ਇਸ ਕਰ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਪਹਿਲੇ ਚਹੁੰ ਗੁਰੂ ਸਾਹਿਬਾਂ ਦੀ ਬਾਣੀ ਇਕੱਠੀ ਕਰ ਕੇ ਅਤੇ ਨਾਲ ਆਪਣੀ ਰਚੀ ਬਾਣੀ ਸ਼ਾਮਲ ਕਰ ਕੇ ਸ੍ਰੀ ਗ੍ਰੰਥ ਸਾਹਿਬ ਜੀ ਦੀ ਬੀੜ ਤਿਆਰ ਕਰਨ ਦਾ ਕੰਮ ਅਰੰਭਿਆ । ਸਿੱਖ-ਪੰਥ ਦੀ ਜਥੇਬੰਦੀ, ਏਕਤਾ, ਕੌਮੀ ਜੀਵਨ ਅਤੇ ਗੁਰਸਿੱਖੀ ਦੇ ਪ੍ਰਚਾਰ ਦੀ ਉੱਨਤੀ ਵਾਸਤੇ ਇਹ ਕਾਰਜ ਅਤੀ ਜ਼ਰੂਰੀ ਸੀ।

ਪਹਿਲੇ ਸਤਿਗੁਰੂ ਜੀ ਦੀ ਬਾਣੀ ਉਨ੍ਹਾਂ ਨੇ ਆਪ ਵੀ ਅਤੇ ਭਾਈ ਸਨਮੁਖ ਆਦਿ ਸਿੱਖਾਂ ਨੇ ਵੀ ਲਿਖੀ ਸੀ । ਕੁਝ ਬਾਣੀ ਦੂਜੀ ਪਾਤਸ਼ਾਹੀ ਨੇ ਭਾਈ ਪੈੜੇ ਮੋਖੇ ਪਾਸੋਂ ਲਿਖਵਾਈ ਸੀ । ਤੀਜੇ ਪਾਤਸ਼ਾਹ ਦੇ ਸਮੇਂ ਆਪ ਜੀ ਦੇ ਪੋਤਰੇ ਤੇ ਬਾਬਾ ਮੋਹਨ ਜੀ ਦੇ ਸਪੁੱਤਰ, ਸ੍ਰੀ ਸਹੰਸ ਰਾਮ ਜੀ ਨੇ ਚੋਖੀ ਬਾਣੀ ਲਿਖੀ । ਜੋ ਸੈਂਚੀਆਂ ਦੇ ਰੂਪ ਵਿੱਚ ਬਾਬਾ ਮੋਹਨ ਜੀ ਪਾਸ ਗੋਂਦਵਾਲ ਵਿੱਚ ਸੀ । ਹੋਰ ਵੀ ਕਈ ਥਾਈਂ ਗੁਰਸਿੱਖਾਂ ਪਾਸ ਕੁਝ ਨਾ ਕੁਝ ਬਾਣੀ ਲਿਖਤੀ ਰੂਪ ਵਿੱਚ ਜਾਂ ਜ਼ਬਾਨੀ ਯਾਦ ਹੋ ਸਕਦੀ ਸੀ ।

ਇਸ ਵਾਸਤੇ ਪਹਿਲਾ ਕੰਮ ਇਹ ਸੀ ਕਿ ਜਿਥੋਂ ਕਿਤਿਓਂ ਹੋ ਸਕੇ ਗੁਰਬਾਣੀ ਇਕੱਠੀ ਕੀਤੀ ਜਾਵੇ । ਉਸ ਮਗਰੋਂ ਸਾਰੀ ਬਾਣੀ ਨੂੰ ਤਰਤੀਬ ਸਿਰ ਕਰਨਾ ਸੀ ਤੇ ਉਸ ਨੂੰ ਠੀਕ ਤਰ੍ਹਾਂ ਸੋਧ ਕੇ ਲਿਖਣਾ, ਲਿਖਾਉਣਾ ਸੀ ।

ਇਹ ਕੰਮ ਬੜਾ ਵੱਡਾ ਸੀ । ਇਹ ਵਰ੍ਹਿਆਂ-ਬੱਧੀ ਕਰਨ ਵਾਲਾ ਸੀ । ਇਤਿਹਾਸ ਵਿੱਚੋਂ ਉਗਾਹੀ ਮਿਲਦੀ ਹੈ ਕਿ ਇਹ ਕਾਰਜ ਸੰਮਤ ੧੬੫੫ ਵਿੱਚ ਚਾਲੂ ਹੋ ਚੁਕਿਆ ਸੀ । ਪ੍ਰਿਥੀਏ ਜਿਹੇ ਗੁਰੂ-ਘਰ ਦੇ ਦੋਖੀਆਂ ਨੇ ਇਸ ਮਹਾਨ ਉਤਮ ਕਾਰਜ ਵਿੱਚ ਵੀ ਵਿਘਨ ਪਾਉਣ ਦਾ ਜਤਨ ਕੀਤਾ । ਉਨ੍ਹਾਂ ਨੇ ਅਕਬਰ ਨੂੰ ਸੀਖਿਆ ਸੀਖਾਇਆ ਕਿ ਗੁਰੂ ਅਰਜਨ ਦੇਵ ਜੀ ਇਕ ਅਜਿਹਾ

ਗ੍ਰੰਥ ਤਿਆਰ ਕਰਨ ਲੱਗੇ ਹਨ ਜਿਸ ਵਿੱਚ ਦੀਨ ਇਸਲਾਮ, ਹਜ਼ਰਤ ਮੁਹੰਮਦ ਅਤੇ ਹਿੰਦੂ ਅਵਤਾਰਾਂ ਦੇ ਵਿਰੁੱਧ ਗੱਲਾਂ ਲਿਖੀਆਂ ਜਾਣੀਆਂ ਹਨ। ਅਕਬਰ ਨੇ ਸੰਮਤ ੧੬੫੫ (ਸੰਨ ੧੫੯੮) ਵਿੱਚ ਗੁਰੂ ਸਾਹਿਬ ਦੇ ਗੋਂਦਵਾਲ ਦਰਸ਼ਨ ਕੀਤੇ। ਉਸ ਵੇਲੇ ਗੁਰਬਾਣੀ ਇਕੱਠੀ ਕੀਤੀ ਜਾ ਰਹੀ ਸੀ ਅਤੇ ਕੁਝ ਇਕੱਠੀ ਹੋ ਵੀ ਚੁੱਕੀ ਸੀ। ਅਕਬਰ ਦੇ ਕਹਿਣ 'ਤੇ ਬਹੁਤ ਸਾਰੇ ਸ਼ਬਦ ਉਸ ਨੂੰ ਪੜ੍ਹ ਕੇ ਸੁਣਾਏ ਗਏ। ਉਹ ਸੁਣ ਕੇ ਬੜਾ ਖੁਸ਼ ਹੋਇਆ। ਗੁਰੂ-ਨਿੰਦਕਾਂ ਨੂੰ ਮੂੰਹ ਦੀ ਖਾਣੀ ਪਈ। ਅਕਬਰ ਨੇ ਗੁਰ-ਦਰਬਾਰ ਅਤੇ ਲੰਗਰ ਆਦਿ ਦੇ ਖਰਚਾਂ ਲਈ ਜਗੀਰ ਦੇਣੀ ਚਾਹੀ, ਪਰ ਗੁਰੂ ਜੀ ਨੇ ਜਗੀਰ ਲੈਣੋਂ ਨਾਂਹ ਕਰ ਦਿੱਤੀ ਅਤੇ ਇਹ ਕਿਹਾ, *'ਇਸ ਸਾਲ ਫਸਲਾਂ ਨਹੀਂ ਹੋਈਆਂ, ਕਾਲ ਪੈ ਰਿਹਾ ਹੈ ਜ਼ਿਮੀਦਾਰਾਂ ਨੂੰ ਮਾਮਲਾ ਮਾਫ ਕਰ ਦਿਓ।'* ਅਕਬਰ ਨੇ ਇਸੇ ਤਰ੍ਹਾਂ ਕੀਤਾ, ਇਸ ਨਾਲ ਗੁਰੂ ਜੀ ਦਾ ਜਸ ਹੋਰ ਵੀ ਵਧੇਰੇ ਹੋਣ ਲੱਗ ਪਿਆ।

ਬਾਬਾ ਮੋਹਨ ਜੀ ਪਾਸੋਂ ਸੈਂਚੀਆਂ ਲਿਆਉਣ ਲਈ ਗੁਰੂ ਜੀ ਨੇ ਬਾਬਾ ਬੁੱਢਾ ਜੀ ਅਤੇ ਭਾਈ ਗੁਰਦਾਸ ਜੀ ਨੂੰ ਭੇਜਿਆ ਪਰ ਬਾਬਾ ਮੋਹਨ ਜੀ ਨੇ ਸੈਂਚੀਆਂ ਦੇਣੋਂ ਨਾਂਹ ਕਰ ਦਿੱਤੀ। ਫੇਰ ਗੁਰੂ ਜੀ ਆਪ ਨੰਗੇ ਚਰਨੀਂ ਸੰਗਤਾਂ ਸਮੇਤ ਗੋਂਦਵਾਲ ਪੁੱਜੇ, ਜਿਸ ਚੁਬਾਰੇ ਵਿੱਚ ਮੋਹਨ ਜੀ ਰਹਿੰਦੇ ਸਨ ਉਸ ਦੇ ਪਾਸ ਜਾ ਖੜੋਤੇ। ਬਾਬਾ ਜੀ ਉਸ ਵੇਲੇ ਸਮਾਧੀ ਵਿੱਚ ਲੀਨ ਸਨ। ਗੁਰੂ ਜੀ ਨੇ ਸਰੰਦਾ ਸ਼ੁਰੂ ਕੀਤਾ ਅਤੇ ਉਚੀ ਤੇ ਮਿੱਠੀ ਸੁਰ ਤੇ ਲੈਅ ਵਿੱਚ ਗਉੜੀ ਰਾਗ ਵਿੱਚ ਇਕ ਸ਼ਬਦ ਗਾਇਨ ਕੀਤਾ। ਇਸ ਵਿੱਚ ਆਪ ਨੇ ਬਾਬਾ ਮੋਹਨ ਜੀ ਅਤੇ ਉਨ੍ਹਾਂ ਦਾਤੇ ਆਪਣੇ ਪਿਆਰੇ 'ਮੋਹਨ' (ਕਰਤਾਰ) ਦੀ ਉਪਮਾ ਕੀਤੀ ਤੇ ਉਨ੍ਹਾਂ ਨੂੰ ਅਵਾਜ਼ਾਂ ਮਾਰੀਆਂ। ਉਸ ਸ਼ਬਦ ਦਾ ਪਹਿਲਾ ਪਦ ਇਹ ਹੈ:

*ਮੋਹਨ ਤੇਰੇ ਊਚੇ ਮੰਦਰ ਮਹਲ ਅਪਾਰਾ[1] ॥ ਮੋਹਨ ਤੇਰੇ ਸੋਹਨਿ ਦੁਆਰ ਜੀਉ ਸੰਤ ਧਰਮ ਸਾਲਾ ॥ ਧਰਮ ਸਾਲ ਅਪਾਰ ਦੈਆਰ[2]*

੧ ਬੇਅੰਤ, ਅਣਗਿਣਤ, ਬਹੁਤ। ੨ ਦਿਆਲ, ਦਾਤਾ।



*ਠਾਕੁਰ ਸਦਾ ਕੀਰਤਨੁ ਗਾਵਹੇ ॥ ਜਹ ਸਾਧ ਸੰਤ ਇਕਤ੍ਰ ਹੋਵਹਿ ਤਹਾ ਤੁਝਹਿ ਧਿਆਵਹੇ ॥ ਕਰਿ ਦਇਆ ਮਇਆ[3] ਦਇਆਲ ਸੁਆਮੀ ਹੋਹੁ ਦੀਨ[4] ਕ੍ਰਿਪਾਰਾ[5] ॥ ਬਿਨਵੰਤਿ[6] ਨਾਨਕ ਦਰਸ ਪਿਆਸੇ ਮਿਲਿ ਦਰਸਨ ਸੁਖੁ ਸਾਰਾ ॥੧॥**

ਬਾਬਾ ਮੋਹਨ ਜੀ ਦੀ ਸਮਾਧੀ ਖੁਲ੍ਹ ਗਈ। ਪਹਿਲਾਂ ਤਾਂ ਉਹ ਗੁੱਸੇ ਜਿਹੇ ਹੋ ਕੇ ਬੋਲੇ ਕਿ ਅੱਗੇ ਪਿਤਾ ਜੀ ਪਾਸੋਂ ਸਾਡੀ ਵਸਤ ਗੁਰਤਾ ਲੈ ਗਏ ਹੋ, ਹੁਣ ਬਾਣੀ ਵੀ ਲੈਣ ਆ ਗਏ ਹੋ? ਗੁਰੂ ਜੀ ਨੇ ਸ਼ਬਦ ਦੇ ਦੋ ਹੋਰ ਪਦ ਜਾਂ ਅੰਕ ਗਾਇਨ ਕੀਤੇ। ਮੋਹਨ ਜੀ ਦਾ ਦਿਲ ਮੋਮ ਹੋ ਗਿਆ। ਉਹ ਚੁਬਾਰੇ ਵਿੱਚੋਂ ਉਤਰ ਕੇ ਗੁਰੂ ਜੀ ਪਾਸ ਆਏ ਅਤੇ ਦਰਸ਼ਨ ਕਰਦਿਆਂ ਹੀ ਮੋਹਿਤ ਹੋ ਗਏ। ਉਨ੍ਹਾਂ ਨੇ ਸੈਂਚੀਆਂ ਗੁਰੂ ਜੀ ਦੇ ਹਵਾਲੇ ਕਰ ਦਿੱਤੀਆਂ। ਇਸ 'ਤੇ ਗੁਰੂ ਜੀ ਨੇ ਸ਼ਬਦ ਦਾ ਚੌਥਾ ਅੰਕ ਜਾਂ ਪਦ ਗਾਇਨ ਕੀਤਾ। ਸੈਂਚੀਆਂ ਪਾਲਕੀ ਵਿੱਚ ਰੱਖ ਕੇ ਬੜੇ ਸਤਿਕਾਰ ਨਾਲ ਅੰਮ੍ਰਿਤਸਰ ਲਿਜਾਈਆਂ ਗਈਆਂ।

ਗੁਰੂ ਸਾਹਿਬ ਦੀ ਬਾਣੀ ਇਕੱਤਰ ਕਰਨ ਦੇ ਨਾਲ-ਨਾਲ ਗੁਰੂ ਜੀ ਨੇ ਭਗਤਾਂ ਦੀ ਬਾਣੀ ਵੀ ਇਕੱਠੀ ਕਰਨੀ ਅਰੰਭੀ। ਭਗਤਾਂ ਦੀ ਬਾਣੀ ਜੋ ਵੀ ਪੰਜਾਬ ਜਾਂ ਬਾਹਰੋਂ ਮਿਲ ਸਕੀ ਉਹ ਸਭ ਇਕੱਠੀ ਕੀਤੀ ਜੋ ਭਗਤ-ਬਾਣੀ ਉਨ੍ਹਾਂ ਭਗਤਾਂ ਦੇ ਪ੍ਰੇਮੀਆਂ ਨੂੰ ਯਾਦ ਸੀ ਉਹ ਵੀ ਸੁਣੀ। ਇਸ ਬਾਣੀ ਵਿੱਚੋਂ ਚੋਣ ਕਰ ਕੇ ਗੁਰੂ ਜੀ ਨੇ ਪੰਦਰਾਂ ਭਗਤਾਂ ਦੀ ਚੋਣਵੀਂ ਬਾਣੀ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਚਾੜ੍ਹਨ ਲਈ ਪਰਵਾਨ ਕੀਤੀ। ਇਨ੍ਹਾਂ ਭਗਤਾਂ ਵਿੱਚੋਂ ਬਹੁਤੇ ਅਖੌਤੀ ਨੀਵੀਆਂ ਤੇ ਅਛੂਤ ਜਾਤਾਂ ਦੇ ਸਨ ਅਤੇ ਘਟੋ ਘਟ ਚਾਰ (ਫਰੀਦ, ਭੀਖਣ, ਸੱਤਾ ਤੇ ਬਲਵੰਡ) ਮੁਸਲਮਾਨ ਸਨ।

੩ ਕਿਰਪਾ, ਮਿਹਰਬਾਨੀ। ੪ ਗਰੀਬ, ਕਮਜ਼ੋਰ, ਅਨਾਥ। ੫ ਕਿਰਪਾਲੂ, ਕਿਰਪਾ ਕਰਨ ਵਾਲਾ। ੬ ਨਮਸਕਾਰ ਕਰਦਾ ਹੈ। *ਗਉੜੀ ਮ: ੫, ਪੰਨਾ ੨੪੮।

ਇਸ ਤਰ੍ਹਾਂ ਕਰ ਕੇ ਗੁਰੂ ਜੀ ਨੇ ਇਸ ਗੱਲ ਦਾ ਸਬੂਤ ਦਿੱਤਾ ਕਿ ਆਤਮਕ ਗਿਆਨ ਕੇਵਲ ਖਾਸ ਜਾਤਾਂ, ਉਚੀਆਂ ਜਾਤਾਂ ਲਈ ਹੀ ਮਖ਼ਸੂਸ (ਵਿਸ਼ੇਸ਼) ਨਹੀਂ, ਇਹ ਸਗੋਂ ਉਚ-ਨੀਚ ਸਾਰੇ ਇਨਸਾਨਾਂ ਦੇ ਹਿਰਦਿਆਂ ਵਿੱਚ ਪ੍ਰਕਾਸ਼ ਕਰ ਸਕਦਾ ਹੈ । ਆਪ ਨੇ ਇਸ ਤਰ੍ਹਾਂ ਉਚ-ਨੀਚ ਤੇ ਜਾਤ-ਪਾਤ ਦੀ ਬਿਮਾਰੀ ਨੂੰ ਜੜ੍ਹੋਂ ਵੱਢਿਆ ਅਤੇ ਹਿੰਦੂਆਂ ਤੇ ਮੁਸਲਮਾਨਾਂ ਦਾ ਭੇਦ ਮਿਟਾਇਆ । ਆਤਮਕ ਗੁਣਾਂ ਤੇ ਵਿਚਾਰਾਂ ਦੀਆਂ ਧਾਰਾਂ ਹਿੰਦੁਸਤਾਨ ਦੇ ਵੱਖ-ਵੱਖ ਹਿੱਸਿਆਂ ਵਿੱਚ ਚੱਲ ਰਹੀਆਂ ਸਨ, ਆਪ ਨੇ ਉਨ੍ਹਾਂ ਸਭ ਨੂੰ ਇਕ ਥਾਂ ਕਰ ਕੇ ਉਨ੍ਹਾਂ ਦਾ ਸੰਗਮ ਸ੍ਰੀ ਗ੍ਰੰਥ ਸਾਹਿਬ ਨੂੰ ਬਣਾਇਆ । *ਭਗਤਾਂ ਦੀ ਬਾਣੀ ਦੀ ਚੋਣ ਨਿਰੋਲ ਭਗਤੀ ਭਾਵ ਨੂੰ ਮੁੱਖ ਰੱਖ ਕੇ ਕੀਤੀ ਗਈ,* ਇਸ ਗੱਲ ਨੂੰ ਸਾਹਮਣੇ ਨਹੀਂ ਰੱਖਿਆ ਗਿਆ ਕਿ ਕਿਸੇ ਭਗਤ ਦਾ ਮੱਤ ਜਾਂ ਧਾਰਮਕ ਨਿਸ਼ਚਾ ਕੀ ਹੈ । ਇਸ ਗੱਲ ਦੀ ਪ੍ਰਵਾਹ ਨਹੀਂ ਕੀਤੀ ਗਈ ਕਿ ਕੋਈ ਭਗਤ ਮੂਰਤੀ ਪੂਜਦਾ ਹੈ, ਕੋਈ ਵੈਸ਼ਨੋ ਹੈ, ਕੋਈ ਅਵਤਾਰ ਪੂਜਦਾ ਤੇ ਆਵਾ ਗੌਣ ਨੂੰ ਮੰਨਦਾ ਹੈ, ਕੋਈ ਮੁਸਲਮਾਨ ਹੈ ਅਤੇ ਰੋਜ਼ੇ ਰੱਖਣ, ਪੰਜੇ ਵਖਤ ਮਸੀਤੇ ਜਾ ਕੇ ਨਮਾਜ਼ ਪੜ੍ਹਨ ਦਾ ਪ੍ਰਚਾਰਕ ਹੈ। ਕੇਵਲ ਇਹ ਗੱਲ ਮੁੱਖ ਰੱਖੀ ਗਈ ਕਿ ਕੇਵਲ ਪ੍ਰੇਮ-ਭਗਤੀ ਕਰ ਕੇ ਕੋਈ ਭਗਤ ਆਪੋ-ਆਪਣੇ ਰਾਹ ਦੀ ਕਿਸ ਮੰਜ਼ਿਲ ਤੀਕ ਪਹੁੰਚਿਆ ਹੈ ।

ਇਸ ਕਰ ਕੇ ਭਗਤਾਂ ਦੀ ਬਾਣੀ ਨੂੰ ਸਿੱਖ ਰਹਿਤ ਮਰਯਾਦਾ ਜਾਂ ਧਾਰਮਕ ਨਿਸਚਿਆਂ ਦਾ ਅਧਾਰ ਨਹੀਂ ਮੰਨਣਾ ਚਾਹੀਦਾ– ਅਰਥਾਤ ਜੇ ਕੋਈ ਭਗਤ 'ਪੰਜੇ ਵਖਤ ਮਸੀਤ ਜਾਣ, ਰੋਜ਼ੇ ਰੱਖਣ, ਰੂਹਾਂ ਤੇ ਕਬਰਾਂ ਮੱਲ ਕੇ ਕਿਆਮਤ ਤੀਕ ਬਹਿ ਰਹਿਣ ਦੇ ਨਿਸਚੇ, ਪੱਥਰ ਪੂਜਣ, ਚੋਪੜੀ ਰੋਟੀ ਖਾਣ ਵਾਲਿਆਂ ਨੂੰ ਘਣੇ ਦੁੱਖ ਸਹਿਣ ਦਾ ਭਾਗੀ ਮੰਨਣ, ਮੱਛੀ ਮਾਸ ਆਦਿ ਖਾਣ ਵਾਲਿਆਂ ਦੀ ਪੂਜਾ-ਭਗਤੀ ਆਦਿ ਨੂੰ ਨਿਸਫਲ ਗਿਣਨ ਦੇ ਹੱਕ ਵਿੱਚ ਹੈ, ਤਾਂ ਇਸ ਦਾ ਮਤਲਬ ਇਹ ਨਹੀਂ ਕਿ ਸਿੱਖ ਆਪਣੀ ਰਹਿਤ ਜਾਂ ਧਾਰਮਕ ਨਿਸ਼ਚੇ ਇਨ੍ਹਾਂ ਖਿਆਲਾਂ ਦੇ ਅਨਕੂਲ ਬਣਾਵੇ । ਗੁਰਸਿੱਖ ਦੀ ਰਹਿਤ ਦਾ ਅਧਾਰ ਕੇਵਲ ਗੁਰੂ ਸਾਹਿਬਾਂ ਦੀ ਉਚਰੀ ਹੋਈ



ਬਾਣੀ ਅਤੇ ਉਨ੍ਹਾਂ ਦੇ ਪਾਏ ਪੂਰਨੇ ਹਨ ।

ਜਿਹੜੀ-ਜਿਹੜੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਚਾੜ੍ਹਨੀ ਸੀ, ਜਦ ਉਹ ਇਕੱਠੀ ਕੀਤੀ ਤੇ ਚੁਣੀ ਜਾ ਚੁੱਕੀ, ਤਾਂ ਗੁਰੂ ਜੀ ਨੇ ਇਕਾਂਤ ਵਿੱਚ ਬਹਿ ਕੇ ਇਸ ਨੂੰ ਤਰਤੀਬ ਦੇਣ ਤੇ ਲਿਖਵਾਉਣ ਦਾ ਮਹਾਨ ਕੰਮ ਅਰੰਭਿਆ । ਇਸ ਕੰਮ ਲਈ ਹੀ ਆਪ ਨੇ ਸੰਮਤ ੧੬੫੯-੬੦ ਵਿੱਚ ਸ੍ਰੀ ਰਾਮਸਰ ਰਚਿਆ ਸੀ । ਇਸ ਦੇ ਕਿਨਾਰੇ ਇਹ ਕਾਰਜ ਸੰਮਤ ੧੬੬੦ ਵਿੱਚ ਅਰੰਭਿਆ ਗਿਆ ਅਤੇ ਸੰਮਤ ੧੬੬੧ ਵਿੱਚ ਸੰਪੂਰਨ ਹੋਇਆ । ਭਾਦੋਂ ਸੁਦੀ ੧ ਸੰਮਤ ੧੬੬੧ ਨੂੰ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਸ੍ਰੀ ਹਰਿਮੰਦਰ (ਦਰਬਾਰ) ਸਾਹਿਬ ਵਿੱਚ ਕੀਤਾ ਗਿਆ । ਬਾਬਾ ਬੁੱਢਾ ਜੀ ਨੂੰ ਪਹਿਲਾ ਗ੍ਰੰਥੀ ਥਾਪਿਆ ਗਿਆ ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਇਹ ਬੀੜ ਕਰਤਾਰਪੁਰ (ਜਲੰਧਰ) ਵਿੱਚ ਧੀਰਮਲੀਏ ਸੋਢੀਆਂ ਪਾਸ ਹੈ । ਇਸ ਦਾ ਇਕ ਉਤਾਰਾ ਭਾਈ ਬੰਨੋ ਮਾਂਗਟ ਨਿਵਾਸੀ ਨੇ ਕਰਾਇਆ ਹੈ, ਇਸ ਵਿੱਚ ਉਸ ਨੇ ਆਪਣੀ ਮਰਜ਼ੀ ਦੇ ਅਧੀਨ ਕੁਝ ਬਾਣੀ ਵਾਧੂ ਪਾ ਦਿੱਤੀ । ਗੁਰੂ ਜੀ ਨੇ ਇਹ ਬੀੜ ਪ੍ਰਵਾਨ ਨਾ ਕੀਤੀ ਅਤੇ ਇਸ ਨੂੰ 'ਖਾਰੀ ਬੀੜ' ਦਾ ਨਾਂ ਦਿੱਤਾ ।

ਸ੍ਰੀ ਗੁਰੂ ਅਮਰਦਾਸ ਜੀ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ 'ਬਾਣੀ ਦਾ ਬੋਹਿਥਾ' ਹੋਣ ਦਾ ਵਰ ਦਿੱਤਾ ਸੀ । ਸ੍ਰੀ ਗੁਰੂ ਅਰਜਨ ਦੇਵ ਜੀ ਨੇ ਬਾਣੀ ਰਚ ਕੇ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਤਿਆਰ ਕੇ ਉਸ ਵਰ ਨੂੰ ਸੱਚਾ ਸਾਬਤ ਕੀਤਾ । ਨੌਵੇਂ ਤੇ ਦਸਵੇਂ ਪਾਤਸ਼ਾਹ ਦੀ ਬਾਣੀ ਮਿਲ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਕੁੱਲ ੫੮੯੪ ਸ਼ਬਦ ਹਨ । ਇਨ੍ਹਾਂ ਵਿੱਚੋਂ ੨੨੧੬ ਗੁਰੂ ਅਰਜਨ ਦੇਵ ਜੀ ਦੇ ਹਨ । ਆਪ ਜੀ ਦੀਆਂ ਖਾਸ ਬਾਣੀਆਂ ਇਹ ਹਨ- ਬਾਰਹ ਮਾਹਾ, ਬਾਵਨ ਅੱਖਰੀ, ਗਉੜੀ ਥਿਤੀ, ਸੁਖਮਨੀ ਸਾਹਿਬ ਤੇ ਗਾਥਾ ।

### ਕਾਂਡ ੫

## ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ

ਗੁਰੂ ਸਾਹਿਬਾਂ ਦੇ ਉਪਦੇਸ਼ ਅਤੇ ਜੀਵਨ ਦੇ ਪੂਰਨਿਆਂ ਦਾ ਸਦਕਾ ਅਨੇਕਾਂ ਹਿੰਦੂ ਤੇ ਮੁਸਲਮਾਨ ਸਿੱਖੀ ਧਾਰਨ ਕਰਦੇ ਜਾਂਦੇ ਸਨ । ਅਸਾਂ ਵੇਖਿਆ ਹੈ ਕਿ ਜਿਹੜੀਆਂ ਬਾਈ ਮੰਜੀਆਂ ਸ੍ਰੀ ਗੁਰੂ ਅਮਰਦਾਸ ਜੀ ਨੇ ਸਿੱਖੀ ਪ੍ਰਚਾਰ ਲਈ ਕਾਇਮ ਕੀਤੀਆਂ ਸਨ, ਉਨ੍ਹਾਂ ਵਿੱਚੋਂ ਇਕ ਲਈ ਮੁਸਲਮਾਨੋਂ ਹੋਏ ਇਕ ਸਿੱਖ, ਅੱਲਾ ਯਾਰ ਖਾਂ ਨੂੰ ਨੀਯਤ ਕੀਤਾ ਗਿਆ ਸੀ । ਮੁਸਲਮਾਨਾਂ ਦਾ ਸਿੱਖ ਹੋ ਜਾਣਾ ਇਕ ਅਜਿਹਾ ਮਾਮਲਾ ਸੀ, ਜਿਸ ਤੋਂ ਸ਼ਰੱਈ ਕੱਟੜ ਮੁਸਲਮਾਨ ਬਹੁਤ ਤੈਸ਼ ਵਿੱਚ ਆਏ । ਹਾਕਮ ਕੌਮ ਦੇ ਉਹ ਲੋਕ ਜਿਨ੍ਹਾਂ ਨੇ 'ਕਾਫਰਾਂ' ਨੂੰ ਕਲਮਾ ਪੜ੍ਹਾ ਕੇ ਇਸਲਾਮ ਦੇ ਘੇਰੇ ਵਿੱਚ ਲਿਆਉਣ ਦਾ ਫਰਜ਼ ਆਪਣੇ ਜ਼ੁੰਮੇ ਲਿਆ ਸੀ, 'ਮੋਮਨਾਂ' ਨੂੰ 'ਕਾਫਰ' ਬਣਦੇ ਵੇਖ ਕੇ ਕਦ ਤੇ ਕਿੱਦਾਂ ਚੁੱਪ ਰਹਿ ਸਕਦੇ ਸਨ? ਓਧਰੋਂ ਬ੍ਰਾਹਮਣ ਤੇ ਹੋਰ ਉੱਚ-ਜਾਤੀਏ ਹਿੰਦੂ ਗੁਰੂ ਸਾਹਿਬਾਂ ਦੇ ਚਹੁੰਆਂ ਵਰਨਾਂ (ਜਾਤਾਂ) ਨੂੰ ਇਕਮਿਕ ਕਰਨ, ਛੂਤ-ਛਾਤ ਅਤੇ ਹੋਰ ਧਾਰਮਕ ਭਰਮਾਂ ਨੂੰ ਤਿਆਗਣ ਤੋਂ ਆਪਣਾ ਧਰਮ ਭਰਿਸ਼ਟ ਹੋ ਰਿਹਾ ਮੰਨਦੇ ਸਨ । ਉਨ੍ਹਾਂ ਸਭ ਨੇ ਅਕਬਰ ਦੇ ਵੇਲੇ ਵੀ ਗੁਰੂ ਸਾਹਿਬਾਂ ਦੇ ਵਿਰੁੱਧ ਸ਼ਿਕਾਇਤਾਂ ਲਾਈਆਂ ਪਰ ਉਸ ਖੁਲ੍ਹ-ਦਿਲੇ ਬਾਦਸ਼ਾਹ ਨੂੰ ਸਿੱਖੀ ਅਸੂਲਾਂ, ਸਿੱਖੀ ਦੀ ਰਹਿਤ ਮਰਯਾਦਾ ਤੇ ਰਹਿਣੀ-ਬਹਿਣੀ ਅਤੇ ਸਿੱਖੀ ਦੇ ਪ੍ਰਚਾਰ-ਢੰਗ ਵਿੱਚ ਕੋਈ ਮਾੜੀ ਗੱਲ ਨਾ ਦਿੱਤੀ । ਉਸ ਨੇ ਨਾ ਕੇਵਲ ਦਖਲ ਦੇਣੋਂ ਹੀ ਨਾਂਹ ਕਰ ਦਿੱਤੀ, ਸਗੋਂ ਸ਼ਰਧਾ ਵੀ ਪ੍ਰਗਟ ਕੀਤੀ ਅਤੇ ਸੇਵਾ ਸਹਾਇਤਾ ਵੀ ਕੀਤੀ ।

ਪਰ ਅਕਬਰ ਬਾਦਸ਼ਾਹ ਸੰਨ ੧੬੦੫ (ਸੰਮਤ ੧੬੬੨) ਵਿੱਚ ਚੜ੍ਹਾਈ ਕਰ ਗਿਆ । ਉਸ ਦਾ ਪੁੱਤ ਜਹਾਂਗੀਰ ਬਾਦਸ਼ਾਹ ਬਣਿਆ। ਉਹ ਇਕ ਤਾਂ ਉਂਜ ਹੀ ਕੱਟੜ ਤੇ ਮਜ਼੍ਹਬੀ ਈਰਖਾ ਦਾ ਭਰਿਆ ਹੋਇਆ ਸੀ, ਦੂਜੇ ਤਖ਼ਤ ਦੀ ਪ੍ਰਾਪਤੀ ਲਈ ਮੁਸਲਮਾਨਾਂ



ਦੀ ਸਹਾਇਤਾ ਲੈਣ ਵਾਸਤੇ ਉਸ ਨੇ ਉਨ੍ਹਾਂ ਨਾਲ ਇਕਰਾਰ ਕੀਤਾ ਸੀ ਕਿ ਮੈਂ ਸ਼ਰ੍ਹਾ ਉਪਰ ਚੱਲਾਂਗਾ ਅਤੇ ਦੀਨ ਦੀ ਰੱਖਿਆ ਅਤੇ ਤਰੱਕੀ ਕਰਾਂਗਾ ।

ਅਜਿਹੀ ਨੀਤੀ ਵਾਲੇ ਅਜਿਹੇ ਬਾਦਸ਼ਾਹ ਦੇ ਸਮੇਂ ਗੁਰੂ ਜੀ ਦੇ ਵੈਰੀਆਂ ਵਿਰੋਧੀਆਂ ਨੂੰ ਆਪਣੇ ਮਲੀਨ ਮਨਾਂ ਦੇ ਗੁਬਾਰ ਕੱਢਣ ਦਾ ਮੌਕਾ ਮਿਲਣਾ ਬਹੁਤ ਸੌਖਾ ਸੀ । ਉਨ੍ਹਾਂ ਨੇ ਜਹਾਂਗੀਰ ਦੇ ਕੰਨ ਭਰਨੇ ਸ਼ੁਰੂ ਕਰ ਦਿੱਤੇ । ਅੱਗੋਂ ਉਹ ਸੀ ਕੰਨਾਂ ਦਾ ਕੱਚਾ ਅਤੇ ਮਜ਼੍ਹਬੀ ਈਰਖਾਲੂ । ਨਤੀਜਾ ਇਹ ਹੋਇਆ ਕਿ ਉਸ ਦਾ ਮਨ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਵਿਰੁੱਧ ਈਰਖਾ ਤੇ ਵੈਰ ਦੇ ਜ਼ਹਿਰ ਨਾਲ ਭਰ ਗਿਆ । ਉਹ ਮੰਨ ਬੈਠਾ ਕਿ ਗੁਰੂ ਜੀ ਇਸਲਾਮ ਨੂੰ ਢਾਹ ਲਾਈ ਜਾ ਰਹੇ ਹਨ । ਉਸ ਨੇ ਪੱਕਾ ਇਰਾਦਾ ਕਰ ਲਿਆ ਕਿ ਜਾਂ ਤਾਂ ਉਨ੍ਹਾਂ ਨੂੰ ਮੁਸਲਮਾਨ ਬਣਾਇਆ ਜਾਵੇ ਤੇ ਇਸਲਾਮ ਦਾ ਵਾਧਾ ਕੀਤਾ ਜਾਵੇ ਜਾਂ ਉਨ੍ਹਾਂ ਨੂੰ ਸ਼ਹੀਦ ਕੀਤਾ ਜਾਵੇ ਅਤੇ ਇਸਲਾਮ ਨੂੰ ਲੱਗੀ ਇਸ ਢਾਹ ਨੂੰ ਥੰਮ੍ਹਿਆ ਤੇ ਬੰਦ ਕੀਤਾ ਜਾਵੇ।

ਇਸ ਇਰਾਦੇ ਦਾ ਬਿਆਨ ਉਸ ਨੇ ਆਪਣੀ ਹੱਥੀਂ ਆਪਣੀ ਸ੍ਵੈਜੀਵਨੀ (ਤੋਜ਼ਕਿ ਜਹਾਂਗੀਰੀ) ਵਿੱਚ ਗੁਰੂ ਜੀ ਦੀ ਸ਼ਹੀਦੀ ਤੋਂ ਛੇ ਦਿਨ ਮਗਰੋਂ ੬ ਜੂਨ ਸੰਨ ੧੬੦੬ ਨੂੰ ਇਉਂ ਕੀਤਾ ਹੈ :

'ਗੋਇੰਦਵਾਲ ਵਿੱਚ, ਜੋ ਕਿ ਦਰਿਆ ਬਿਆਸ ਦੇ ਕੰਢੇ 'ਤੇ ਵਾਕਿਆ ਹੈ, ਪੀਰਾਂ ਫਕੀਰਾਂ ਦੇ ਭੇਸ ਵਿੱਚ (ਗੁਰੂ) ਅਰਜਨ ਨਾਂ ਦਾ ਇਕ ਹਿੰਦੂ ਸੀ ।* ਉਸ ਨੇ ਬਹੁਤ ਸਾਰੇ ਭੋਲੇ-ਭਾਲੇ ਹਿੰਦੂਆਂ ਨੂੰ

*ਇਹ ਗੱਲ ਇਤਿਹਾਸਕ ਤੌਰ 'ਤੇ ਗਲਤ ਹੈ । ਗੋਇੰਦਵਾਲ ਵਿੱਚ ਤਾਂ ਤੀਜੇ ਗੁਰੂ ਸਾਹਿਬ ਹੀ ਰਹੇ ਸਨ । ਉਨ੍ਹਾਂ ਦੇ ਜੋਤੀ ਜੋਤਿ ਸਮਾਉਣ ਮਗਰੋਂ ਚੌਥੇ ਗੁਰੂ ਜੀ ਪਰਵਾਰ ਸਮੇਤ ਗੁਰੂ ਕੇ ਚੱਕ (ਅੰਮ੍ਰਿਤਸਰ) ਜਾ ਟਿਕੇ ਸਨ। ਆਪਣੀ ਸੱਚ-ਖੰਡ ਵਾਪਸੀ ਦੇ ਸਮੇਂ ਉਹ ਗੋਂਦਵਾਲ ਜ਼ਰੂਰ ਆਏ ਸਨ ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਗੁਰਿਆਈ ਦਾ ਤਿਲਕ ਵੀ ਓਥੋਂ ਹੀ ਲੱਗਾ ਸੀ । ਪਰ ਫੇਰ ਉਹ ਗੁਰੂ ਕੇ ਚੱਕ ਵਾਪਸ ਚਲੇ ਗਏ ਸਨ । ਜਹਾਂਗੀਰ ਦਾ ਇਹ ਬਿਆਨ ਦੱਸਦਾ ਹੈ ਕਿ ਉਸ ਨੂੰ ਤਾਂ ਇਹ ਵੀ ਪਤਾ ਨਹੀਂ ਸੀ ਕਿ ਗੁਰੂ ਜੀ ਰਹਿੰਦੇ ਕਿੱਥੇ ਸਨ । ਉਹ ਸੁਣੀਆਂ ਸੁਣਾਈਆਂ ਗੱਲਾਂ ਨੂੰ, ਪੁੱਛ-ਪੜਤਾਲ ਕੀਤੇ ਬਿਨਾਂ ਸੱਚੀਆਂ ਮੰਨ ਕੇ ਫੈਸਲੇ ਕਰ ਚੁੱਕਿਆ ਹੋਇਆ ਸੀ।

ਨਹੀਂ, ਸਗੋਂ ਕਈ ਬੇਸਮਝ ਤੇ ਮੂਰਖ ਮੁਸਲਮਾਨਾਂ ਨੂੰ ਵੀ, ਆਪਣੇ ਢੰਗ ਤਰੀਕਿਆਂ ਤੇ ਉਪਦੇਸ਼ਾਂ ਦਾ ਸਿਦਕੀ ਬਣਾ ਕੇ, ਆਪਣੀ ਪੀਰੀ (ਵਡਿਆਈ) ਅਤੇ ਰੱਬ ਨਾਲ ਨਜ਼ਦੀਕੀ ਦਾ (ਜਾਂ ਪੀਰ ਤੇ ਵਲੀ ਹੋਣ ਦਾ) ਢੋਲ ਬਹੁਤ ਉੱਚਾ ਵਜਾਇਆ ਹੋਇਆ ਸੀ। ਲੋਕ ਉਸ ਨੂੰ ਗੁਰੂ ਆਖਦੇ ਸਨ ਅਤੇ ਸਾਰਿਆਂ ਪਾਸਿਆਂ ਤੋਂ ਮੂਰਖ ਅਤੇ ਮੂਰਖਾਂ ਦੇ ਪੁਜਾਰੀ ਲੋਕ ਉਸ ਦੇ ਉਦਾਲੇ ਆ ਜੁੜਦੇ ਸਨ ਅਤੇ ਉਸ ਉਪਰ ਪੂਰਾ ਭਰੋਸਾ ਪ੍ਰਗਟ ਕਰਦੇ ਸਨ। ਤਿੰਨਾਂ ਚਹੁੰ ਪੀੜ੍ਹੀਆਂ ਤੋਂ ਉਨ੍ਹਾਂ ਨੇ ਇਹ ਦੁਕਾਨ ਗਰਮ ਕਰ ਰੱਖੀ ਹੋਈ ਸੀ। ਮੁੱਦਤਾਂ ਤੋਂ ਮੇਰੇ ਦਿਲ ਵਿੱਚ ਖਿਆਲ ਆਇਆ ਕਰਦਾ ਸੀ, ਕਿ ਜਾਂ ਤਾਂ ਇਸ ਝੂਠ ਦੀ ਦੁਕਾਨ ਨੂੰ ਬੰਦ ਕਰਨਾ ਚਾਹੀਦਾ ਹੈ ਅਤੇ ਜਾਂ ਉਸ ਨੂੰ ਮੁਸਲਮਾਨਾਂ ਦੇ ਮੱਤ ਵਿੱਚ ਲਿਆਉਣਾ ਚਾਹੀਦਾ ਹੈ।'

ਜਦੋਂ ਗੁਰੂ ਜੀ ਦੇ ਤੇ ਸਿੱਖ-ਧਰਮ ਦੇ ਵੈਰੀ ਵਿਰੋਧੀ ਜਹਾਂਗੀਰ ਦੇ ਮਨ ਵਿੱਚ ਅਜਿਹੇ ਈਰਖਾ ਵਾਲੇ ਖਿਆਲ ਤੇ ਅੱਤ ਕਰ ਘੱਤਣ ਦੇ ਇਰਾਦੇ ਭਰਨ ਵਿੱਚ ਸਫਲ ਹੋ ਗਏ, ਤਾਂ ਉਨ੍ਹਾਂ ਲਈ ਬਾਕੀ ਕੰਮ ਬਹੁਤ ਸੌਖਾ ਹੋ ਗਿਆ। ਬੱਸ, ਜਹਾਂਗੀਰ ਨੂੰ ਕੋਈ ਅਜਿਹਾ ਬਹਾਨਾ ਹੀ ਬਣਾ ਕੇ ਦੇਣ ਦੀ ਲੋੜ ਸੀ ਜਿਸ ਦੇ ਅਧਾਰ 'ਤੇ ਉਹ ਗੁਰੂ ਜੀ ਨੂੰ ਹੱਥ ਪਾ ਸਕਦਾ। ਅਜਿਹਾ ਮੌਕਿਆ ਜਹਾਂਗੀਰ ਵਿਰੁੱਧ ਉਸ ਦੇ ਆਪਣੇ ਪੁੱਤ ਖੁਸਰੋ ਦੀ ਬਗਾਵਤ ਨੇ ਦੇ ਦਿੱਤਾ।

ਖੁਸਰੋ ਆਗਰੇ ਤੋਂ ਪੰਜਾਬ ਵੱਲ ਨੂੰ ਆਇਆ। ਉਸ ਦਾ ਪਿੱਛਾ ਕਰਦਾ-ਕਰਦਾ ਜਹਾਂਗੀਰ ਸੁਲਤਾਨਪੁਰ, ਗੋਂਦਵਾਲ, ਤਰਨ-ਤਾਰਨ ਹੁੰਦਾ ਹੋਇਆ ਲਾਹੌਰ ਪੁੱਜਾ। ਰਾਹ ਵਿੱਚ ਉਹ ਹਰ ਥਾਂ ਉਨ੍ਹਾਂ ਲੋਕਾਂ ਦਾ ਪਤਾ ਕਰਦਾ ਤੇ ਉਨ੍ਹਾਂ ਨੂੰ ਸਜ਼ਾਈਂ ਦੇਂਦਾ ਆਇਆ ਜਿਨ੍ਹਾਂ ਨੇ ਖੁਸਰੋ ਨਾਲ ਕਿਸੇ ਪ੍ਰਕਾਰ ਦੀ ਹਮਦਰਦੀ ਪ੍ਰਗਟ ਕੀਤੀ ਸੀ ਜਾਂ ਸਹਾਇਤਾ ਦਿੱਤੀ ਸੀ, ਜਿਹਾ ਕਿ ਸ਼ੇਖ ਨਜ਼ਾਮ ਥਾਨੇਸਰੀ ਨੇ ਖੁਸਰੋ ਦੇ ਹੱਕ ਵਿੱਚ ਅਰਦਾਸ ਕੀਤੀ ਸੀ। ਇਸ ਗੱਲ ਦਾ ਪਤਾ ਜਹਾਂਗੀਰ ਨੂੰ ਥਾਨੇਸਰ ਵਿੱਚ ਹੀ ਲੱਗ ਗਿਆ



ਸੀ। ਉਸ ਬਾਬਤ ਉਹ ਆਪ ਲਿਖਦਾ ਹੈ— 'ਮੈਂ ਖਵਾਜ਼ੇ ਨੂੰ ਸਫਰ ਖਰਚ ਦੇ ਕੇ ਮੱਕੇ ਨੂੰ ਤੌਰ ਦਿੱਤਾ।' ਹੋਰਨਾਂ ਨਾਲ ਬੜਾ ਕਰੜਾ ਸਲੂਕ ਹੁੰਦਾ ਰਿਹਾ।

ਗੋਂਦਵਾਲ ਤੇ ਤਰਨ ਤਾਰਨ ਹੁੰਦਾ ਹੋਇਆ, ਜਹਾਂਗੀਰ ਲਾਹੌਰ ਪੁੱਜਾ। ਇਕ ਇਤਿਹਾਸਕਾਰ ਦੇ ਕਥਨ ਮੁਜਬ ਗੁਰੂ ਜੀ ਉਨ੍ਹੀਂ ਦਿਨੀਂ ਤਰਨ ਤਾਰਨ ਸਨ। ਨਾ ਇਨ੍ਹੀਂ ਥਾਈਂ ਅਤੇ ਨਾ ਹੀ ਰਾਹ ਵਿੱਚ ਹੋਰ ਕਿਸੇ ਥਾਂ ਇਹ ਰਿਪੋਟ ਜਾਂ ਭਿਣਕ ਤੀਕ ਵੀ ਮਿਲੀ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਖੁਸਰੋ ਨਾਲ ਕਿਸੇ ਪ੍ਰਕਾਰ ਦੀ ਹਮਦਰਦੀ ਪ੍ਰਗਟ ਕੀਤੀ, ਜਾਂ ਉਹ ਉਨ੍ਹਾਂ ਨੂੰ ਮਿਲਿਆ ਵੀ। ਜੇ ਕਿਤੇ ਖੁਸਰੋ ਗੁਰੂ ਜੀ ਨੂੰ ਠੀਕ ਹੀ ਮਿਲਿਆ ਹੁੰਦਾ ਤੇ ਗੁਰੂ ਜੀ ਨੇ ਉਸ ਨਾਲ ਕਿਸੇ ਸ਼ਕਲ ਵਿੱਚ ਹਮਦਰਦੀ ਪ੍ਰਗਟ ਕੀਤੀ ਹੁੰਦੀ, ਜਾਂ ਉਸ ਨੂੰ ਕਿਸੇ ਤਰ੍ਹਾਂ ਦੀ ਸਹਾਇਤਾ ਦਿੱਤੀ ਹੁੰਦੀ, ਤਾਂ ਗੁਰੂ ਜੀ ਦੇ ਕੱਟੜ ਵੈਰੀ ਕਦੋਂ ਫਰਕ ਕਰਦੇ? ਉਹ ਸਗੋਂ ਕੱਛਾਂ ਮਾਰਦੇ, ਗੋਂਦਵਾਲ ਜਾਂ ਤਰਨ ਤਾਰਨ ਹੀ ਉਸ ਪਾਸ ਪਹੁੰਚਦੇ ਅਤੇ ਗੁਰੂ ਜੀ ਵਿਰੁੱਧ ਰਿਪੋਟ ਕਰ ਕੇ ਆਪਣੇ ਈਰਖਾ ਨਾਲ ਸੜ ਰਹੇ ਦਿਲਾਂ ਨੂੰ ਠੰਢਾ ਕਰਦੇ। ਨਾਲੇ ਥਾਂ-ਥਾਂ ਹਕੂਮਤ ਦੇ ਪੱਖੀ 'ਵਫ਼ਾਦਾਰ' ਓਹੋ ਜਿਹੇ ਬੰਦੇ ਵੀ ਸਨ ਜਿਹੋ ਜਿਹਿਆਂ ਨੇ ਬਾਦਸ਼ਾਹ ਨੂੰ ਸ਼ੇਖ ਨਜ਼ਾਮ ਦੀਨ ਆਦਿ ਵਰਗੇ ਖੁਸਰੋ ਦੇ ਹਮਦਰਦੀਆਂ ਦੀ ਰਿਪੋਟ ਦਿੱਤੀ ਸੀ। ਜੇ ਕੋਈ ਅਜਿਹੀ ਗੱਲ ਹੁੰਦੀ ਤਾਂ ਉਹ ਭਲਾ ਗੁਰੂ ਜੀ ਦਾ ਕਦ ਲਿਹਾਜ਼ ਕਰਦੇ? ਉਹ ਵੀ ਜ਼ਰੂਰ ਹੀ ਗੁਰੂ ਜੀ ਦੀ ਖੁਸਰੋ ਨਾਲ ਕੀਤੀ ਮੁਲਾਕਾਤ ਤੇ ਹਮਦਰਦੀ ਦੀ ਰਿਪੋਟ ਬਾਦਸ਼ਾਹ ਨੂੰ ਦੇਂਦੇ। ਉਨ੍ਹਾਂ ਦਾ ਉਸ ਸਮੇਂ ਜਾਂ ਉਨ੍ਹਾਂ ਤਾਈਂ ਅਜਿਹਾ ਨਾ ਕਰਨਾ ਹੀ ਦੱਸਦਾ ਹੈ ਕਿ ਅੱਵਲ ਤਾਂ ਖੁਸਰੋ ਗੁਰੂ ਸਾਹਿਬ ਨੂੰ ਮਿਲਿਆ ਹੀ ਨਹੀਂ ਸੀ ਤੇ ਜੇ ਤਰਨ ਤਾਰਨ ਵਿੱਚ ਦੀ ਲੰਘਦਾ ਹੋਇਆ ਉਹ ਉਨ੍ਹਾਂ ਰੱਬ ਦੇ ਪਿਆਰੇ ਮਹਾਂਪੁਰਸ਼ਾਂ ਦੇ 'ਦਰਬਾਰ' ਹਾਜ਼ਰ ਵੀ ਹੋ ਗਿਆ ਹੋਵੇਗਾ, ਤਾਂ ਇਹ ਕੋਈ ਉਚੇਚੀ ਜਾਂ ਅਨੋਖੀ ਗੱਲ ਨਹੀਂ ਸੀ ਪਰ ਜੇ ਕਿਤੇ

ਉਹ ਕੇਵਲ ਮਿਲਿਆ ਹੀ ਹੁੰਦਾ, ਤਾਂ ਵੀ ਗੁਰੂ-ਘਰ ਦੇ ਦੋਖੀਆਂ ਨੇ ਖੰਭਾਂ ਦੀਆਂ ਡਾਰਾਂ ਬਣਾ ਘੱਤਣੀਆਂ ਸਨ।

ਪਰ ਉਨ੍ਹਾਂ ਨੇ ਇਨ੍ਹੀਂ ਥਾਈਂ ਕਿਤੇ ਵੀ ਜਹਾਂਗੀਰ ਨੂੰ ਖੁਸਰੋ ਦੀ ਗੁਰੂ ਜੀ ਨਾਲ ਮੁਲਾਕਾਤ ਦੀ ਰਿਪੋਟ ਨਾ ਦਿੱਤੀ। ਕਾਰਨ ਇਹ ਸੀ ਕਿ ਉਨ੍ਹੀਂ ਥਾਈਂ ਮੌਕੇ ਉਤੇ ਪੁੱਛ-ਪੜਤਾਲ ਹੋ ਕੇ ਸੱਚ-ਝੂਠ ਦਾ ਨਿਰਨਾ ਝਟ ਹੋ ਸਕਣਾ ਸੀ ਅਤੇ ਝੂਠੀਆਂ ਰਿਪੋਟਾਂ ਦੇਣ ਵਾਲਿਆਂ ਨੂੰ ਆਪਣੀਆਂ ਜਾਨਾਂ ਦੇ ਲਾਲੇ ਪੈ ਜਾਣੇ ਸਨ। ਜੇ ਗੱਲ ਸੱਚੀ ਹੁੰਦੀ, ਤਾਂ ਉਹ ਲੋਕ ਉਥੇ ਹੀ ਬਾਦਸ਼ਾਹ ਨੂੰ ਮਿਲਦੇ, ਉਹ ਮੌਕੇ 'ਤੇ ਤਫਤੀਸ਼ ਕਰਦਾ ਅਤੇ ਜੁਰਮ ਸਾਬਤ ਹੋਣ 'ਤੇ ਗੁਰੂ ਜੀ ਨੂੰ ਜਾਂ ਤਾਂ ਗ੍ਰਿਫਤਾਰ ਕਰ ਕੇ ਲਾਹੌਰ ਲੈ ਜਾਂਦਾ, ਜਾਂ ਓਥੇ ਹੀ ਸਜ਼ਾ ਦੇ ਜਾਂਦਾ। ਜੀਕੁਰ ਉਹ ਹਰ ਥਾਂ ਕਰਦਾ ਆਇਆ ਸੀ ਪਰ ਅਜਿਹਾ ਨਾ ਕੀਤਾ ਗਿਆ।

ਜਹਾਂਗੀਰ ਲਾਹੌਰ ਪੁੱਜਾ, ਖੁਸਰੋ ਤੇ ਉਸ ਦੇ ਸਾਥੀਆਂ ਨੂੰ ਝਨਾਂ ਦੇ ਕੰਢੇ ਤੋਂ ਫੜ ਕੇ ਲਾਹੌਰ ਲਿਆਂਦਾ ਗਿਆ ਤੇ ਸਭ ਨੂੰ ਸਜ਼ਾਈਂ ਦਿੱਤੀਆਂ ਗਈਆਂ। ਮਹੀਨਾ ਕੁ ਬੀਤ ਗਿਆ ਕਿਸੇ ਨੇ ਵੀ ਗੁਰੂ ਜੀ ਵਿਰੁੱਧ ਕੋਈ ਰਿਪੋਟ ਨਾ ਕੀਤੀ ਪਰ ਜਦੋਂ ਉਹ ਉਥੋਂ ਤੁਰਨ ਨੂੰ ਤਿਆਰ ਹੋਇਆ, ਤਾਂ ਗੁਰੂ ਜੀ ਦੇ ਦੋਖੀਆਂ ਵੈਰੀਆਂ ਨੇ ਗੋਂਦ ਬਣਾ ਕੇ ਝੂਠੀ ਕਹਾਣੀ ਘੜੀ, ਕਿ ਖੁਸਰੋ ਗੁਰੂ ਜੀ ਨੂੰ ਮਿਲਿਆ ਸੀ, ਉਨ੍ਹਾਂ ਨੇ ਉਸ ਦੀ ਸਹਾਇਤਾ ਕੀਤੀ ਸੀ, ਉਸ ਨੂੰ ਕੇਸਰ ਦਾ ਟਿੱਕਾ ਲਾਇਆ ਸੀ, ਆਦਿ। ਇਸ ਬਾਬਤ ਜਹਾਂਗੀਰ ਇਉਂ ਲਿਖਦਾ ਹੈ :

*'ਤਦੋਂ ਇਨ੍ਹੀਂ ਦਿਨੀਂ ਖੁਸਰੋ ਨੇ ਇਸ ਰਾਹ ਦਰਿਆ ਪਾਰ ਕੀਤਾ। ਇਸ ਮੂਰਖ ਆਦਮੀ (ਖੁਸਰੋ) ਨੇ ਇਰਾਦਾ ਕੀਤਾ ਕਿ ਉਸ (ਗੁਰੂ ਜੀ) ਦੀ ਸੇਵਾ (ਜਾਂ ਮੁਲਾਕਾਤ) ਪ੍ਰਾਪਤ ਕੀਤੀ ਜਾਵੇ। ਜਿਸ ਥਾਂ ਕਿ ਉਸ (ਗੁਰੂ ਜੀ) ਦਾ ਟਿਕਾਣਾ ਸੀ, ਓਥੇ ਹੀ ਖੁਸਰੋ ਨੇ ਉਤਾਰਾ ਕੀਤਾ, ਓਥੇ ਪਹੁੰਚ ਕੇ ਇਹ ਉਸ ਨੂੰ ਮਿਲਿਆ ਅਤੇ ਕੁਝ ਮਿਥੀਆਂ ਹੋਈਆਂ ਗੱਲਾਂ ਉਸ ਨੂੰ ਸੁਣਾਈਆਂ ਅਤੇ ਉਸ ਨੇ*



*ਕੇਸਰ ਨਾਲ ਇਕ ਉਂਗਲ ਇਸ ਦੇ ਮੱਥੇ ਉਤੇ ਲਾਈ, ਜਿਸ ਨੂੰ ਹਿੰਦੂ ਤਿਲਕ ਆਖਦੇ ਹਨ ਤੇ ਚੰਗਾ ਸ਼ਗਨ ਸਮਝਦੇ ਹਨ।'*

ਇਹ ਰਿਪੋਟ ਜਹਾਂਗੀਰ ਨੂੰ ਉਸ ਵੇਲੇ ਦਿੱਤੀ ਗਈ, ਜਦੋਂ ਉਹ ਲਾਹੌਰ ਤੋਂ ਤੁਰਨ ਨੂੰ ਤਿਆਰ ਹੋ ਚੁੱਕਿਆ ਸੀ। ਇਕ ਤਾਂ ਉਸ ਵੇਲੇ ਪੜਤਾਲ ਕਰ ਕੇ ਸੱਚ-ਝੂਠ ਦਾ ਨਿਰਣਾ ਉਂਜ ਹੀ ਔਖਾ ਸੀ, ਗੋਂਦਵਾਲ ਬੰਦੇ ਭੇਜ ਕੇ ਪੁੱਛ-ਪੜਤਾਲ ਕਰਨਾ ਜਾਂ ਓਥੋਂ ਉਗਾਹ ਮੰਗਾਉਣ ਵਿੱਚ ਚੋਖੀ ਦੇਰ ਲਗਣੀ ਸੀ। ਉਨ੍ਹੀਂ ਦਿਨੀਂ ਆਵਾਜਾਈ ਦੇ ਸਾਧਨ ਜੁ ਅਜਿਹੇ ਸਨ। ਉਹ ਏਨਾਂ ਚਿਰ ਹੋਰ ਲਾਹੌਰ ਠਹਿਰਨਾ ਨਹੀਂ ਸੀ ਚਾਹੁੰਦਾ। ਦੂਜੇ, ਉਹ ਤਾਂ ਅੱਗੇ ਹੀ ਗੁਰੂ ਜੀ ਦੇ ਵਿਰੁੱਧ ਚਿਰਾਂ ਤੋਂ ਸੋਚੀ ਮਿਥੀ ਕਾਰਵਾਈ ਕਰਨ ਦਾ ਬਹਾਨਾ ਭਾਲਦਾ ਸੀ। ਉਸ ਨੇ ਇਸ ਰਿਪੋਟ ਨੂੰ ਕਿਸੇ ਪ੍ਰਕਾਰ ਦੀ ਪੁੱਛ ਪੜਤਾਲ ਜਾਂ ਖੋਜ-ਵਿਚਾਰ ਕੀਤੇ ਬਿਨਾਂ ਇੰਨ-ਬਿੰਨ ਤੇ ਪੂਰੇ ਤੌਰ 'ਤੇ ਸੱਚੀਂ ਮੰਨ ਲਿਆ। ਜੇ ਉਸ ਦਾ ਮਨ ਪਹਿਲਾਂ ਹੀ ਗੁਰੂ ਜੀ ਦੇ ਵਿਰੁੱਧ ਨਾ ਬਣਿਆ ਹੁੰਦਾ, ਤਾਂ ਉਹ ਲਾਹੌਰ ਦਿੱਲੀ ਜਾਣ ਸਮੇਂ ਗੋਂਦਵਾਲ ਵਿੱਚ ਦੀ ਲੰਘਣ ਲੱਗਾ ਪੜਤਾਲ ਕਰ ਸਕਦਾ ਸੀ ਪਰ ਉਸ ਨੇ ਇਸ ਰਿਪੋਟ ਨੂੰ ਅੱਲਾ ਦੀ ਘੱਲੀ ਸਮਝ ਕੇ ਕਬੂਲਿਆ ਅਤੇ ਫਤਵਾ ਦੇ ਦਿੱਤਾ। ਉਹ ਲਿਖਦਾ ਹੈ, *'ਜਦੋਂ ਇਹ ਗੱਲ ਮੇਰੇ ਕੰਨੀਂ ਪਈ, ਤਾਂ ਮੈਂ ਤਾਂ ਅੱਗੇ ਹੀ ਉਸ ਦੇ ਝੂਠ ਤੇ ਕੁਫਰ ਨੂੰ ਚੰਗੀ ਤਰ੍ਹਾਂ ਜਾਣਦਾ ਸਾਂ, ਮੈਂ ਹੁਕਮ ਦਿੱਤਾ ਕਿ ਉਸ ਨੂੰ ਮੇਰੇ ਸਾਹਮਣੇ ਹਾਜ਼ਰ ਕੀਤਾ ਜਾਵੇ, ਉਸ ਦਾ ਘਰ-ਘਾਟ ਅਤੇ ਬੱਚੇ ਮੈਂ ਮੁਰਤਜ਼ਾ ਖਾਂ ਨੂੰ ਇਨਾਇਤ ਕਰ ਦਿੱਤੇ ਅਤੇ ਉਸ ਦੀ ਜਾਇਦਾਦ ਜ਼ਬਤ ਕਰ ਕੇ ਹੁਕਮ ਦਿੱਤਾ ਕਿ ਉਸ ਨੂੰ ਤਸੀਹੇ ਦੇ ਕੇ ਜਾਨੋਂ ਮਾਰ ਦਿੱਤਾ ਜਾਵੇ।'*

ਹੁਕਮ ਤਾਂ ਦਿੱਤਾ ਕਿ ਗੁਰੂ ਜੀ ਨੂੰ ਗ੍ਰਿਫ਼ਤਾਰ ਕਰ ਕੇ ਮੇਰੇ ਸਾਹਮਣੇ ਪੇਸ਼ ਕਰੋ, ਪਰ ਆਪ ਗੁਰੂ ਜੀ ਦੀ ਗ੍ਰਿਫ਼ਤਾਰੀ ਤੇ ਪੇਸ਼ੀ ਤੋਂ ਪਹਿਲਾਂ ਹੀ ਉਨ੍ਹਾਂ ਦਾ ਮਾਮਲਾ ਆਪਣੇ ਅਹਿਲਕਾਰਾਂ ਦੇ ਹਵਾਲੇ ਕਰ ਕੇ ਦਿੱਲੀ ਨੂੰ ਤੁਰਦਾ ਹੋਇਆ। ਗੁਰੂ ਜੀ ਨੂੰ ਅਸਹਿ

ਤੇ ਅਕਹਿ ਕਸ਼ਟ ਦੇ ਕੇ ਸ਼ਹੀਦ ਕਰਨ ਦਾ ਕੰਮ ਚੰਦੂ ਨਾਮੇ ਅਹਿਲਕਾਰ ਨੇ ਆਪਣੇ ਜ਼ੁੰਮੇ ਲੈ ਲਿਆ। ਉਸ ਨੂੰ ਗੁਰੂ ਜੀ ਨਾਲ ਚਿਰੋਕਾ ਵੈਰ ਸੀ। ਉਹ ਇਸ ਤਰ੍ਹਾਂ ਕਿ ਉਸ ਦੀ ਧੀ ਦਾ ਸਾਕ ਉਸ ਦੇ ਘਰ-ਪੁਰੋਹਿਤ ਨੇ ਗੁਰੂ ਜੀ ਦੇ ਸਾਹਿਬਜ਼ਾਦੇ ਸ੍ਰੀ ਹਰਿਗੋਬਿੰਦ ਜੀ ਨਾਲ ਕਰਨ ਦੀ ਸਲਾਹ ਦਿੱਤੀ ਸੀ, ਤਾਂ ਉਹ ਅੱਗੋਂ ਗੁੱਸੇ ਹੋ ਕੇ ਬੋਲਿਆ ਸੀ, *'ਤੂੰ ਚੁਬਾਰੇ ਦੀ ਇੱਟ ਮੋਰੀ ਨੂੰ ਲਾਉਣੀ ਚਾਹੁੰਦਾ ਹੈਂ।'* ਇਸ ਤਰ੍ਹਾਂ ਉਸ ਨੇ ਆਪਣੇ ਘਰਾਣੇ ਨੂੰ 'ਚੁਬਾਰਾ' ਤੇ ਗੁਰੂ ਜੀ ਦੇ ਘਰਾਣੇ ਨੂੰ 'ਮੋਰੀ' ਕਹਿ ਕੇ ਗੁਰੂ-ਘਰ ਦੀ ਸਖ਼ਤ ਬੇਅਦਬੀ ਕੀਤੀ। ਮਗਰੋਂ ਉਹ ਪੁਰੋਹਿਤ ਦੀ ਤਜਵੀਜ਼ ਮੰਨਣ ਨੂੰ ਤਿਆਰ ਹੋ ਪਿਆ। ਦਿੱਲੀ ਦੀ ਸੰਗਤ ਨੇ ਚੰਦੂ ਦੇ ਇਹ ਦੁਰਬਚਨ ਸੁਣੇ ਤੇ ਗੁਰੂ ਜੀ ਨੂੰ ਬੇਨਤੀ-ਪੱਤਰ ਭੇਜਿਆ ਕਿ ਚੰਦੂ ਦੀ ਧੀ ਦਾ ਸਾਕ ਨਾ ਲਿਆ ਜਾਵੇ। ਗੁਰੂ ਜੀ ਨੇ ਸੰਗਤ ਦੀ ਬੇਨਤੀ ਮੰਨ ਲਈ ਤੇ ਸਾਕ ਲੈਣੋਂ ਨਾਂਹ ਕਰ ਦਿੱਤੀ। ਚੰਦੂ ਲਾਹੌਰ ਦਾ ਵਸਨੀਕ ਸੀ ਤੇ ਦਿੱਲੀ ਦਰਬਾਰ ਵਿੱਚ ਅਹਿਲਕਾਰ ਸੀ। ਉਸ ਨੇ ਆਪਣਾ ਅਸਰ-ਰਸੂਖ ਵਰਤ ਕੇ ਗੁਰੂ ਜੀ ਨੂੰ ਆਪਣੇ ਹਵਾਲੇ ਕਰਾ ਲਿਆ।

ਇਹ ਵੀ ਕਿਹਾ ਜਾਂਦਾ ਹੈ ਕਿ ਚੰਦੂ ਨੇ ਇਕ ਲੱਖ ਰੁਪਿਆ ਦੇ ਕੇ ਗੁਰੂ ਜੀ ਨੂੰ ਆਪਣੇ ਕਬਜ਼ੇ ਵਿੱਚ ਲਿਆ ਸੀ। ਪਹਿਲਾਂ ਉਸ ਨੇ ਤਸੀਹੇ ਦੇ ਕੇ ਗੁਰੂ ਜੀ ਪਾਸੋਂ ਲੱਖ ਰੁਪਇਆ ਵਸੂਲ ਕਰਨ ਦਾ ਜਤਨ ਕੀਤਾ, ਪਰ ਅਸਫਲ ਰਿਹਾ।

ਗੱਲ ਕਿਵੇਂ ਵੀ ਹੋਵੇ, ਚੰਦੂ ਨੇ ਗੁਰੂ ਜੀ ਨੂੰ ਕਸ਼ਟ ਦੇਣੇ ਸ਼ੁਰੂ ਕੀਤੇ। ਅੱਤ ਦੀ ਗਰਮੀ ਦੀ ਰੁੱਤ ਸੀ। ਪਹਿਲੇ ਦਿਨ ਅੰਨ-ਪਾਣੀ ਕੁਝ ਨਾ ਦਿੱਤਾ ਅਤੇ ਨਾ ਹੀ ਉਨ੍ਹਾਂ ਨੂੰ ਸੌਣ ਦਿੱਤਾ ਪਰ ਨਾਮ ਦੇ ਆਸਰੇ ਜੀਉਣ ਵਾਲੇ ਗੁਰੂ ਜੀ ਕਰਤਾਰ ਦੇ ਧਿਆਨ ਵਿੱਚ ਮਗਨ ਰਹੇ। ਦੂਜੇ ਦਿਨ ਉਨ੍ਹਾਂ ਨੂੰ ਉਬਲਦੇ ਪਾਣੀ ਦੀ ਦੇਗ ਵਿੱਚ ਬਿਠਾਇਆ ਗਿਆ ਤੇ ਹੇਠਾਂ ਹੋਰ ਅੱਗ ਬਾਲੀ ਗਈ। ਫੇਰ ਉਬਲਦੇ ਪਾਣੀ ਨਾਲ ਹੋਰ ਵੀ ਕੋਮਲ ਹੋ ਚੁਕੇ ਆਪ ਦੇ ਕੋਮਲ



ਸਰੀਰ ਉਪਰ ਤੱਤੀ ਰੇਤ ਪਾਈ। ਤੀਜੇ ਦਿਨ ਆਪ ਜੀ ਨੂੰ ਤੱਤੀ ਲੋਹ 'ਤੇ ਬਿਠਾ ਕੇ ਹੇਠਾਂ ਅੱਗ ਬਲਦੀ ਰੱਖੀ ਗਈ ਤੇ ਉਪਰੋਂ ਤੱਤੀ ਭੱਖਦੀ ਰੇਤ ਸਰੀਰ 'ਤੇ ਪਾਈ ਗਈ। ਇਨ੍ਹਾਂ ਕਸ਼ਟਾਂ ਦੇ ਕਾਰਨ ਗੁਰੂ ਜੀ ਦਾ ਸਰੀਰ ਛਾਲੋ-ਛਾਲੀ ਹੋ ਕੇ ਅਤਿ ਨਿਰਬਲ ਹੋ ਗਿਆ। ਅੰਤ ਨੂੰ ਉਨ੍ਹਾਂ ਨੂੰ ਹੋਰ ਕਸ਼ਟ ਦੇਣ ਲਈ ਰਾਵੀ ਦੇ ਠੰਢੇ ਪਾਣੀ ਵਿੱਚ ਸੁਟਵਾ ਦਿੱਤਾ। ਉਨ੍ਹਾਂ ਦੇ ਸਰੀਰ ਵਿੱਚ ਹੋਰ ਕਸ਼ਟ ਸਹਾਰਣ ਦੀ ਅਤੇ ਭਰੇ ਦਰਿਆ ਦੇ ਰੋੜ੍ਹ ਦਾ ਟਾਕਰਾ ਕਰਨ ਦੀ ਸ਼ਕਤੀ ਨਹੀਂ ਸੀ ਰਹਿ ਗਈ। ਸਰੀਰ ਨੂੰ ਦਰਿਆ ਰੋੜ੍ਹ ਕੇ ਲੈ ਗਿਆ ਅਤੇ ਗੁਰੂ ਜੀ ਧਰਮ ਦੀ ਖ਼ਾਤਰ ਅਸਹਿ ਤੇ ਅਕਹਿ ਕਸ਼ਟ ਝੱਲ ਕੇ ਅਤੇ ਕਰਤਾਰ ਦਾ ਭਾਣਾ ਮਿੱਠਾ ਕਰ ਕੇ ਮੰਨਦੇ ਹੋਏ ਸ਼ਹੀਦ ਹੋ ਗਏ। ਇਹ ਸਾਕਾ ਜੇਠ ਸੁਦੀ ਚੌਥ (੧ ਹਾੜ) ਸੰਮਤ ੧੬੬੩, ਮੁਤਾਬਕ ੩੦ ਮਈ ਸੰਨ ੧੬੦੬ ਨੂੰ ਹੋਇਆ।

ਰਾਵੀ ਉਨੀਂ ਦਿਨੀਂ ਕਿਲ੍ਹੇ ਦੇ ਨਾਲ ਲੱਗਵੀਂ ਵਗਦੀ ਸੀ। ਜਿਸ ਥਾਂ ਗੁਰੂ ਜੀ ਦੀ ਦੇਹ ਨੂੰ ਦਰਿਆ ਵਿੱਚ ਸੁਟਿਆ ਗਿਆ, ਉਸ ਥਾਂ ਮਗਰੋਂ ਆਲੀਸ਼ਾਨ ਗੁਰਦੁਆਰਾ ਡੇਹਰਾ ਸਾਹਿਬ ਬਣਿਆ। ਉਥੇ ਹਰ ਸਾਲ ਜੇਠ ਸੁਦੀ ਚੌਥ ਨੂੰ ਬਹੁਤ ਭਾਰਾ ਜੋੜ-ਮੇਲਾ ਹੋਇਆ ਕਰਦਾ ਸੀ। ਉਹ ਗੁਰਦੁਆਰਾ ਹੁਣ ਪਾਕਿਸਤਾਨ ਵਿੱਚ ਹੈ ਤੇ ਬੰਦ ਪਿਆ ਹੈ।

ਬਾਦਸ਼ਾਹ ਵੱਲੋਂ ਸੱਦਾ ਪੁੱਜਣ 'ਤੇ ਗੁਰੂ ਜੀ ਜਾਣ ਗਏ ਸਨ ਕਿ ਸਾਡਾ ਜੋਤੀ-ਜੋਤਿ ਸਮਾਉਣ ਦਾ ਸਮਾਂ ਆ ਗਿਆ ਹੈ। ਇਸ ਕਰ ਕੇ ਲਾਹੌਰ ਵੱਲ ਤੁਰਨ ਲੱਗੇ ਆਪ ਆਗਿਆ ਕਰ ਗਏ ਸਨ ਕਿ ਸਾਡੇ ਜਾਣ ਮਗਰੋਂ ਸ੍ਰੀ ਹਰਿਗੋਬਿੰਦ ਸਾਹਿਬ ਨੂੰ ਗੁਰ-ਗੱਦੀ ਦੀ ਜ਼ਿੰਮੇਵਾਰੀ ਸੌਂਪ ਦਿੱਤੀ ਜਾਵੇ। ਇਹ ਰਸਮ ਜੇਠ ਵਦੀ ੧੪ (੨੮ ਜੇਠ) ਸੰਮਤ ੧੬੬੩ ਮੁਤਾਬਕ ੨੫ ਮਈ ਸੰਨ ੧੬੦੬ ਨੂੰ ਕੀਤੀ ਗਈ।

* * *

# ਸੈਂਚੀ ਛੇਵੀਂ

## ਮੀਰੀ ਪੀਰੀ ਦੇ ਮਾਲਕ

# ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ

(ਸੰਮਤ ੧੬੫੨-੧੭੦੧ ਸੰਨ ੧੫੯੫-੧੬੪੪)



## ਜਗਤ-ਫੇਰੀ ਦਾ ਸੰਖੇਪ

ਜਨਮ– ਹਾੜ ਵਦੀ ੭ (੨੧ ਹਾੜ), ਸੰਮਤ ੧੬੫੨, ਮੁਤਾਬਕ ੧੯ ਜੂਨ ਸੰਨ ੧੫੯੫ ।

ਜਨਮ ਅਸਥਾਨ–ਗੁਰੂ ਕੀ ਵਡਾਲੀ, ਤਹਿਸੀਲ ਤੇ ਜ਼ਿਲ੍ਹਾ ਅੰਮ੍ਰਿਤਸਰ।

ਮਾਤਾ-ਪਿਤਾ– ਪਿਤਾ : ਸ੍ਰੀ ਗੁਰੂ ਅਰਜਨ ਦੇਵ ਜੀ ।
ਮਾਤਾ : ਸ੍ਰੀ ਗੰਗਾ ਜੀ

ਵਿਆਹ– ੧)ਡੱਲਾ ਨਿਵਾਸੀ ਸ੍ਰੀ ਨਰਾਇਣ ਦਾਸ ਦੀ ਸਪੁੱਤਰੀ, ਸ੍ਰੀ (ਮਾਤਾ) ਦਮੋਦਰੀ ਜੀ ਨਾਲ ਸੰਮਤ ੧੬੬੧ ਵਿੱਚ।
੨) ਬਾਬੇ ਬਕਾਲੇ ਦੇ ਸ੍ਰੀ ਹਰੀ ਚੰਦ ਦੀ ਸਪੁੱਤਰੀ ਸ੍ਰੀ (ਮਾਤਾ) ਨਾਨਕੀ ਜੀ ਨਾਲ ਸੰਮਤ ੧੬੭੦ ਵਿੱਚ।
੩) ਮੰਡਿਆਲੀ ਦੇ ਸ੍ਰੀ ਦਇਆ ਰਾਮ ਦੀ ਸਪੁੱਤਰੀ ਸ੍ਰੀ ਮਾਤਾ ਮਹਾਦੇਵੀ (ਮਰਵਾਹੀ) ਜੀ ਨਾਲ ਸੰਮਤ ੧੬੭੨ ਵਿੱਚ ।

ਗੁਰਿਆਈ– ਸ੍ਰੀ ਅੰਮ੍ਰਿਤਸਰ, ਜੇਠ ਵਦੀ ੧੪ (੨੮ ਜੇਠ) ਸੰਮਤ ੧੬੬੩, ਮੁਤਾਬਕ ੨੫ ਮਈ, ਸੰਨ ੧੬੦੬ ।

ਸੰਤਾਨ– ਪੰਜ ਸਾਹਿਬਜ਼ਾਦੇ–੧) ਬਾਬਾ ਗੁਰਦਿੱਤਾ ਜੀ, ੨) ਸ੍ਰੀ ਸੂਰਜ ਮੱਲ ਜੀ, ੩) ਸ੍ਰੀ ਅਣੀ ਰਾਇ ਜੀ, ੪) ਬਾਬਾ ਅਟੱਲ ਰਾਇ ਜੀ ਤੇ ੫) ਸ੍ਰੀ ਗੁਰੂ ਤੇਗ ਬਹਾਦਰ ਜੀ। ਇਕ ਸਪੁੱਤਰੀ ਬੀਬੀ ਵੀਰੋ ਜੀ।

ਰਚਾਏ ਅਸਥਾਨ ਤੇ ਵਸਾਏ ਨੱਗਰ – ੧)ਲੋਹਗੜ੍ਹ, ੨) ਸ੍ਰੀ ਅਕਾਲ ਤਖ਼ਤ, ੩) ਡੇਰਾ ਸਾਹਿਬ ਲਾਹੌਰ, ੪) ਕੀਰਤਪੁਰ, ੫) ਮਹਿਰਾਜ (ਮਰਾਝ), ੬) ਕੌਲਸਰ, ੭) ਬਿਬੇਕਸਰ, ੮) ਸ੍ਰੀ ਹਰਿਗੋਬਿੰਦਪੁਰ, ੯) ਗੁਰੂਸਰ ।

ਵੱਡੇ ਜੰਗ– ੧) ਅੰਮ੍ਰਿਤਸਰ, ੨) ਸ੍ਰੀ ਹਰਿਗੋਬਿੰਦਪੁਰ, ੩) ਗੁਰੂਸਰ ਮਹਿਰਾਜ (ਮਰਾਝ), ੪) ਕਰਤਾਰਪੁਰ ।

ਜੋਤੀ ਜੋਤਿ ਸਮਾਏ–ਚੇਤ ਸੁਦੀ ੫ (੬ ਚੇਤ) ਸੰਮਤ ੧੭੦੧, ਮੁਤਾਬਕ ੩ ਮਾਰਚ ਸੰਨ ੧੬੪੪, ਕੀਰਤਪੁਰ ਜ਼ਿਲ੍ਹਾ ਹੁਸ਼ਿਆਰਪੁਰ ।

## ਕਾਂਡ ੧

# ਜਨਮ, ਬਾਲਪਨ ਤੇ ਸਿਖਲਾਈ

### (੧) ਜਨਮ

ਮੀਰੀ ਪੀਰੀ ਦੇ ਮਾਲਕ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਜਨਮ ਦੀ ਸਾਖੀ ਤੋਂ ਇਕ ਗੱਲ ਤਾਂ ਪਰਗਟ ਹੁੰਦੀ ਹੈ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਵਿੱਚ ਕਿੰਨੀ ਨਿਮਰਤਾ ਸੀ ਅਤੇ ਤਾਣ ਹੁੰਦੇ ਨਿਤਾਣੇ ਹੋਣ ਤੇ ਆਪਾ ਨਾ ਜਿਤਾਉਣ ਦੀ ਕਿੰਨੀ ਅਦਭੁਤ ਸਮਰੱਥਾ ਸੀ ਅਤੇ ਦੂਜੀ ਇਹ ਕਿ ਕਰਨੀ ਕਮਾਈ ਵਾਲੇ ਭਗਤਾਂ, ਗੁਰਸਿੱਖਾਂ ਦਾ ਬਚਨ ਆਪ ਕਰਤਾਰ ਵੀ ਨਹੀਂ ਮੋੜਦਾ।

ਸ੍ਰੀ ਗੁਰੂ ਅਰਜਨ ਦੇਵ ਜੀ ਦੀ ਉਮਰ ਤੀਹ ਸਾਲ ਤੋਂ ਵੱਧ ਹੋ ਚੁੱਕੀ ਸੀ ਅਤੇ ਉਨ੍ਹਾਂ ਦੇ ਵਿਆਹ ਹੋਏ ਨੂੰ ਪੰਦਰਾਂ ਵਰ੍ਹੇ ਤੋਂ ਵੱਧ ਸਮਾਂ ਗੁਜ਼ਰ ਚੁੱਕਿਆ ਸੀ, ਪਰ ਆਪ ਦੇ ਘਰ ਔਲਾਦ ਨਹੀਂ ਸੀ ਹੋਈ। ਉਨ੍ਹਾਂ ਦੇ ਵੱਡੇ ਭਰਾ ਪਿਰਥੀਏ ਦਾ ਇਕ ਪੁੱਤਰ ਸੀ ਜਿਸ ਦਾ ਨਾਂ 'ਮਿਹਰਬਾਨ' ਸੀ। ਅੱਗੇ ਦੱਸਿਆ ਗਿਆ ਹੈ ਕਿ ਪਿਰਥੀਆ ਗੁਰੂ ਜੀ ਤੇ ਗੁਰੂ-ਘਰ ਦਾ ਕੱਟੜ ਵੈਰੀ ਤੇ ਈਰਖਾਲੂ ਸੀ ਪਰ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਨਿਰਵੈਰਤਾ ਤੇ ਆਤਮਿਕਤ ਉੱਚਤਾ ਵੇਖੋ ਕਿ ਆਪ ਮਿਹਰਬਾਨ ਨੂੰ ਪੁੱਤਰ ਵਾਂਗ ਜਾਣਦੇ ਤੇ ਪਾਲਦੇ ਸਨ। ਪ੍ਰਿਥੀ ਚੰਦ ਤੇ ਉਸ ਦੀ ਵਹੁਟੀ ਕਰਮੋਂ ਸਮਝੀ ਬੈਠੀ ਸੀ ਕਿ ਗੁਰੂ ਜੀ ਦੇ ਘਰ ਕੋਈ ਪੁੱਤ ਨਹੀਂ, ਇਸ ਕਰ ਕੇ ਇਨ੍ਹਾਂ ਮਗਰੋਂ ਗੁਰ-ਗੱਦੀ ਸਾਡੇ ਪੁੱਤਰ ਮਿਹਰਬਾਨ ਨੂੰ ਹੀ ਮਿਲੇਗੀ। ਇਕ ਦਿਨ ਪਿਰਥੀਏ ਦੀ ਵਹੁਟੀ ਨੇ ਸ੍ਰੀ ਮਾਤਾ ਗੰਗਾ ਜੀ ਨੂੰ ਮਿਹਣਾ ਮਾਰਿਆ ਕਿ ਕੀ ਹੋਇਆ ਜੇ ਧੱਕੇ, ਚਲਾਕੀ ਨਾਲ ਗੁਰ-ਗੱਦੀ ਸੰਭਾਲ ਲਈ ਜੇ, ਇਹ ਆਉਣੀ ਤਾਂ ਅੰਤ ਨੂੰ ਸਾਡੇ ਘਰ ਹੈ ਨਾ, ਤੁਹਾਡੇ ਪਤੀ ਮਗਰੋਂ ਗੁਰਿਆਈ ਦਾ ਹੱਕਦਾਰ



ਸਾਡਾ ਪੁੱਤ ਮਿਹਰਬਾਨ ਹੀ ਹੈ ਨਾ।

ਸ੍ਰੀ ਮਾਤਾ ਗੰਗਾ ਜੀ ਨੂੰ ਇਸ ਗੱਲ ਦਾ ਬੜਾ ਦੁੱਖ ਹੋਇਆ। ਉਨ੍ਹਾਂ ਨੇ ਸਾਰੀ ਗੱਲ ਗੁਰੂ ਜੀ ਨੂੰ ਦੱਸੀ। ਅੱਗੋਂ ਗੁਰੂ ਜੀ ਨੇ ਉਨ੍ਹਾਂ ਨੂੰ ਸਮਝਾਇਆ : *'ਸ਼ਰੀਕਾਂ ਦੇ ਮਿਹਣਿਆਂ ਦੀ ਪ੍ਰਵਾਹ ਨਾ ਕਰਦੇ ਹੋਏ ਕਰਤਾਰ ਦਾ ਨਾਂ ਜਪੀ ਚਲੋ, ਉਹ ਸਭ ਇੱਛਿਆ ਪੂਰੀ ਕਰ ਸਕਦਾ ਹੈ, ਉਸ ਦੇ ਘਰ ਕਿਸੇ ਗੱਲ ਜਾਂ ਸ਼ੈ ਦਾ ਘਾਟਾ ਨਹੀਂ। ਜੇ ਤੁਹਾਡੀ ਜਠਾਣੀ ਈਰਖਾ ਤੇ ਹੰਕਾਰ ਵਿੱਚ ਆ ਕੇ ਮੰਦੇ ਬਚਨ ਬੋਲਦੀ ਹੈ, ਤਾਂ ਤੁਸੀਂ ਸੁਣੀ ਅਣਸੁਣੀ ਕਰ ਛੱਡੋ। ਸ਼ੇਖ ਫਰੀਦ ਦਾ ਕਥਨ ਚੇਤੇ ਜੇ ਨਾ ਭਈ, 'ਫਰੀਦਾ ਬੁਰੇ ਦਾ ਭਲਾ ਕਰ ਗੁਸਾ ਮਨਿ ਨ ਹੰਢਾਇ।'*

ਮਾਤਾ ਜੀ ਨੇ ਕਿਹਾ : 'ਆਪ ਦਾ ਬਚਨ ਸੱਤ ਹੈ। ਮੇਰੇ ਮਨ ਵਿੱਚ ਈਰਖਾ ਜਾਂ ਹੰਕਾਰ ਕੋਈ ਨਹੀਂ ਪਰ ਮੇਰੀ ਇਹ ਤੀਬਰ ਇੱਛਾ ਹੈ ਕਿ ਮੇਰੇ ਘਰ ਪੁੱਤ ਜੰਮੇ, ਮੈਂ ਔਂਤਰੀ ਨਾ ਅਖਵਾਵਾਂ। ਆਪ ਸੰਸਾਰ ਨੂੰ ਬਖ਼ਸ਼ਸ਼ਾਂ ਕਰਦੇ ਅਤੇ ਸਭ ਦੀਆਂ ਮੁਰਾਦਾਂ ਪੂਰੀਆਂ ਕਰਦੇ ਹੋ। ਮੈਨੂੰ (ਆਪ ਜੀ ਦੀ ਸੇਵਕ ਨੂੰ) ਵੀ ਇਕ ਪੁੱਤ ਦੀ ਦਾਤ ਬਖਸ਼ ਛੱਡੋ।'

ਗੁਰੂ ਜੀ ਨੇ ਉੱਤਰ ਦਿੱਤਾ : 'ਜੇ ਤੁਹਾਡੀ ਏਹੀ ਇੱਛਿਆ ਹੈ ਤਾਂ ਤੁਸੀਂ ਇਉਂ ਕਰੋ : ਬਾਬਾ ਬੁੱਢਾ ਜੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪੁਰਾਤਨ ਤੇ ਪੁੱਜੇ ਹੋਏ ਸਿੱਖ ਹਨ। ਉਹ ਬੜੀ ਕਰਨੀ ਵਾਲੇ ਮਹਾਂਪੁਰਖ ਹਨ। ਅਜਿਹੇ ਭਗਤਾਂ ਦਾ ਆਖਿਆ ਕਰਤਾਰ ਕਦੇ ਨਹੀਂ ਮੋੜਦਾ, ਜੇ ਉਹ ਵਰ ਦੇਣ, ਤਾਂ ਤੁਹਾਡੀ ਮੁਰਾਦ ਜ਼ਰੂਰ ਪੂਰੀ ਹੋ ਜਾਵੇਗੀ। ਉਹ ਗੁਰੂ ਕੀ ਬੀੜ ਵਿੱਚ ਰਹਿੰਦੇ ਹਨ ਉਥੇ ਗੁਰੂ-ਘਰ ਦੀ ਸੇਵਾ ਤੇ ਰੱਬ ਦੀ ਭਗਤੀ ਕਰਦੇ ਹਨ। ਪਰਸ਼ਾਦਾ ਉਨ੍ਹਾਂ ਨੂੰ ਲੰਗਰੋਂ ਜਾਂਦਾ ਹੈ। ਤੁਸੀਂ ਉਨ੍ਹਾਂ ਦੀ ਸੇਵਾ ਕਰੋ, ਉਨ੍ਹਾਂ ਨੂੰ ਪਰਸ਼ਾਦ ਛਕਾਓ, ਉਹ ਪ੍ਰਸੰਨ ਹੋ ਕੇ ਬਖਸ਼ਸ਼ ਕਰਨਗੇ।'

ਸ੍ਰੀ ਮਾਤਾ ਗੰਗਾ ਜੀ ਨੇ ਚੰਗੇ ਭੋਜਨ ਤਿਆਰ ਕਰਵਾਏ।

ਇਕ ਦਾਸੀ ਨੂੰ ਨਾਲ ਲੈ ਕੇ ਅਤੇ ਰੱਥ ਵਿੱਚ ਬਹਿ ਕੇ ਉਹ ਬੀੜ ਵਿੱਚ ਜਾ ਪੁੱਜੇ । ਬਾਬਾ ਬੁੱਢਾ ਜੀ ਵੀ ਪ੍ਰਸ਼ਾਦ ਦੀ ਉਡੀਕ ਕਰ ਰਹੇ ਸਨ ਤੇ ਕਦੇ-ਕਦੇ ਅੰਮ੍ਰਿਤਸਰ ਵੱਲ ਤੱਕ ਲੈਂਦੇ ਸਨ, ਰੱਥ ਦੇ ਪਹੀਆਂ ਦੀ ਉਡਾਈ ਧੂੜ ਵੇਖ ਕੇ ਉਨ੍ਹਾਂ ਨੇ ਇਕ ਸੇਵਕ ਤੋਂ ਪੁੱਛਿਆ ਕਿ ਕੌਣ ਆ ਰਿਹਾ ਹੈ ? ਸੇਵਕ ਨੇ ਪਤਾ ਕਰ ਕੇ ਕਿਹਾ ਕਿ ਗੁਰੂ ਜੀ ਦੇ ਮਹਿਲ ਆ ਰਹੇ ਹਨ । ਬਾਬਾ ਜੀ ਕਹਿਣ ਲੱਗੇ, 'ਹੱਛਾ ! ਉਨ੍ਹਾਂ ਨੂੰ ਕੀ ਭਾਜੜ ਪੈ ਗਈ ?'

ਇੰਨੇ ਨੂੰ ਦਾਸੀ ਸਮੇਤ ਮਾਤਾ ਗੰਗਾ ਜੀ ਪਹੁੰਚ ਗਏ । ਬਾਬਾ ਜੀ ਨੇ ਪ੍ਰਸ਼ਾਦ ਛਕ ਤਾਂ ਲਿਆ, ਪਰ ਖਾਸ ਪ੍ਰਸੰਨ ਨਾ ਹੋਏ । ਕਹਿਣ ਲੱਗੇ : 'ਮੈਂ ਅਜਿਹੇ ਪਦਾਰਥਾਂ ਦੇ ਯੋਗ ਨਹੀਂ । ਮੈਂ ਤਾਂ ਰੁੱਖੀ-ਮਿੱਸੀ ਖਾਣ ਵਾਲਾ ਹਾਂ ।' ਦਾਸੀ ਨੇ ਮਾਤਾ ਜੀ ਦੇ ਆਉਣ ਦਾ ਮਨੋਰਥ ਦੱਸਿਆ । ਤਾਂ ਬਾਬਾ ਜੀ ਕਹਿਣ ਲੱਗੇ : *'ਮਾਤਾ ਜੀ ! ਮੈਂ ਤਾਂ ਤੁਹਾਡੇ ਘਰ ਦਾ ਘਾਹੀ ਤੇ ਸੇਵਕ ਹਾਂ । ਜੇ ਮੇਰੇ ਵਿੱਚ ਅਜੇਹੀਆਂ ਤਾਕਤਾਂ ਹੋਣ ਤਾਂ ਮੈਂ ਘਾਹ ਕਾਹਨੂੰ ਖੋਦਾਂ ਤੇ ਤਬੇਲੇ ਕਾਹਨੂੰ ਹੂੰਝਾਂ ? ਅਜਿਹੇ ਵਰ ਦੇਣ ਦੀ ਸਮਰੱਥਾ ਗੁਰੂ ਜੀ ਵਿੱਚ ਹੈ । ਉਹ ਸਭ ਸ਼ਕਤੀਆਂ ਦੇ ਮਾਲਕ ਹਨ । ਆਪ ਉਨ੍ਹਾਂ ਅੱਗੇ ਬੇਨਤੀ ਕਰੋ ।'*

ਮਾਤਾ ਜੀ ਨਿਰਾਸ ਹੋ ਕੇ ਮੁੜ ਪਏ । ਉਨ੍ਹਾਂ ਨੂੰ ਧੂੜ ਉਡਦੀ ਵੇਖ ਕੇ ਕੀਤੇ, ਬਾਬਾ ਜੀ ਦੇ ਬਚਨ ਦਾ ਵੀ ਪਤਾ ਲੱਗਾ । ਉਹ ਵਧੇਰੇ ਉਦਾਸ ਹੋਏ ਕਿ ਵਰ ਦੀ ਥਾਂ ਸਰਾਪ ਮਿਲ ਗਿਆ । ਸ਼ਾਮੀ ਉਨ੍ਹਾਂ ਨੇ ਸਾਰੀ ਹੋਈ-ਬੀਤੀ, ਗੁਰੂ ਜੀ ਨੂੰ ਦੱਸੀ । ਗੁਰੂ ਜੀ ਨੇ ਅੱਗੋਂ ਕਿਹਾ, *'ਰੱਬ ਦੇ ਪਿਆਰੇ ਵਿਖਾਵੇ ਅਡੰਬਰ ਨਾਲ ਪ੍ਰਸੰਨ ਨਹੀਂ ਹੁੰਦੇ ! ਮਹਾਂਪੁਰਖਾਂ ਦੀ ਸੇਵਾ ਨਿਮਾਣੇ ਹੋ ਕੇ ਕਰੀਦੀ ਹੈ । ਉਨ੍ਹਾਂ ਦੇ ਸਾਹਮਣੇ ਵੱਡੇ ਬਣ ਕੇ ਨਹੀਂ ਜਾਈਦਾ । ਬਾਬਾ ਬੁੱਢਾ ਜੀ ਨੂੰ ਪ੍ਰਸੰਨ ਕਰਨ ਦਾ ਢੰਗ ਮੈਂ ਤੁਹਾਨੂੰ ਦੱਸਦਾ ਹਾਂ । ਪੂਰਨ ਸ਼ਰਧਾ ਪ੍ਰੇਮ ਨਾਲ ਆਪਣੀ ਹੱਥੀਂ ਆਟਾ ਵੇਸਣ ਪੀਹੋ ਤੇ ਗੁੰਨ੍ਹੋ ਅਤੇ*



*ਮਿੱਸੀਆਂ ਰੋਟੀਆਂ ਪਕਾਓ । ਆਪ ਦੁੱਧ ਰਿੜਕ ਕੇ ਲੱਸੀ, ਮੱਖਣ ਤਿਆਰ ਕਰੋ । ਫੇਰ ਮਿੱਸੀਆਂ ਰੋਟੀਆਂ, ਗੰਢੇ, ਮੱਖਣ, ਦਹੀਂ ਤੇ ਲੱਸੀ ਸਿਰ 'ਤੇ ਚੁੱਕ ਕੇ, ਪੈਦਲ ਤੁਰ ਕੇ ਉਨ੍ਹਾਂ ਪਾਸ ਜਾਓ ਅਤੇ ਉਨ੍ਹਾਂ ਨੂੰ ਛਕਾਓ । ਉਹ ਪ੍ਰਸੰਨ ਹੋ ਕੇ ਅਸੀਸ ਦੇਣਗੇ ।'*

ਮਾਤਾ ਜੀ ਨੇ ਇਸੇ ਤਰ੍ਹਾਂ ਕੀਤਾ । ਉਨ੍ਹਾਂ ਨੂੰ ਆਉਂਦਿਆਂ ਵੇਖ ਕੇ ਬਾਬਾ ਜੀ ਨੇ ਆਪਣੇ ਮਨ ਵਿੱਚ ਕਿਹਾ : *'ਮਾਤਾ ਜੀ ਪ੍ਰਸ਼ਾਦ ਲਿਆਏ ਹਨ । ਹਾਂ ਭਈ, ਜੇ ਮਾਤਾ ਪੁੱਤਾਂ ਦਾ ਖਿਆਲ ਨਾ ਕਰੇ, ਤਾਂ ਹੋਰ ਕੌਣ ਕਰੇ ?'*

ਮਾਤਾ ਜੀ ਦੇ ਲਿਆਂਦੇ ਮਿੱਸੇ ਪ੍ਰਸ਼ਾਦੇ ਬਾਬਾ ਜੀ ਨੇ ਬੜੇ ਪ੍ਰਸੰਨ ਹੋ ਕੇ ਛਕੇ । ਜਿਉਂ-ਜਿਉਂ ਉਹ ਪ੍ਰਸ਼ਾਦ ਛਕਣ ਅਤੇ ਗੰਢੇ ਭੰਨਣ, ਨਾਲ-ਨਾਲ ਹੀ ਮਾਤਾ ਜੀ ਨੂੰ ਵਰ ਦੇਈ ਜਾਣ । ਉਹ ਕਹਿਣ : *'ਆਪ ਦੇ ਘਰ ਅਜਿਹਾ ਬਲੀ ਮਹਾਂਪੁਰਸ਼ ਜੰਮੇਗਾ ਜੋ ਦੁਸ਼ਟਾਂ ਤੁਰਕਾਂ ਦੇ ਸਿਰ ਇਉਂ ਭੰਨੇਗਾ, ਜਿਵੇਂ ਮੈਂ ਗੰਢੇ ਭੰਨਦਾ ਹਾਂ । ਉਹ ਮੀਰੀ-ਪੀਰੀ ਦਾ ਮਾਲਕ ਹੋਵੇਗਾ, ਉਹ ਜੇਤੂ ਜੋਧਾ ਤੇ ਵੱਡਾ ਘੋੜ-ਸਵਾਰ ਹੋਵੇਗਾ ।'*

ਮਾਤਾ ਜੀ ਪ੍ਰਸੰਨ ਹੋ ਕੇ ਘਰ ਆਏ । ਸੱਚੇ ਪਿਤਾ, ਅਕਾਲ ਪੁਰਖ ਨੇ ਮਿਹਰ ਕੀਤੀ । ਬਾਬਾ ਬੁੱਢਾ ਜੀ ਦਾ ਵਰ ਪੂਰਾ ਹੋਇਆ। ਹਾੜ ਵਦੀ ੭ (੨੧ ਹਾੜ) ਸੰਮਤ ੧੬੫੨ ਨੂੰ ਸ੍ਰੀ (ਗੁਰੂ) ਹਰਿਗੋਬਿੰਦ ਸਾਹਿਬ ਦਾ ਅਵਤਾਰ ਪਿੰਡ ਵਡਾਲੀ ਵਿੱਚ ਹੋਇਆ। ਉਸ ਦਿਨ ਸੰਨ ੧੫੯੫ ਦੇ ਜੂਨ ਦੀ ੧੯ ਤਾਰੀਖ ਸੀ ।

## (੨) ਬਾਲ-ਅਵਸਥਾ

ਪ੍ਰਿਥੀਏ ਦੇ ਵਾਰ– ਸ੍ਰੀ ਹਰਿਗੋਬਿੰਦ ਸਾਹਿਬ ਜੀ ਦੀ ਬਾਲ ਅਵਸਥਾ ਕਾਫੀ ਕਸ਼ਟਾਂ ਵਿੱਚ ਗੁਜ਼ਰੀ । ਆਪ ਦਾ ਤਾਇਆ ਪ੍ਰਿਥੀਆ ਅਤੇ ਤਾਈ ਕਰਮੋਂ ਆਪ ਦੇ ਅਵਤਾਰ ਦੀ ਖ਼ਬਰ ਸੁਣ ਕੇ ਸੜ-ਬਲ ਗਏ । ਉਨ੍ਹਾਂ ਦੀਆਂ ਮੰਦੀਆਂ ਨੀਚ ਆਸਾਂ ਉਪਰ ਪਾਣੀ ਜੁ ਫਿਰ ਗਿਆ ਸੀ । ਉਹ ਦੋਵੇਂ ਜੀਅ ਤਾਂ ਇਹ ਮਿਥੀ

ਬੈਠੇ ਸਨ ਕਿ ਗੁਰੂ ਜੀ ਦੇ ਪੁੱਤ ਨਾ ਹੋਣ ਕਰਕੇ ਗੁਰ-ਗੱਦੀ ਦਾ ਹੱਕਦਾਰ ਸਾਡਾ ਪੁੱਤ ਮਿਹਰਬਾਨ ਹੈ । ਉਨ੍ਹਾਂ ਨੇ ਲਾਲਚ ਤੇ ਈਰਖਾ ਦੇ ਕਾਰਨ ਅੰਨ੍ਹੇ ਤੇ ਪਾਗਲ ਹੋ ਕੇ ਸ੍ਰੀ ਹਰਿਗੋਬਿੰਦ ਸਾਹਿਬ ਨੂੰ ਮਾਰਨ ਮਰਵਾਉਣ ਦੇ ਜਤਨ ਕੀਤੇ ਤਾਂ ਜੁ ਉਨ੍ਹਾਂ ਦੇ ਪੁੱਤ ਦਾ ਰਾਹ ਵਿਹਲਾ ਹੋ ਜਾਵੇ । ਪਹਿਲਾਂ ਉਨ੍ਹਾਂ ਨੇ ਦਾਈ-ਖਿਡਾਵੀ ਨੂੰ ਲਾਲਚ ਦੇ ਕੇ ਉਸ ਦੀਆਂ ਦੁੱਧੀਆਂ ਉਪਰ ਜ਼ਹਿਰ ਲਵਾ ਕੇ ਭੇਜਿਆ । ਉਸ ਨੇ ਆਪ ਜੀ ਨੂੰ ਦੁੱਧ ਚੁੰਘਾਉਣਾ ਚਾਹਿਆ, ਪਰ ਆਪ ਨੇ ਨਾ ਚੁੰਘਿਆ । ਦਾਈ ਆਪ ਹੀ ਜ਼ਹਿਰ ਦੇ ਅਸਰ ਨਾਲ ਮਰ ਗਈ । ਫੇਰ ਉਸ ਪਾਪੀ ਜੋੜੀ ਨੇ ਇਕ ਸਪੇਰੇ ਜੋਗੀ ਪਾਸੋਂ ਸ੍ਰੀ ਹਰਿਗੋਬਿੰਦ ਸਾਹਿਬ ਵਾਲੇ ਕਮਰੇ ਵਿੱਚ ਇਕ ਜ਼ਹਿਰੀ ਫਨ੍ਹੀਅਰ ਸੱਪ ਛੁਡਾ ਦਿੱਤਾ, ਪਰ ਸੇਵਾਦਾਰਾਂ ਨੂੰ ਵੇਲੇ ਸਿਰ ਪਤਾ ਲੱਗ ਗਿਆ, ਉਨ੍ਹਾਂ ਨੇ ਸੱਪ ਨੂੰ ਮਾਰ ਘੱਤਿਆ।

ਦੋ ਵਾਰ ਅਸਫਲ ਹੋ ਜਾਣ 'ਤੇ ਵੀ ਕਰਮੋ ਤੇ ਪ੍ਰਿਥੀਏ ਨੇ ਬੱਸ ਨਾ ਕੀਤੀ । ਉਨ੍ਹਾਂ ਨੇ ਸ੍ਰੀ ਹਰਿਗੋਬਿੰਦ ਸਾਹਿਬ ਦੇ ਖਿਡਾਵੇ ਬ੍ਰਾਹਮਣ ਨੂੰ ਬਹੁਤ ਸਾਰਾ ਧਨ ਦੇ ਕੇ ਹੋਰ ਧਨ ਦਾ ਲਾਲਚ ਦੇ ਕੇ ਕਿਹਾ ਕਿ ਬੱਚੇ ਨੂੰ ਦਹੀਂ ਵਿੱਚ ਜ਼ਹਿਰ ਪਾ ਕੇ ਦੇ ਦੇ । ਜਦੋਂ ਉਹ ਦੁਸ਼ਟ ਦਹੀਂ ਪਿਆਉਣ ਲੱਗਾ, ਤਾਂ ਸ੍ਰੀ ਹਰਿਗੋਬਿੰਦ ਸਾਹਿਬ ਰੋਣ ਲੱਗ ਪਏ । ਉਹ ਦਹੀਂ ਨੂੰ ਮੂੰਹ ਨਾ ਲਾਉਣ, ਤਾਂ ਫੇਰ ਗੁਰੂ ਅਰਜਨ ਦੇਵ ਜੀ ਨੇ ਆਪ ਦਹੀਂ ਪਿਆਉਣਾ ਚਾਹਿਆ, ਪਰ ਸ੍ਰੀ ਹਰਿਗੋਬਿੰਦ ਜੀ ਨੇ ਫੇਰ ਵੀ ਨਾ ਪੀਤਾ, ਸਗੋਂ ਹੱਥ ਨਾਲ ਪਰ੍ਹੇ ਕਰ ਦਿੱਤਾ । ਗੁਰੂ ਜੀ ਨੇ ਉਹ ਦਹੀਂ ਇਕ ਕੁੱਤੇ ਨੂੰ ਪਾ ਦਿੱਤਾ। ਥੋੜ੍ਹੇ ਚਿਰ ਵਿੱਚ ਉਹ ਕੁੱਤਾ ਮਰ ਗਿਆ । ਇਸ ਤਰ੍ਹਾਂ ਸਾਰਾ ਭੇਦ ਖੁਲ੍ਹ ਗਿਆ । ਬ੍ਰਾਹਮਣ ਕੰਬ ਗਿਆ, ਉਸ ਸਭ ਕੁਝ ਸੱਚ-ਸੱਚ ਕਹਿ ਦਿੱਤਾ । ਪ੍ਰਿਥੀਏ ਦੀ ਸਾਰੇ ਸ਼ਹਿਰ ਵਿੱਚ ਬਦਨਾਮੀ ਹੋਈ । ਦੂਜੇ ਦਿਨ ਬ੍ਰਾਹਮਣ ਸੂਲ ਹੋ ਕੇ ਮਰ ਗਿਆ । ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸਾਹਿਬਜ਼ਾਦੇ ਦੀ ਰੱਖਿਆ ਬਾਰੇ ਵਾਹਿਗੁਰੂ ਦਾ



ਧੰਨਵਾਦ ਕੀਤਾ । ਉਨ੍ਹਾਂ ਨੇ ਹੇਠ ਲਿਖਿਆ ਸ਼ਬਦ ਵੀ ਰਚਿਆ :

ਲੇਪੁ[੧] ਨ ਲਾਗੋ ਤਿਲ ਕਾ ਮੂਲਿ[੨] ॥
ਦੁਸਟੁ ਬ੍ਰਾਹਮਣੁ ਮੂਆ ਹੋਇ ਕੈ ਸੂਲ ॥੧॥
ਹਰਿ ਜਨ ਰਾਖੇ ਪਾਰਬ੍ਰਹਮਿ ਆਪਿ ॥
ਪਾਪੀ ਮੂਆ[੩] ਗੁਰ ਪਰਤਾਪਿ ॥੧॥ਰਹਾਉ॥
ਅਪਣਾ ਖਸਮੁ ਜਨਿ ਆਪਿ ਧਿਆਇਆ ॥
ਇਆਣਾ ਪਾਪੀ ਓਹੁ ਆਪਿ ਪਚਾਇਆ ॥੨॥
ਪ੍ਰਭ ਮਾਤ ਪਿਤਾ ਅਪਣੇ ਦਾਸ ਕਾ ਰਖਵਾਲਾ ॥
ਨਿੰਦਕ ਕਾ ਮਾਥਾ ਈਹਾਂ ਊਹਾ ਕਾਲਾ ॥੩॥
ਜਨ ਨਾਨਕ ਕੀ ਪਰਮੇਸਰਿ ਸੁਣੀ ਅਰਦਾਸਿ ॥
ਮਲੇਛੁ ਪਾਪੀ ਪਚਿਆ ਭਇਆ ਨਿਰਾਸੁ ॥੪॥੯॥*

ਚੀਚਕ– ਇਸ ਮਗਰੋਂ ਪ੍ਰਿਥੀਆ ਵਾਰ ਕਰਨੋਂ ਹਟ ਗਿਆ। ਹੁਣ ਪਰਮਾਤਮਾ ਵੱਲੋਂ ਆਪ ਨੂੰ ਡਾਢਾ ਕਸ਼ਟ ਮਿਲਿਆ । ਆਪ ਨੂੰ ਬੜੀ ਸਖ਼ਤ ਕਿਸਮ ਦੀ ਚੀਚਕ (ਮਾਤਾ) ਨਿਕਲੀ, ਪਰ ਵਾਹਿਗੁਰੂ ਨੇ ਮਿਹਰ ਕੀਤੀ, ਆਪ ਰਾਜ਼ੀ ਹੋ ਗਏ । ਸ੍ਰੀ ਗੁਰੂ ਅਰਜਨ ਦੇਵ ਜੀ ਨੇ ਇਸ ਮੌਕੇ 'ਤੇ ਕਰਤਾਰ ਦੇ ਧੰਨਵਾਦ ਅਤੇ ਮਨ ਦੀ ਖੁਸ਼ੀ ਪ੍ਰਗਟ ਕਰਨ ਲਈ ਕਈ ਸ਼ਬਦ ਰਚੇ, ਉਨ੍ਹਾਂ ਵਿੱਚੋਂ ਇਕ ਹੇਠਾਂ ਦਿੰਦੇ ਹਾਂ :

ਜਨ ਕੀ ਪੈਜ[੪] ਸਵਾਰੀ ਆਪ ॥
ਹਰਿ ਹਰਿ ਨਾਮੁ ਦੀਓ ਗੁਰਿ ਅਵਖਧੁ[੫]
ਉਤਰਿ ਗਇਓ ਸਭੁ ਤਾਪ ॥੧॥ਰਹਾਉ॥
ਹਰਿਗੋਬਿੰਦੁ ਰਖਿਓ ਪਰਮੇਸਰਿ ਅਪੁਨੀ ਕਿਰਪਾ ਧਾਰਿ ॥
ਮਿਟੀ ਬਿਆਧਿ[੬] ਸਰਬ ਸੁਖ ਹੋਏ ਹਰਿ ਗੁਣ ਸਦਾ ਬੀਚਾਰਿ॥੧॥

੧ ਬੁਰਾ ਅਸਰ, ਜ਼ਹਿਰ । ੨ ਮੂਲੋਂ, ਬਿਲਕੁਲ । ੩ ਨਾਸ ਕੀਤਾ, ਮਾਰਿਆ । *ਭੈਰਉ ਮਹਲਾ ੫, ਪੰਨਾ ੧੧੩੭ ।
੪ ਇੱਜ਼ਤ, ਮਾਨ । ੫ ਦਵਾ, ਰੋਗ ਦੂਰ ਕਰਨ ਦੀ ਸ਼ੈ । ੬ ਰੋਗ, ਬੀਮਾਰੀ ।

*ਅੰਗੀਕਾਰੁ[1] ਕੀਓ ਮੇਰੈ ਕਰਤੈ ਗੁਰ ਪੂਰੇ ਕੀ ਵਡਿਆਈ ॥*
*ਅਬਿਚਲ[2] ਨੀਵ[3] ਧਰੀ ਗੁਰ ਨਾਨਕ ਨਿਤ ਨਿਤ ਚੜੈ ਸਵਾਈ॥੨॥**

### (੩) ਸਿਖਲਾਈ, ਪੜ੍ਹਾਈ

ਸਮੇਂ ਦੇ ਰੰਗ ਤੇ ਚਾਲ-ਢਾਲ ਵੇਖ ਕੇ ਗੁਰੂ ਅਰਜਨ ਦੇਵ ਜੀ ਨੇ ਪ੍ਰਤੀਤ ਕਰ ਲਿਆ ਕਿ ਸਮੇਂ ਅਜਿਹੇ ਆ ਰਹੇ ਹਨ ਜਦ ਜ਼ੁਲਮ ਤੇ ਬਦੀ ਦੀਆਂ ਤਾਕਤਾਂ ਦਾ ਟਾਕਰਾ ਕਰਨ ਤੇ ਸੱਚਾ-ਧਰਮ ਪ੍ਰਚਾਰਨ ਲਈ ਸਿੱਖਾਂ ਨੂੰ ਸੰਤ ਸਿਪਾਹੀ ਬਣਨਾ ਤੇ ਤਲਵਾਰ ਵਾਹੁਣੀ ਪਵੇਗੀ । ਅਜਿਹੇ ਸਮੇਂ ਵਿੱਚ ਗੁਰ-ਗੱਦੀ 'ਤੇ ਬਿਰਾਜਮਾਨ ਹੋਣ ਵਾਲੇ ਵਿਅਕਤੀ ਵਿੱਚ ਜਿਹੋ ਜਿਹੇ ਗੁਣਾਂ ਤੇ ਸ਼ਕਤੀਆਂ ਦੀ ਲੋੜ ਸੀ । ਪੰਚਮ ਪਾਤਸ਼ਾਹ ਨੇ ਸ੍ਰੀ ਹਰਿਗੋਬਿੰਦ ਸਾਹਿਬ ਨੂੰ ਓਹੋ ਜਿਹੀ ਸਿੱਖਿਆ, ਸਿਖਲਾਈ ਦਿਵਾਉਣ ਦਾ ਫੈਸਲਾ ਕੀਤਾ । ਆਪ ਨੇ ਸਾਹਿਬਜ਼ਾਦੇ ਦੀ ਸਿਖਲਾਈ ਪੜ੍ਹਾਈ ਦਾ ਕੰਮ ਬਾਬਾ ਬੁੱਢਾ ਜੀ ਦੇ ਸਪੁਰਦ ਕੀਤਾ । ਆਪ ਨੇ ਬਾਬਾ ਬੁੱਢਾ ਜੀ ਨੂੰ ਕਿਹਾ, 'ਸ੍ਰੀ ਹਰਿਗੋਬਿੰਦ ਸਾਹਿਬ ਜੀ ਨੂੰ ਸੰਤ-ਸਿਪਾਹੀ ਬਣਾਇਆ ਜਾਵੇ ।' ਬਾਬਾ ਜੀ ਨੇ ਸ੍ਰੀ ਹਰਿਗੋਬਿੰਦ ਸਾਹਿਬ ਨੂੰ ਗੁਰੂ-ਘਰ ਦੀ ਵਿੱਦਿਆ ਦਿੱਤੀ ਤੇ ਗੁਰਬਾਣੀ ਦੀ ਪੜ੍ਹਾਈ ਕਰਾਈ ਅਤੇ ਨਾਲ ਹੀ ਸ਼ਸਤਰਾਂ ਦੀ ਵਰਤੋਂ, ਘੋੜੇ ਦੀ ਸਵਾਰੀ, ਕੁਸ਼ਤੀ ਆਦਿਕ ਜੋਧਿਆਂ ਸੂਰਬੀਰਾਂ ਦੇ ਕਰਤੱਬਾਂ ਦੀ ਸਿਖਲਾਈ ਵੀ ਕਰਾਈ । ਨਤੀਜਾ ਇਹ ਹੋਇਆ ਕਿ ਸ੍ਰੀ ਹਰਿਗੋਬਿੰਦ ਸਾਹਿਬ ਹਰ ਪਾਸਿਓਂ ਮੁਕੰਮਲ ਯੋਗਤਾ ਵਾਲੇ ਮਰਦ ਬਣ ਗਏ । ਆਪ ਸੁਡੌਲ, ਨਰੋਏ ਅਤੇ ਬਲਵਾਨ ਵੀ ਸਨ ਅਤੇ ਨਾਲ ਹੀ ਬ੍ਰਹਮ ਗਿਆਨੀ ਤੇ ਪੂਰਨ ਸੰਤ ਵੀ । ਆਪ ਬਾਰੇ ਭਾਈ ਗੁਰਦਾਸ ਜੀ ਨੇ ਲਿਖਿਆ ਹੈ:

*'ਦਲਿ ਭੰਜਨ ਗੁਰੁ ਸੂਰਮਾ ਵਡ ਜੋਧਾ ਬਹੁ ਪਰਉਪਕਾਰੀ ।'*
*(ਵਾਰ ੧/੪੮)*

☆ ☆ ☆

੧ ਕਬੂਲ, ਗ੍ਰਹਿਣ । ੨ ਸਦਾ ਕਾਇਮ ਰਹਿਣ ਵਾਲਾ । ੩ ਨੀਂਹ ।
*ਗੂਜਰੀ ਮਹਲਾ ੫, ਪੰਨਾ ੫੦੦ ।



ਕਾਂਡ ੨

## ਗੁਰਿਆਈ, ਸਿੱਖ ਫੌਜ ਦੀ ਨੀਂਹ

### (੧) ਗੁਰਿਆਈ

ਅੱਗੇ ਦੱਸਿਆ ਗਿਆ ਹੈ ਕਿ ਕਿਵੇਂ ਜਹਾਂਗੀਰ ਬਾਦਸ਼ਾਹ ਨੇ ਆਪਣੀ ਮਜ਼੍ਹਬੀ ਈਰਖਾ ਦੇ ਸਾੜ ਨੂੰ ਮੱਠਾ ਕਰਨ ਲਈ, ਸ੍ਰੀ ਗੁਰੂ ਅਰਜਨ ਦੇਵ ਜੀ ਵਿਰੁੱਧ ਮਿਲੀਆਂ ਝੂਠੀਆਂ ਤੇ ਮਨ-ਘੜਤ ਰਿਪੋਟਾਂ ਦੇ ਅਧਾਰ 'ਤੇ ਆਪ ਜੀ ਨੂੰ ਗ੍ਰਿਫਤਾਰ ਕਰ ਕੇ ਲਾਹੌਰ ਲਿਆਂਦੇ ਜਾਣ ਦਾ ਹੁਕਮ ਦਿੱਤਾ । ਲਾਹੌਰ ਨੂੰ ਤੁਰਨ ਤੋਂ ਪਹਿਲਾਂ ਗੁਰੂ ਜੀ ਨੇ ਗੁਰ-ਗੱਦੀ ਲਈ ਆਪਣੇ ਸਾਹਿਬਜ਼ਾਦੇ ਸ੍ਰੀ ਹਰਿਗੋਬਿੰਦ ਸਾਹਿਬ ਨੂੰ ਨੀਯਤ ਕੀਤਾ । ਆਪ ਨੂੰ ਪਤਾ ਜੁ ਲੱਗ ਗਿਆ ਸੀ ਕਿ ਸਾਡੀ ਸੱਚ-ਖੰਡ ਵਾਪਸੀ ਦਾ ਸਮਾਂ ਆ ਰਿਹਾ ਹੈ ਅਤੇ ਅਸਾਂ ਲਾਹੌਰੋਂ ਮੁੜ ਕੇ ਨਹੀਂ ਆਉਣਾ । ਗੁਰਿਆਈ ਦਾ ਤਿਲਕ ਰਸਮ ਕਰਨ ਦਾ ਮੌਕਿਆ ਮੁਹਲਤ ਨਹੀਂ ਸੀ । ਇਸ ਲਈ ਆਪ ਨੇ ਤੁਰਨ ਸਮੇਂ ਆਗਿਆ ਕੀਤੀ ਕਿ ਗੁਰਿਆਈ ਦੀ ਰਸਮ ਸਾਡੇ ਜਾਣ ਮਗਰੋਂ ਕਰ ਦਿੱਤੀ ਜਾਵੇ, ਨਾਲ ਹੀ ਆਪ ਨੇ ਸਿੱਖਾਂ ਨੂੰ ਹੁਕਮ ਦਿੱਤਾ ਕਿ ਬਦਲ ਰਹੇ ਸਮਿਆਂ ਵਿੱਚ ਤਕੜੇ ਹੋ ਕੇ ਰਹਿਣਾ, ਵਾਹਿਗੁਰੂ ਉਤੇ ਭਰੋਸਾ ਰੱਖਣਾ, ਸਿੱਖੀ ਰਹਿਤ ਵਿੱਚ ਪੱਕਿਆਂ ਰਹਿਣਾ ਅਤੇ ਸ੍ਰੀ ਹਰਿਗੋਬਿੰਦ ਸਾਹਿਬ ਦੀ ਕਮਾਨ ਹੇਠ ਕੌਮ ਦੀ ਉੱਨਤੀ ਤੇ ਰੱਖਿਆ ਲਈ ਤਨ ਮਨ ਵਾਰਨ ਤੇ ਹਰ ਪ੍ਰਕਾਰ ਦੇ ਕਸ਼ਟ ਸਹਾਰਨ ਤੋਂ ਸੰਕੋਚ ਨਾ ਕਰਨਾ ।

ਇਸ ਆਗਿਆ ਮੂਜਬ ਜੇਠ ਵਦੀ ੧੪ (੨੮ ਜੇਠ) ਸੰਮਤ ੧੬੬੩, ਮੁਤਾਬਕ ੨੫ ਮਈ ਸੰਨ ੧੬੦੬ ਨੂੰ ਬਾਬਾ ਬੁੱਢਾ ਜੀ ਨੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੂੰ ਗੁਰਿਆਈ ਦਾ ਤਿਲਕ

ਲਾਇਆ । ਆਪ ਦੀ ਉਮਰ ਉਸ ਵੇਲੇ ਮਸਾਂ ਯਾਰ੍ਹਾਂ ਕੁ ਵਰ੍ਹਿਆਂ ਦੀ ਸੀ ।

ਗੁਰਿਆਈ ਦਾ ਤਿਲਕ ਲਾਉਣ ਪਿੱਛੋਂ ਚਲੀ ਆਈ ਰੀਤ ਮੂਜਬ ਬਾਬਾ ਬੁੱਢਾ ਜੀ ਨੇ ਛੇਵੇਂ ਸਤਿਗੁਰੂ ਨੂੰ ਸੇਲੀ ਟੋਪੀ[1] ਪੇਸ਼ ਕੀਤੀ । ਆਪ ਨੇ ਆਗਿਆ ਕੀਤੀ, *'ਇਹ ਸ਼ੈਆਂ ਹੁਣ ਤੋਸ਼ੇਖਾਨੇ ਵਿੱਚ ਰੱਖ ਰਖਵਾ ਦਿਓ । ਇਨ੍ਹਾਂ ਵਾਲਾ ਸਮਾਂ ਲੰਘ ਚੁਕਿਆ ਹੈ, ਸਾਨੂੰ ਦਸਤਾਰ, ਕਲਗੀ ਤੇ ਤਲਵਾਰ ਦਿਓ ।*

ਅਜਿਹਾ ਹੀ ਕੀਤਾ ਗਿਆ । ਆਪ ਨੇ ਇਕ ਤਲਵਾਰ ਪਹਿਨਣ ਦੀ ਥਾਂ ਦੋ ਤਲਵਾਰਾਂ ਪਹਿਨੀਆਂ– ਇਕ ਮੀਰੀ ਦੀ, ਇਕ ਪੀਰੀ ਦੀ । ਇਕ ਆਤਮਿਕ ਮੰਡਲਾਂ ਵਿੱਚ ਅਗਵਾਈ ਦੀ ਨਿਸ਼ਾਨੀ ਅਤੇ ਦੂਜੀ ਸੰਸਾਰਕ ਮਾਮਲਿਆਂ ਸੰਬੰਧੀ ਅਗਵਾਈ ਦੀ ।[2]

ਗੁਰ-ਗੱਦੀ 'ਤੇ ਬਿਰਾਜਣ ਪਿੱਛੋਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਮਸੰਦਾਂ ਨੂੰ ਅਤੇ ਉਨ੍ਹਾਂ ਰਾਹੀਂ ਥਾਂ-ਥਾਂ ਦੀਆਂ ਸੰਗਤਾਂ ਨੂੰ ਹੁਕਮਨਾਮੇ ਭੇਜੇ ਕਿ *ਅਗਾਂਹ ਨੂੰ ਹੋਰ ਭੇਟਾ ਦੇ ਨਾਲ ਚੰਗੇ ਘੋੜੇ ਤੇ ਸ਼ਸਤਰ ਵੀ ਲਿਆਇਆ ਕਰੋ, ਆਪ ਵੀ ਘੋੜ-ਸਵਾਰੀ ਤੇ ਸ਼ਸਤਰ ਵਰਤਣ ਦੀ ਜਾਚ ਸਿੱਖੋ ।* ਸਭ ਨੇ ਇਹ ਹੁਕਮ ਬੜੇ

*੧ ਉੱਨ ਜਾਂ ਰੇਸ਼ਮ ਦੀ ਗੁੰਦਵੀਂ ਰੱਸੀ ਜੋ ਸੰਤ ਫਕੀਰ ਟੋਪੀ ਜਾਂ ਸਾਫੇ ਉਤੇ ਬੰਨ੍ਹਦੇ ਸਨ । ਗੁਰੂ ਨਾਨਕ ਦੇਵ ਜੀ ਦੀ ਸੰਪ੍ਰਦਾ ਵਿੱਚ ਸੇਲੀ ਟੋਪੀ ਪਹਿਨਣ ਦੀ ਰੀਤ ਪੰਜਵੇਂ ਗੁਰੂ ਤੀਕ ਰਹੀ ।*

*੨ ਕਈ ਸੱਜਣ ਇਹ ਕਿਹਾ ਕਰਦੇ ਹਨ ਕਿ ਗੁਰੂ ਜੀ ਨੇ ਪਹਿਨਣੀ ਤਾਂ ਇਕ ਤਲਵਾਰ ਹੀ ਸੀ ਪਰ ਬਾਬਾ ਬੁੱਢਾ ਜੀ ਨੇ ਉਹ ਗਲਤ ਪਾਸੇ ਪਾ ਦਿੱਤੀ ਅਤੇ ਜਦ ਉਹ ਲਾਹ ਕੇ ਦੂਜੇ ਠੀਕ ਪਾਸੇ ਪਾਉਣ ਲੱਗੇ, ਤਾਂ ਗੁਰੂ ਜੀ ਨੇ ਕਿਹਾ, 'ਇਸ ਨੂੰ ਰਹਿਣ ਦਿਓ ਅਤੇ ਇਕ ਹੋਰ ਪਹਿਨਾ ਦਿਓ ।' ਬਾਬਾ ਬੁੱਢਾ ਜੀ ਆਪ ਸ਼ਸਤਰ ਅਭਿਆਸ ਸਿਖਾਉਣ ਵਾਲੇ ਸਨ । ਉਹ ਅਜਿਹੀ ਗਲਤੀ ਕਿਵੇਂ ਕਰ ਸਕਦੇ ਸਨ ? ਅਜਿਹੀ ਗਲਤੀ ਤਾਂ ਉਸ ਪਾਸੋਂ ਹੋ ਸਕਦੀ ਹੈ, ਜਿਸ ਨੇ ਕਦੇ ਤਲਵਾਰ ਪਹਿਨੀ ਵਰਤੀ ਨਾ ਹੋਵੇ ।*



ਚਾਅ ਤੇ ਉਤਸ਼ਾਹ ਨਾਲ ਮੰਨੇ ।

ਇਸ ਤਰ੍ਹਾਂ ਸਿੱਖ ਕੌਮ ਦੇ ਹਿਰਦਿਆਂ ਵਿੱਚ ਬੀਰ-ਰਸ ਜਾਗ ਉਠਿਆ, ਇਕ ਨਵੀਂ ਜਾਨ ਅਤੇ ਚੜ੍ਹਦੀਆਂ ਕਲਾਂ ਵਾਲੀ ਬਿਰਤੀ ਪੈਦਾ ਹੋ ਗਈ । ਸੰਤਾਂ, ਭਗਤਾਂ ਤੇ ਮਹਾਂ ਪਰਉਪਕਾਰੀ ਨਾਮ ਦੇ ਰਸੀਆਂ ਦੀ ਇਹ ਕੌਮ ਹੁਣ ਸੰਤ-ਸਿਪਾਹੀਆਂ ਤੇ ਧਰਮੀ ਜੋਧਿਆਂ ਦੀ ਕੌਮ ਦਾ ਰੂਪ ਧਾਰਨ ਲੱਗ ਪਈ ।

## (੨) ਸਿੱਖ ਫੌਜ ਦੀ ਨੀਂਹ

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਹੁਣ ਕੌਮ-ਉਸਾਰੀ ਦੇ ਇਸ ਨਵੇਂ ਮੈਦਾਨ ਵਿੱਚ ਦਿਨ ਰਾਤ ਇਕ ਕਰ ਕੇ ਜੁੱਟ (ਰੁੱਝ) ਪਏ । ਅੰਮ੍ਰਿਤਸਰ ਨੂੰ ਮਜ਼ਬੂਤ ਕਰਨ ਕੀ ਖਾਤਰ ਆਪ ਨੇ ਉਥੇ ਇਕ ਕਿਲ੍ਹਾ ਬਣਵਾਇਆ । ਇਸ ਦਾ ਨਾਂ ਆਪ ਨੇ ਲੋਹਗੜ੍ਹ ਰੱਖਿਆ । ਫੇਰ ਉਨ੍ਹਾਂ ਨੇ ਸੰਮਤ ੧੬੬੬ (ਸੰਨ ੧੬੦੯) ਵਿੱਚ ਦੇਸ਼-ਪਿਆਰ, ਸੂਰਬੀਰਤਾ ਤੇ ਕੌਮੀ ਭਾਵਾਂ ਦੇ ਪ੍ਰਚਾਰ ਵਿਕਾਸ ਲਈ ਸ੍ਰੀ ਦਰਬਾਰ ਸਾਹਿਬ ਦੇ ਸਾਹਮਣੇ ਸ੍ਰੀ ਅਕਾਲ ਤਖ਼ਤ ਸਾਹਿਬ ਬਣਾਇਆ । ਸਵੇਰ ਵੇਲੇ ਤਾਂ ਸਦਾ ਵਾਕੁਰ ਸੰਗਤਾਂ ਸ੍ਰੀ ਦਰਬਾਰ ਸਾਹਿਬ ਜੁੜਦੀਆਂ, ਜਿਥੇ ਗੁਰਬਾਣੀ ਦਾ ਕੀਰਤਨ ਹੁੰਦਾ ਅਤੇ ਢਾਡੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਲੀਆਂ ਵਾਰਾਂ ਲਾਉਂਦੇ ! ਏਥੇ ਗੁਰੂ ਹਰਿਗੋਬਿੰਦ ਸਾਹਿਬ ਸੰਗਤਾਂ ਨੂੰ ਧਾਰਮਿਕ ਸਿੱਖਿਆ ਉਪਦੇਸ਼ ਦੇਂਦੇ, ਉਨ੍ਹਾਂ ਦੀਆਂ ਆਤਮਿਕ ਔਕੜਾਂ ਤੇ ਧਾਰਮਿਕ ਮਸਲਿਆਂ ਨੂੰ ਹੱਲ ਕਰਦੇ । ਦੁਪਹਿਰ ਮਗਰੋਂ ਸੰਗਤਾਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਹਮਣੇ ਇਕੱਤਰ ਹੁੰਦੀਆਂ । ਏਥੇ ਸਰੀਰਕ ਕਸਰਤਾਂ ਤੇ ਸਰੀਰਕ ਬਲ ਦੇ ਵਿਖਾਵੇ ਹੁੰਦੇ ਅਤੇ ਸੂਰਮਿਆਂ ਦੀਆਂ ਵਾਰਾਂ ਲੱਗਦੀਆਂ । ਇਨ੍ਹਾਂ ਨਾਲ ਸਿੱਖਾਂ ਦੇ ਮਨਾਂ ਵਿੱਚ ਬੀਰ-ਰਸ ਅਤੇ ਸੂਰਬੀਰਤਾ ਦੇ ਵੇਗ ਵਲਵਲੇ ਪੈਦਾ ਹੁੰਦੇ ਤੇ ਠਾਠਾਂ ਮਾਰਦੇ । ਏਥੇ ਹੀ ਗੁਰੂ ਜੀ ਬਾਹਰ ਦੇ ਆਏ ਸਿੱਖ ਸੇਵਕਾਂ ਨੂੰ ਮਿਲਦੇ, ਉਨ੍ਹਾਂ ਦਾ ਹਾਲ-ਚਾਲ ਪੁੱਛਦੇ, ਸੁਣਦੇ, ਲੋਕਾਂ ਦੀਆਂ ਸ਼ਿਕਾਇਤਾਂ ਸੁਣਦੇ

ਨਜਿੱਠਦੇ ਅਤੇ ਉਨ੍ਹਾਂ ਦੇ ਝਗੜਿਆਂ ਦਾ ਨਿਬੇੜਾ ਕਰਦੇ । ਸਿੱਖਾਂ ਨੂੰ ਪ੍ਰੇਰਨਾ ਕੀਤੀ ਜਾਂਦੀ ਕਿ ਤੁਸੀਂ ਆਪੋ ਵਿਚਲੇ ਝਗੜਿਆਂ ਨੂੰ ਸਰਕਾਰੇ ਦਰਬਾਰੇ ਲਿਜਾਣ ਦੀ ਥਾਂ ਆਪਸ ਵਿੱਚ ਘਰੇ ਹੀ ਨਜਿੱਠ ਲਿਆ ਕਰੋ ।

ਗੁਰੂ ਜੀ ਨੇ ਆਪਣੀ ਅਰਦਲ ਵਿੱਚ ਰੱਖਣ ਲਈ ੫੨ ਬਲਵਾਨ ਜਵਾਨਾਂ ਦੀ ਨਿੱਜੀ ਗਾਰਦ ਤਿਆਰ ਕੀਤੀ । ਇਹ ਗਾਰਦ ਆਪ ਜੀ ਦੀ ਫੌਜ ਦੀ ਨਹੀਂ, ਸਗੋਂ ਭਵਿੱਖਤ ਸਿੱਖ ਫੌਜ ਦੀ ਨੀਂਹ ਜਾਂ ਮੁੱਢ ਬਣੀ । ਮਾਝੇ, ਮਾਲਵੇ ਤੇ ਦੁਆਬੇ ਵਿੱਚੋਂ ਪੰਜ ਸੌ ਛੈਲ-ਛਬੀਲੇ ਗੱਭਰੂ ਗੁਰੂ ਜੀ ਦੇ ਦਰਬਾਰ ਵਿੱਚ ਹਾਜ਼ਰ ਹੋਏ। ਉਨ੍ਹਾਂ ਨੇ ਸਿੱਖ ਧਰਮ ਦੀ ਖਾਤਰ ਹਰ ਪ੍ਰਕਾਰ ਦੇ ਖਤਰੇ ਹਿੱਕਾਂ ਤਾਣ ਕੇ ਝੱਲਣ ਅਤੇ ਗੁਰੂ ਜੀ ਦੀ ਆਗਿਆ ਦੀ ਪਾਲਨਾ ਕਰਦਿਆਂ ਮਰ-ਮਿਟਣ ਲਈ ਆਪਣੇ ਆਪ ਨੂੰ ਪੇਸ਼ ਕੀਤਾ । ਉਨ੍ਹਾਂ ਨੇ ਕਿਹਾ ਕਿ ਅਸਾਂ ਤਨਖਾਹ ਨਹੀਂ ਲੈਣੀ, ਅਸਾਂ ਤਾਂ ਆਪਣੇ ਆਪ ਨੂੰ ਪੂਰੇ ਤੌਰ 'ਤੇ ਗੁਰੂ ਜੀ ਦੇ ਹਵਾਲੇ ਕਰ ਦਿੱਤਾ ਹੈ। ਗੁਰੂ ਜੀ ਨੇ ਉਨ੍ਹਾਂ ਨੂੰ ਘੋੜੇ ਅਤੇ ਸ਼ਸਤਰ ਦਿੱਤੇ । ਇਸ ਤਰ੍ਹਾਂ ਇਕ ਛੋਟੀ ਜਿਹੀ ਫੌਜ ਬਣ ਗਈ । ਗੁਰੂ ਜੀ ਨੇ ਨਗਾਰਾ ਵੀ ਤਿਆਰ ਕਰ ਲਿਆ ਅਤੇ ਨਿਸ਼ਾਨ (ਝੰਡਾ) ਵੀ ਝੁਲਾਇਆ । ਲਹਿੰਦੇ ਵੇਲੇ ਆਪ ਜਵਾਨਾਂ ਸਮੇਤ ਨਗਾਰਾ ਵਜਾਉਂਦੇ, ਸ਼ਿਕਾਰ ਚੜ੍ਹਦੇ, ਸਰੀਰਕ ਬਲ ਵਾਲੀਆਂ ਖੇਡਾਂ ਕਸਰਤਾਂ ਕਰਾਉਂਦੇ ਅਤੇ ਘੋਲਾਂ ਆਦਿ ਦੇ ਅਖਾੜੇ ਲਵਾਉਂਦੇ ।

ਇਸ ਸਭ ਕਾਸੇ ਦਾ ਸਦਕਾ ਸਿੱਖਾਂ ਦੇ ਢੱਠੇ ਤੇ ਢਹਿ ਰਹੇ ਦਿਲਾਂ ਵਿੱਚ ਇਉਂ ਨਵੀਂ ਜਾਨ ਭਰੀ ਗਈ ਜੀਕੁਰ ਬਰਸਾਤ ਵਿੱਚ ਬਨਸਪਤੀ ਮੌਲਦੀ ਹੈ ।

* * *



## ਕਾਂਡ ੩

# ਗੁਰੂ ਜੀ ਤੇ ਜਹਾਂਗੀਰ

ਚੰਦੂ ਅਤੇ ਮਿਹਰਬਾਨ ਵਰਗੇ ਗੁਰੂ-ਘਰ ਦੇ ਪੁਰਾਣੇ ਦੋਖੀਆਂ ਈਰਖਾਲੂਆਂ ਨੇ ਗੁਰੂ ਜੀ ਦੀਆਂ ਇਨ੍ਹਾਂ ਤਿਆਰੀਆਂ ਤੇ ਕਾਰਵਾਈਆਂ ਬਾਰੇ ਵਧਾ-ਚੜ੍ਹਾ ਕੇ ਤੇ ਮਸਾਲੇ ਲਾ-ਲਾ ਕੇ ਖ਼ਬਰਾਂ ਜਹਾਂਗੀਰ ਬਾਦਸ਼ਾਹ ਨੂੰ ਪੁਚਾਈਆਂ ਤੇ ਕਿਹਾ : 'ਗੁਰੂ ਸਾਹਿਬ ਨੇ ਫੌਜ ਰੱਖ ਲਈ ਹੈ, ਨਗਾਰਾ ਵਜਾਉਂਦੇ ਤੇ ਨਿਸ਼ਾਨ ਝੁਲਾਉਂਦੇ ਹਨ, ਸ਼ਿਕਾਰ ਚੜ੍ਹਦੇ ਹਨ, ਆਪਣੇ ਲਈ ਤਖ਼ਤ ਬਣਾ ਲਿਆ ਹੈ, ਸੱਚਾ ਪਾਤਸ਼ਾਹ ਅਖਵਾਉਂਦੇ ਹਨ, ਲੋਕਾਂ ਦੇ ਝਗੜੇ ਮੁਕਾਉਂਦੇ ਤੇ ਨਿਆਂ ਚੁਕਾਉਂਦੇ ਹਨ, ਬਾਦਸ਼ਾਹਾਂ ਵਾਲਾ ਪੂਰਾ-ਪੂਰਾ ਠਾਠ ਬਣਾਈ ਬੈਠੇ ਹਨ । ਇਸ ਤਰ੍ਹਾਂ ਇਹ ਰਾਜਸੀ ਤਾਕਤ ਦੀ ਨੀਂਹ ਬੰਨ੍ਹ ਰਹੇ ਹਨ, ਜੇ ਇਹ ਇਸੇ ਤਰ੍ਹਾਂ ਜ਼ੋਰ ਪਕੜਦੇ ਗਏ, ਤਾਂ ਇਹ ਕਿਸੇ ਦਿਨ ਹਕੂਮਤ ਲਈ ਖ਼ਤਰਨਾਕ ਸਾਬਤ ਹੋਣਗੇ । ਇਹ ਆਪਣੇ ਪਿਤਾ ਦੀ ਸ਼ਹੀਦੀ ਦਾ ਬਦਲਾ ਲੈਣ ਦੀਆਂ ਤਿਆਰੀਆਂ ਕਰ ਰਹੇ ਹਨ । ਇਨ੍ਹਾਂ ਦਾ ਹੁਣੇ ਹੀ ਬੰਦੋਬਸਤ ਕਰਨਾ ਚਾਹੀਦਾ ਹੈ ।'

ਇਹ ਗੱਲਾਂ ਸੁਣ ਕੇ ਕੰਨਾਂ ਦੇ ਕੱਚੇ ਜਹਾਂਗੀਰ ਨੇ ਸੰਮਤ ੧੬੬੯ (ਸੰਨ ੧੬੧੨) ਵਿੱਚ ਵਜ਼ੀਰ ਖਾਂ ਅਤੇ ਗੁੰਚਾ ਬੇਗ ਨੂੰ ਅੰਮ੍ਰਿਤਸਰ ਭੇਜਿਆ ਕਿ ਉਹ ਗੁਰੂ ਜੀ ਨੂੰ ਦਿੱਲੀ ਲਿਆਉਣ । ਵਜ਼ੀਰ ਖਾਂ ਗੁਰੂ ਅਰਜਨ ਦੇਵ ਜੀ ਦਾ ਸ਼ਰਧਾਲੂ ਅਤੇ ਦਿਲ ਦਾ ਸਿੱਖ ਸੀ । ਉਹ ਰੋਜ਼ ਸਵੇਰੇ ਸੁਖਮਨੀ ਸਾਹਿਬ ਦਾ ਪਾਠ ਸੁਣੇ ਬਗੈਰ ਕੁਝ ਮੂੰਹ ਨਹੀਂ ਸੀ ਪਾਇਆ ਕਰਦਾ ਤੇ ਕਿਸੇ ਕੰਮ ਨੂੰ ਹੱਥ ਨਹੀਂ ਸੀ ਲਾਇਆ ਕਰਦਾ । ਉਸ ਨੇ ਬਾਦਸ਼ਾਹ ਪਾਸ ਵੀ ਗੁਰੂ ਜੀ ਦੀ ਉਪਮਾ ਤੇ ਵਕੀਲੀ ਕੀਤੀ ਸੀ । ਅੰਮ੍ਰਿਤਸਰ ਪਹੁੰਚ ਕੇ ਉਸ ਨੇ ਮਾਤਾ ਗੰਗਾ ਜੀ ਅਤੇ ਗੁਰੂ ਸਾਹਿਬ ਨੂੰ ਯਕੀਨ

ਦਿਵਾਇਆ ਕਿ ਬਾਦਸ਼ਾਹ ਦੀ ਨੀਤ ਮਾੜੀ ਨਹੀਂ । ਗੁਰੂ ਜੀ ਨੇ ਮਾਤਾ ਜੀ ਅਤੇ ਮੁਖੀ ਸਿੱਖਾਂ ਨਾਲ ਸਲਾਹ ਕੀਤੀ ਅਤੇ ਦਿੱਲੀ ਜਾਣ ਦਾ ਫੈਸਲਾ ਕੀਤਾ । ਹਰਿਮੰਦਰ ਸਾਹਿਬ ਦੀ ਸੇਵਾ ਬਾਬਾ ਬੁੱਢਾ ਜੀ ਤੇ ਭਾਈ ਗੁਰਦਾਸ ਜੀ ਨੂੰ ਸੌਂਪ ਕੇ ਸਿੱਖਾਂ ਨੂੰ ਗੁਰਸਿੱਖੀ ਦੀ ਰਹਿਤ ਵਿੱਚ ਪੱਕਿਆਂ, ਇਕ-ਜਾਨ ਅਤੇ ਚੜ੍ਹਦੀਆਂ ਕਲਾਂ ਵਿੱਚ ਰਹਿਣ ਦਾ ਉਪਦੇਸ਼ ਦੇ ਕੇ ਤਿੰਨ ਸੌ ਸੂਰਮੇ ਨਾਲ ਲੈ ਕੇ ਆਪ ੨ ਮਾਘ ਸੰਮਤ ੧੬੬੯ (ਸੰਨ ੧੬੧੨) ਨੂੰ ਦਿੱਲੀ ਨੂੰ ਤੁਰ ਪਏ ।

ਅੰਮ੍ਰਿਤਸਰੋਂ ਤੁਰ ਕੇ ਤਰਨ ਤਾਰਨ, ਗੋਇੰਦਵਾਲ, ਦੁਆਬੇ ਅਤੇ ਮਾਲਵੇ ਵਿੱਚ ਦੀ ਹੁੰਦੇ ਹੋਏ ਗੁਰੂ ਹਰਿਗੋਬਿੰਦ ਸਾਹਿਬ ਦਿੱਲੀ ਪੁੱਜੇ । ਆਪ ਨੇ ਜਮਨਾ ਦੇ ਕੰਢੇ ਮਜਨੂੰ ਦੇ ਟਿੱਲੇ ਪਾਸ ਇਕ ਬਗੀਚੇ ਵਿੱਚ ਉਤਾਰਾ ਕੀਤਾ । ਵਜ਼ੀਰ ਖਾਂ ਤੇ ਗੁੰਚਾ ਬੇਗ ਬਾਦਸ਼ਾਹ ਨੂੰ ਖ਼ਬਰ ਕਰਨ ਲਈ ਚਲੇ ਗਏ । ਗੁਰੂ ਜੀ ਦੇ ਆਉਣ ਦੀ ਖ਼ਬਰ ਸੁਣ ਕੇ ਦਿੱਲੀ ਦੇ ਸਿੱਖ ਹੁੰਮ-ਹੁਮਾ ਕੇ ਆਪ ਦੇ ਦਰਸ਼ਨਾਂ ਲਈ ਆਏ । ਉਨ੍ਹਾਂ ਨੇ ਆਪ ਜੀ ਦੇ ਪਿਤਾ, ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਬਾਰੇ ਸ਼ੋਕ ਪ੍ਰਗਟ ਕੀਤਾ । ਗੁਰੂ ਜੀ ਨੇ ਸਭ ਨੂੰ ਧੀਰਜ ਦਿੱਤਾ ਅਤੇ ਕਰਤਾਰ ਦਾ ਭਾਣਾ ਮਿੱਠਾ ਕਰ ਕੇ ਮੰਨਣ ਦਾ ਉਪਦੇਸ਼ ਦਿੱਤਾ ।

ਕੁਝ ਚਿਰ ਏਥੇ ਠਹਿਰਣ ਮਗਰੋਂ ਗੁਰੂ ਜੀ ਬਾਦਸ਼ਾਹ ਨੂੰ ਜਾ ਮਿਲੇ । ਉਸ ਨੇ ਵਿਖਾਵੇ ਭਰੇ ਆਦਰ ਨਾਲ ਆਪ ਦਾ ਸੁਆਗਤ ਕੀਤਾ ਤੇ ਉਨ੍ਹਾਂ ਤੋਂ ਧਰਮ ਬਾਰੇ ਕਈ ਪੁੱਛਾਂ ਕੀਤੀਆਂ । ਗੁਰੂ ਜੀ ਦੇ ਉਤਰ ਸੁਣ ਕੇ ਉਹ ਬੜਾ ਪ੍ਰਸੰਨ ਹੋਇਆ ।

ਇਕ ਦਿਨ ਬਾਦਸ਼ਾਹ ਗੁਰੂ ਜੀ ਨੂੰ ਸ਼ਿਕਾਰ ਖੇਡਣ ਲਈ ਨਾਲ ਲੈ ਗਿਆ । ਜੰਗਲ ਵਿੱਚੋਂ ਇਕ ਸ਼ੇਰ ਨੇ ਨਿਕਲ ਕੇ ਬਾਦਸ਼ਾਹ ਉਪਰ ਹੱਲਾ ਕਰ ਦਿੱਤਾ, ਹਾਥੀ ਤੇ ਘੋੜੇ ਡਰ ਕੇ ਭੱਜ ਗਏ । ਗੋਲੀਆਂ ਤੇ ਤੀਰਾਂ ਦੀ ਵਰਖਾ ਕੀਤੀ ਗਈ, ਪਰ ਕੁਝ ਨਾ ਬਣਿਆ । ਬਾਦਸ਼ਾਹ ਭੈ-ਭੀਤ ਹੋ ਗਿਆ । ਉਸ ਵਿੱਚ ਭੱਜਣ ਦੀ



ਸ਼ਕਤੀ ਵੀ ਨਾ ਰਹੀ । ਉਸ ਨੇ ਗੁਰੂ ਜੀ ਨੂੰ ਵਾਸਤਾ ਪਾਇਆ ਕਿ 'ਮੈਨੂੰ ਬਚਾਓ !' ਗੁਰੂ ਜੀ ਨੇ ਢਾਲ ਤਲਵਾਰ ਲੈ ਕੇ ਸ਼ੇਰ ਉਪਰ ਹੱਲਾ ਕੀਤਾ ਅਤੇ ਉਸ ਨੂੰ ਢੇਰੀ ਕਰ ਦਿੱਤਾ । ਬਾਦਸ਼ਾਹ ਨੇ ਗੁਰੂ ਜੀ ਦਾ ਧੰਨਵਾਦ ਕੀਤਾ ਤੇ ਕਿਹਾ ਕਿ ਆਪ ਨੇ ਮੈਨੂੰ ਯਕੀਨੀ ਮੌਤ ਦੇ ਮੂੰਹੋਂ ਬਚਾਇਆ ਹੈ ।

ਇਸ ਤੋਂ ਮਗਰੋਂ ਬਾਦਸ਼ਾਹ ਆਗਰੇ ਗਿਆ ਅਤੇ ਗੁਰੂ ਜੀ ਨੂੰ ਨਾਲ ਲੈ ਗਿਆ । ਇਸ ਤਰ੍ਹਾਂ ਉਨ੍ਹਾਂ ਦਾ ਆਦਰ-ਸਤਿਕਾਰ ਕਰ ਕੇ ਬਾਦਸ਼ਾਹ ਨੇ ਉਨ੍ਹਾਂ ਨੂੰ ਆਪਣਾ ਮਿੱਤਰ ਬਣਾਉਣ ਦਾ ਯਤਨ ਕੀਤਾ । ਉਸ ਨੂੰ ਯਕੀਨ ਹੋ ਗਿਆ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਨੇ ਸਿੱਖਾਂ ਨੂੰ ਤੇ ਉਨ੍ਹਾਂ ਦੇ ਗੁਰੂ ਨੂੰ ਭੈ-ਭੀਤ ਕਰਨ ਦੀ ਥਾਂ ਦਲੇਰ ਤੇ ਨਿਰਭੈ ਕਰ ਦਿੱਤਾ ਹੈ । ਉਸ ਨੇ ਸੋਚ-ਵਿਚਾਰ ਕੇ ਫੈਸਲਾ ਕੀਤਾ ਕਿ ਇਨ੍ਹਾਂ ਨੂੰ ਦਬਾਉਣਾ ਚਾਹੀਦਾ ਹੈ, ਨਹੀਂ ਤਾਂ ਇਹ ਠੀਕ ਹੀ ਖ਼ਤਰਨਾਕ ਸਾਬਤ ਹੋਣਗੇ । ਇਸ ਖਿਆਲ ਨਾਲ ਉਸ ਨੇ ਗੁਰੂ ਜੀ ਨੂੰ ਬਾਰਾਂ ਸਾਲ ਦੀ ਕੈਦ ਦਾ ਹੁਕਮ ਦੇ ਕੇ ਸ਼ਾਹੀ ਕੈਦੀ ਬਣਾ ਕੇ ਗਵਾਲੀਅਰ ਦੇ ਕਿਲ੍ਹੇ ਵਿੱਚ ਭੇਜ ਦਿੱਤਾ । ਪੰਜ ਸਿੱਖ ਆਪ ਦੇ ਨਾਲ ਗਏ । ਉਸ ਕਿਲ੍ਹੇ ਵਿੱਚ ਅੱਗੇ ਵੀ ਪ੨ ਰਾਜੇ ਕੈਦ ਸਨ ।

ਗਵਾਲੀਅਰ ਪਹੁੰਚ ਕੇ ਗੁਰੂ ਜੀ ਨੇ ਉਹ ਵਧੀਆ ਖੁਰਾਕ ਖਾਣੋਂ ਨਾਂਹ ਕਰ ਦਿੱਤੀ ਜੋ ਬਾਦਸ਼ਾਹ ਦੇ ਹੁਕਮ ਨਾਲ ਆਪ ਨੂੰ ਦਿੱਤੀ ਜਾਂਦੀ ਸੀ । ਆਪ ਨੇ ਇਹ ਸਭ ਖੁਰਾਕ ਆਪਣੇ ਸਾਥੀ ਕੈਦੀਆਂ ਪ੨ ਰਾਜਿਆਂ ਵਿੱਚ ਵੰਡੀ ਜਾਣ ਦੀ ਆਗਿਆ ਕੀਤੀ । ਆਪ ਦੇ ਖਰਚ ਲਈ ਜੋ ਰਕਮ ਆਉਂਦੀ, ਉਹ ਸਾਰੀ ਆਪ ਰਾਜਿਆਂ ਦੇ ਖਰਚ ਲਈ ਦੇ ਦਿਆ ਕਰਨ । ਇਸ ਤਰ੍ਹਾਂ ਗੁਰੂ ਜੀ ਦੇ ਆਉਣ ਨਾਲ ਉਨ੍ਹਾਂ ਰਾਜਿਆਂ ਦੀ ਖ਼ੁਰਾਕ ਤੇ ਪੁਸ਼ਾਕ ਚੰਗੀ ਹੋ ਗਈ । ਉਹ ਆਪ ਕੇਵਲ ਓਹੀ ਸਾਦੀ ਖੁਰਾਕ ਖਾਂਦੇ ਸਨ ਜਿਹੜੀ ਉਨ੍ਹਾਂ ਦੇ ਸਿੱਖ ਦਸਾਂ ਨਹੁੰਆਂ ਦੀ ਕਿਰਤ ਕਮਾਈ ਕਰ ਕੇ ਲਿਆ

ਦੇਂਦੇ ਸਨ ।

ਗੁਰੂ ਜੀ ਦੀ ਕੈਦ ਦੀ ਖ਼ਬਰ ਨੇ ਸਿੱਖਾਂ ਵਿੱਚ ਬੇਚੈਨੀ ਪੈਦਾ ਕਰ ਦਿੱਤੀ । ਥਾਂ-ਥਾਂ ਤੋਂ ਜਥੇ ਬਣਾ-ਬਣਾ ਕੇ ਸਿੱਖ ਗਵਾਲੀਅਰ ਪਹੁੰਚਦੇ । ਖੁਲ੍ਹੀਆਂ ਮੁਲਾਕਾਤਾਂ ਦੀ ਆਗਿਆ ਨਹੀਂ ਸੀ, ਇਸ ਕਰ ਕੇ ਉਹ ਕਿਲ੍ਹੇ ਦੀ ਕੰਧ ਨੂੰ ਚੁੰਮ ਕੇ ਤੇ ਮੱਥਾ ਟੇਕ ਕੇ ਮੁੜ ਆਉਂਦੇ । ਮਾਤਾ ਗੰਗਾ ਜੀ ਨੇ ਬਾਬਾ ਬੁੱਢਾ ਜੀ ਤੇ ਭਾਈ ਗੁਰਦਾਸ ਜੀ ਨੂੰ ਮੁਲਾਕਾਤ ਤੇ ਖ਼ਬਰ ਸੁਰਤ ਲਈ ਭੇਜਿਆ । ਗੁਰੂ ਜੀ ਨੇ ਉਨ੍ਹਾਂ ਨੂੰ ਧੀਰਜ ਦਿੱਤੀ, ਸਭ ਸਿੱਖ ਸੰਗਤਾਂ ਨੂੰ ਚੜ੍ਹਦੀਆਂ ਕਲਾਂ ਵਿੱਚ ਰਹਿਣ ਦਾ ਉਪਦੇਸ਼ ਦਿੱਤਾ ਅਤੇ ਅੰਤ ਵਿੱਚ ਕਿਹਾ, *'ਅਸੀਂ ਬੜੇ ਅਨੰਦ ਵਿੱਚ ਰਹਿੰਦੇ ਤੇ ਇਕਾਂਤ ਵਿੱਚ ਨਾਮ ਜਪਦੇ ਹਾਂ । ਸਾਡੇ ਸਾਥੀ ਕੈਦੀ ਰਾਜੇ ਸਾਡੇ ਕਰ ਕੇ ਸੁਖੀ ਹਨ, ਉਹ ਗੁਰੂ ਨਾਨਕ ਦੇ ਲੜ ਲੱਗ ਗਏ ਹਨ । ਅਸੀਂ ਛੇਤੀ ਹੀ ਆਵਾਂਗੇ, ਕਰਤਾਰ ਨੂੰ ਚੇਤੇ ਰੱਖੋ ।'*

ਕਿਲ੍ਹੇ ਦਾ ਦਰੋਗਾ, ਹਰੀ ਦਾਸ ਗੁਰੂ-ਘਰ ਦਾ ਪ੍ਰੇਮੀ ਸੀ । ਉਹ ਹਰ ਤਰ੍ਹਾਂ ਗੁਰੂ ਜੀ ਦੀ ਸੇਵਾ ਕਰਦਾ ਰਿਹਾ । ਚੰਦੂ ਨੇ ਹਰੀ ਦਾਸ ਨੂੰ ਬਹੁਤ ਸਾਰਾ ਲਾਲਚ ਦੇ ਕੇ ਕਿਹਾ ਕਿ ਗੁਰੂ ਜੀ ਨੂੰ ਜ਼ਹਿਰ ਦੇ ਕੇ ਮਾਰ ਦਿਓ । ਉਸ ਨੇ ਉਹ ਚਿੱਠੀ ਗੁਰੂ ਜੀ ਦੇ ਅੱਗੇ ਧਰ ਦਿੱਤੀ । ਕੁਝ ਚਿਰ ਮਗਰੋਂ ਚੰਦੂ ਨੇ ਸੁੰਦਰ, ਪਰ ਮਾਰੂ ਜ਼ਹਿਰ ਵਾਲੇ ਬਸਤਰ ਹਰੀ ਦਾਸ ਨੂੰ ਭੇਜੇ ਅਤੇ ਕਿਹਾ ਕਿ ਇਹ ਗੁਰੂ ਜੀ ਨੂੰ ਪਹਿਨਾ ਦਿਓ, ਪਰ ਹਰੀ ਦਾਸ ਨੇ ਇਹ ਚਿੱਠੀ ਵੀ ਗੁਰੂ ਜੀ ਦੇ ਅੱਗੇ ਧਰ ਦਿੱਤੀ ।

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੀ ਕੈਦ ਵਿਰੁੱਧ ਸਿੱਖਾਂ ਅਤੇ ਗੁਰੂ-ਘਰ ਦੇ ਪ੍ਰੇਮੀਆਂ ਤੋਂ ਇਲਾਵਾ ਕਈ ਨੇਕ-ਦਿਲ ਮੁਸਲਮਾਨਾਂ ਨੇ ਵੀ ਅਵਾਜ਼ ਉਠਾਈ । ਨਤੀਜਾ ਇਹ ਹੋਇਆ ਕਿ ਬਾਦਸ਼ਾਹ ਨੇ ਦੋ ਕੁ ਸਾਲ ਦੀ ਕੈਦ ਮਗਰੋਂ ਗੁਰੂ ਜੀ ਦੀ ਰਿਹਾਈ ਦਾ ਹੁਕਮ ਦੇ ਦਿੱਤਾ । ਇਹ ਹੁਕਮ ਲੈ ਕੇ ਵਜ਼ੀਰ ਖਾਂ ਗਵਾਲੀਅਰ ਪੁੱਜਾ।



ਗੁਰੂ ਜੀ ਦੀ ਰਿਹਾਈ ਦੇ ਹੁਕਮ ਆਏ ਸੁਣ ਕੇ ਕੈਦੀ ਰਾਜਿਆਂ ਨੂੰ ਬੜਾ ਦੁੱਖ ਹੋਇਆ ਕਿ ਮਗਰੋਂ ਸਾਡਾ ਫੇਰ ਉਹੋ ਹਾਲ ਹੋਵੇਗਾ ਜੋ ਗੁਰੂ ਜੀ ਦੇ ਆਉਣ ਤੋਂ ਪਹਿਲਾਂ ਸੀ ਪਰ ਗੁਰੂ ਜੀ ਨੇ ਵਜ਼ੀਰ ਖਾਂ ਨੂੰ ਕਹਿ ਦਿੱਤਾ ਕਿ *ਅਸੀਂ ਇਕੱਲੇ ਨਹੀਂ ਜਾਵਾਂਗੇ, ਸਗੋਂ ਆਪਣੇ ੫੨ ਸਾਥੀ ਕੈਦੀਆਂ ਨੂੰ ਨਾਲ ਲੈ ਕੇ ਜਾਵਾਂਗੇ ।* ਵਜ਼ੀਰ ਖਾਂ ਨੇ ਦਿੱਲੀ ਜਾ ਕੇ ਇਹ ਗੱਲ ਬਾਦਸ਼ਾਹ ਨੂੰ ਦੱਸੀ । ਬਾਦਸ਼ਾਹ ਨੇ ਕਿਹਾ ਕਿ ਜਿੰਨੇ ਕੈਦੀ ਰਾਜੇ ਗੁਰੂ ਜੀ ਦਾ ਹੱਥ ਜਾਂ ਪੱਲਾ ਫੜ ਕੇ ਆ ਸਕਣ ਉਹ ਛੱਡ ਦਿੱਤੇ ਜਾਣ । ੫੨ ਕੈਦੀ ਰਾਜਿਆਂ ਨੂੰ ਨਿਰਾਸਤਾ ਜਿਹੀ ਹੋ ਗਈ ਕਿ ਗੁਰੂ ਜੀ ਦਾ ਪੱਲਾ ਜਾਂ ਹੱਥ ਫੜ ਕੇ ਭਲਾ ਕਿੰਨੇ ਕੁ ਨਿਕਲ ਸਕਣਗੇ ਪਰ ਗੁਰੂ ਜੀ ਨੇ ਸਭ ਨੂੰ ਹੌਂਸਲਾ ਦਿੱਤਾ । ਆਪ ਪੰਜਾਹ ਕਲੀਆਂ ਵਾਲਾ ਜਾਮਾ ਪਹਿਨਦੇ ਹੁੰਦੇ ਸਨ । ਆਪ ਨੇ ਪੰਜਾਹ ਰਾਜਿਆਂ ਨੂੰ ਆਪਣੇ ਜਾਮੇ ਦੀ ਇਕ-ਇਕ ਕਲੀ ਫੜਾ ਲਈ, ਦੋਂਹ ਨੂੰ ਆਪਣੇ ਹੱਥ ਫੜਾ ਲਏ ਅਤੇ ਸਭ ਨੂੰ ਨਾਲ ਲੈ ਕੇ ਕਿਲ੍ਹੇ ਤੋਂ ਬਾਹਰ ਆ ਗਏ । ਉਸ ਦਿਨ ਤੋਂ ਆਪ ਦਾ ਨਾਂ 'ਬੰਦੀ-ਛੋੜ' ਕੈਦੀ ਛੁਡਾਉਣ ਵਾਲਾ ਪੈ ਗਿਆ । ਉਸ ਕਿਲ੍ਹੇ ਵਿੱਚ ਇਕ ਤਾਲ ਦੇ ਕੰਢੇ ਇਕ ਅਸਥਾਨ ਬਣਿਆ ਹੋਇਆ ਕਾਇਮ ਹੈ ਇਥੇ ਲੋਹੇ ਦੀ ਫੱਟੀ ਉਪਰ 'ਬੰਦੀ-ਛੋੜ ਦਾਤਾ' ਸ਼ਬਦ ਲਿਖੇ ਹੋਏ ਹਨ ।

ਗੁਰੂ ਜੀ ਗਵਾਲੀਅਰ ਤੋਂ ਦਿੱਲੀ ਪੁੱਜੇ ਅਤੇ ਮਜਨੂੰ ਦੇ ਟਿੱਲੇ 'ਤੇ ਜਾ ਟਿਕੇ । ਬਾਦਸ਼ਾਹ ਆਪ ਦੇ ਦਰਸ਼ਨਾਂ ਨੂੰ ਆਇਆ। ਵਜ਼ੀਰ ਖਾਂ ਆਦਿ ਦੇ ਸਾਰੀ ਗੱਲ ਦੱਸਣ 'ਤੇ ਬਾਦਸ਼ਾਹ ਜਹਾਂਗੀਰ ਨੂੰ ਨਿਸ਼ਚਾ ਹੋ ਗਿਆ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਬਾਰੇ ਉਸ ਨੂੰ ਗਲਤ ਰਾਹ ਪਾਇਆ ਗਿਆ ਸੀ । ਉਸ ਨੇ ਗੁਰੂ ਜੀ ਨੂੰ ਕਸ਼ਟ, ਤਸੀਹੇ ਦੇਣ ਤੇ ਇਸ ਤਰ੍ਹਾਂ ਸ਼ਹੀਦ ਕਰਨ ਦਾ ਸਾਰਾ ਦੋਸ਼ ਚੰਦੂ ਦੇ ਸਿਰ ਥਪਿਆ ਅਤੇ ਸਮੇਂ ਦੀ ਪ੍ਰਚੱਲਤ ਮਰਯਾਦਾ ਮੁਜਬ ਉਸ ਨੂੰ ਗੁਰੂ ਜੀ ਦੇ ਹਵਾਲੇ ਕਰ ਕੇ ਕਿਹਾ, *'ਤੁਸੀਂ ਇਸ ਤੋਂ*

*ਬਦਲਾ ਲੈਣ ਲਈ ਜਿਵੇਂ ਚਾਹੋ ਇਸ ਨਾਲ ਸਲੂਕ ਕਰੋ ।'* ਚੰਦੂ ਦੀਆਂ ਮੁਸ਼ਕਾਂ ਤਾੜ ਕੇ ਉਸ ਨੂੰ ਛਿਤਰਾਇਆ ਅਤੇ ਲਾਹੌਰ ਦੇ ਬਜ਼ਾਰਾਂ ਵਿੱਚ ਫਿਰਾਇਆ ਗਿਆ । ਚਾਰ ਚੁਫੇਰਿਓਂ ਉਸ ਦੇ ਸਿਰ ਤੇ ਮੂੰਹ ਉਪਰ ਖੇਹ ਤੇ ਸਵਾਹ ਦੇ ਬੁੱਕਾਂ ਦੇ ਬੁੱਕ ਪੈਂਦੇ ਸਨ। ਗੁਰਦਿੱਤੇ ਭੜਭੂੰਜੇ ਨੇ, ਜਿਸ ਨੇ ਚੰਦੂ ਦੇ ਆਖੇ ਲੱਗ ਕੇ ਗੁਰੂ ਅਰਜਨ ਦੇਵ ਜੀ ਉਤੇ ਤੱਤੀ ਰੇਤ ਪਾਈ ਸੀ, ਇਸ ਪਾਪੀ ਨੂੰ ਕੜਛਾ ਮਾਰ ਕੇ ਮਾਰ ਘੱਤਿਆ ।

ਇਸ ਤੋਂ ਮਗਰੋਂ ਜਹਾਂਗੀਰ ਦੇ ਗੁਰੂ ਹਰਿਗੋਬਿੰਦ ਸਾਹਿਬ ਨਾਲ ਸਬੰਧ ਚੰਗੇ ਰਹੇ । ਗਵਾਲੀਅਰ ਤੋਂ ਆਇਆਂ ਗੁਰੂ ਜੀ ਨੂੰ ਉਸ ਨੇ ਚੋਖਾ ਚਿਰ ਆਪਣੇ ਪਾਸ ਆਦਰ ਭਾ ਨਾਲ ਰੱਖਿਆ, ਉਨ੍ਹਾਂ ਨਾਲ ਸ਼ਿਕਾਰ ਖੇਡਣ ਜਾਂਦਾ ਰਿਹਾ ਅਤੇ ਉਨ੍ਹਾਂ ਦੀ ਬੜੀ ਕਦਰ ਕਰਦਾ ਰਿਹਾ । ਕੁਝ ਚਿਰ ਮਗਰੋਂ ਕਸ਼ਮੀਰ ਜਾਂਦਾ ਹੋਇਆ ਜਹਾਂਗੀਰ ਬਾਦਸ਼ਾਹ ਅੰਮ੍ਰਿਤਸਰ ਵੀ ਆਇਆ । ਉਸ ਨੇ ਗੁਰੂ ਜੀ ਨੂੰ ਕਿਹਾ : *'ਜੇ ਆਗਿਆ ਕਰੋ, ਤਾਂ ਸ੍ਰੀ ਅਕਾਲ ਤਖ਼ਤ ਦੀ ਇਮਾਰਤ ਸ਼ਾਹੀ ਖ਼ਰਚ 'ਤੇ ਮੁਕੰਮਲ ਕਰਵਾ ਦਿੱਤੀ ਜਾਵੇ ।'* ਗੁਰੂ ਜੀ ਨੇ ਉਤਰ ਦਿੱਤਾ : *'ਇਹ ਧਰਮ ਤੇ ਨਿਆਂ ਦਾ ਤਖ਼ਤ ਹੈ, ਇਸ ਦੀ ਇਮਾਰਤ ਸਿੱਖਾਂ ਦੀ ਮਿਹਨਤ ਤੇ ਧਰਮ-ਕਿਰਤ ਨਾਲ ਹੀ ਬਣਨੀ ਚਾਹੀਦੀ ਹੈ ।'*

ਇਸ ਤੋਂ ਮਗਰੋਂ ਜਹਾਂਗੀਰ ਦੇ ਸਮੇਂ ਗੁਰੂ ਜੀ ਪੂਰਨ ਅਮਨ ਵਿੱਚ ਰਹਿ ਸਕੇ ਅਤੇ ਸਿੱਖੀ ਦੇ ਪ੍ਰਚਾਰ ਵੱਲ ਪੂਰਾ-ਪੂਰਾ ਧਿਆਨ ਦੇ ਸਕੇ ।



## ਕਾਂਡ ੩

# ਗੁਰ-ਪਰਵਾਰ ਤੇ ਗੁਰਸਿੱਖੀ ਪ੍ਰਚਾਰ

## (ੳ) ਗੁਰੂ ਜੀ ਦਾ ਪਰਵਾਰ

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਤਿੰਨ ਵਿਆਹ ਹੋਏ । ਆਪ ਦਾ ਪਹਿਲਾ ਵਿਆਹ ਡੱਲਾ ਨਿਵਾਸੀ ਸ੍ਰੀ ਨਾਰਾਇਣ ਦਾਸ ਦੀ ਸਪੁੱਤਰੀ, ਸ੍ਰੀ (ਮਾਤਾ) ਦਮੋਦਰੀ ਜੀ ਨਾਲ ਸੰਮਤ ੧੬੬੧ ਵਿੱਚ ਹੋਇਆ । ਇਨ੍ਹਾਂ ਦੀ ਕੁੱਖੋਂ ਹੇਠ ਲਿਖੀ ਸੰਤਾਨ ਪੈਦਾ ਹੋਈ :

੧) ਬਾਬਾ ਗੁਰਦਿੱਤਾ ਜੀ– ਇਹ ਗੁਰੂ ਸਾਹਿਬ ਦੇ ਸਭ ਤੋਂ ਵੱਡੇ ਸਾਹਿਬਜ਼ਾਦੇ ਸਨ । ਇਨ੍ਹਾਂ ਦਾ ਜਨਮ ਕੱਤਕ ਸੁਦੀ ੧੫, ਸੰਮਤ ੧੬੭੦ ਨੂੰ ਇਨ੍ਹਾਂ ਦੇ ਮਾਸੀ ਜੀ ਦੇ ਪਿੰਡ ਡਰੋਲੀ, ਜ਼ਿਲ੍ਹਾ ਫੀਰੋਜ਼ਪੁਰ ਵਿੱਚ ਹੋਇਆ । ਬਾਬਾ ਗੁਰਦਿੱਤਾ ਜੀ ਨੇ ਧਾਰਮਕ ਅਤੇ ਸ਼ਸਤਰ ਵਿਦਿਆ ਆਪਣੇ ਪਿਤਾ ਜੀ ਦੀ ਨਿਗਰਾਨੀ ਵਿੱਚ ਬੜੇ ਉਤਮ ਢੰਗ ਨਾਲ ਪ੍ਰਾਪਤ ਕੀਤੀ । ਆਪ ਠੀਕ ਹੀ ਸੰਤ ਸੂਰਮੇ ਸਨ । ਇਕ ਪਾਸੇ ਆਪ ਨਾਮ-ਬਾਣੀ ਦੇ ਰਸੀਏ ਤੇ ਚੋਟੀ ਦੇ ਵਿਦਵਾਨ ਸਨ, ਦੂਜੇ ਪਾਸੇ ਨਿਰਭੈ ਤੇ ਦਲੇਰ ਜੋਧੇ ਅਤੇ ਫੌਜੀ ਜਰਨੈਲ ਸਨ । ਛੇਵੀਂ ਪਾਤਸ਼ਾਹੀ ਦੇ ਜੁੱਧਾਂ ਵਿੱਚ ਇਨ੍ਹਾਂ ਨੇ ਵੱਧ ਚੜ੍ਹ ਕੇ ਹਿੱਸਾ ਲਿਆ ਅਤੇ ਉਤਮ ਦਰਜੇ ਦੀ ਵੀਰਤਾ ਦਿਖਾਈ।

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਆਗਿਆ ਅਨੁਸਾਰ ਬਾਬਾ ਗੁਰਦਿੱਤਾ ਜੀ ਜੋਗੀਰਾਜ ਬਾਬਾ ਸਿਰੀ ਚੰਦ ਦੇ ਚੇਲੇ ਬਣੇ ਅਤੇ ਗੁਰਸਿੱਖੀ ਦਾ ਪ੍ਰਚਾਰ ਕੀਤਾ ।

ਬਾਬਾ ਗੁਰਦਿੱਤਾ ਜੀ ਦਾ ਵਿਆਹ ੨੨ ਵੈਸਾਖ ਸੰਮਤ ੧੬੮੧ ਵਿੱਚ ਸ੍ਰੀ ਨਿਹਾਲ ਕੌਰ (ਅਨੰਤੀ) ਜੀ ਨਾਲ ਹੋਇਆ । ਇਨ੍ਹਾਂ ਦੀ ਕੁੱਖ ਤੋਂ ਦੋ ਪੁੱਤ ਹੋਏ-ਧੀਰਮਲ ਤੇ ਗੁਰੂ ਹਰਿਰਾਇ

ਸਾਹਿਬ।

ਬਾਬਾ ਜੀ ਦਾ ਦੇਹਾਂਤ ਚੇਤ ਸੁਦੀ ੧੦, ਸੰਮਤ ੧੬੯੫ ਕੀਰਤਪੁਰ ਵਿੱਚ ਹੋਇਆ।

੨) ਬੀਬੀ ਵੀਰੋ ਜੀ– ਇਨ੍ਹਾਂ ਦਾ ਜਨਮ ਸੰਮਤ ੧੬੭੨ ਵਿੱਚ ਅੰਮ੍ਰਿਤਸਰ ਹੋਇਆ। ਜਦ ਬੀਬੀ ਜਵਾਨ ਹੋਈ ਤਾਂ ਮਾਤਾ ਗੰਗਾ ਜੀ ਨੇ ਸ੍ਰੀ ਹਰਿਗੋਬਿੰਦ ਸਾਹਿਬ ਨੂੰ ਕਿਹਾ ਕਿ ਬੀਬੀ ਵੀਰੋ ਲਈ ਵਰ ਦੀ ਭਾਲ ਕਰਨੀ ਚਾਹੀਦੀ ਹੈ। ਗੁਰੂ ਜੀ ਨੇ ਕਿਹਾ: 'ਮਾਤਾ ਜੀ, ਕਰਤਾਰ ਸਭ ਕੰਮ ਸਵਾਰੇਗਾ।' ਕੁਝ ਦਿਨ ਮਗਰੋਂ ਮੈਲੇ ਜਿਹੇ ਕੱਪੜੇ ਪਾਈ ਤੇ ਆਪਣੇ ਜਵਾਨ ਪੁੱਤ ਨੂੰ ਨਾਲ ਲਾਈ ਬੈਠਾ ਇਕ ਬੰਦਾ ਗੁਰੂ ਜੀ ਦੀ ਨਜ਼ਰ ਪਿਆ। ਗੁਰੂ ਜੀ ਨੇ ਉਨ੍ਹਾਂ ਨੂੰ ਸੱਦਿਆ। ਬੰਦੇ ਦਾ ਨਾਂ 'ਧਰਮਾ' ਤੇ ਮੁੰਡੇ ਦਾ ਨਾਂ 'ਸਾਧੂ'ਸੀ। ਗੁਰੂ ਜੀ ਨੇ ਬੀਬੀ ਵੀਰੋ ਦੀ ਮੰਗਣੀ ਸਾਧੂ ਨਾਲ ਕਰ ਦਿੱਤੀ। ਬੀਬੀ ਜੀ ਦਾ ਵਿਆਹ ਸੰਮਤ ੧੬੮੬ ਵਿੱਚ ਝਬਾਲ ਪਿੰਡ ਵਿੱਚ ਭਾਈ ਲੰਗਾਹ ਜੀ ਦੇ ਮਕਾਨਾਂ ਵਿੱਚ ਹੋਇਆ। ਬੀਬੀ ਜੀ ਦੀ ਕੁੱਖ ਤੋਂ ਪੰਜ ਧਰਮ ਵੀਰ ਪੁੱਤ ਜੰਮੇ ਜਿਨ੍ਹਾਂ ਨੇ ਸ੍ਰੀ ਦਸਮੇਸ਼ ਜੀ ਦੇ ਭੰਗਾਣੀ ਦੇ ਜੁੱਧ ਵਿੱਚ ਬੜੀ ਬੀਰਤਾ ਵਿਖਾਈ।

੩) ਸ੍ਰੀ ਅਣੀ ਰਾਇ ਜੀ- ਇਹ ਮਾਘ ਸੰਮਤ ੧੬੭੫ ਵਿੱਚ ਸ੍ਰੀ ਅੰਮ੍ਰਿਤਸਰ ਪੈਦਾ ਹੋਏ। ਇਹ ਤਿਆਗੀ ਸਨ ਅਤੇ ਨਾਮ ਬਾਣੀ ਦੇ ਅਭਿਆਸ ਵਿੱਚ ਲੱਗੇ ਰਹਿੰਦੇ ਸਨ। ਇਨ੍ਹਾਂ ਨੇ ਵਿਆਹ ਨਹੀਂ ਸੀ ਕਰਾਇਆ। ਇਨ੍ਹਾਂ ਦਾ ਦੇਹਾਂਤ ਕੀਰਤਪੁਰ ਵਿੱਚ ਹੋਇਆ।

ਸ੍ਰੀ ਮਾਤਾ ਦਮੋਦਰੀ ਜੀ ਦਾ ਦੇਹਾਂਤ ਸੰਮਤ ੧੬੮੮ ਵਿੱਚ ਡਰੋਲੀ ਹੋਇਆ।

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦਾ ਦੂਜਾ ਵਿਆਹ ਬਕਾਲਾ ਨਿਵਾਸੀ ਸ੍ਰੀ ਹਰੀਚੰਦ ਜੀ ਦੀ ਸਪੁੱਤਰੀ, ਸ੍ਰੀ (ਮਾਤਾ) ਨਾਨਕੀ



ਜੀ, ਨਾਲ ੮ ਵੈਸਾਖ ਸੰਮਤ ੧੬੭੦ ਨੂੰ ਹੋਇਆ। ਇਨ੍ਹਾਂ ਦੀ ਕੁੱਖੋਂ ਦੋ ਪੁੱਤ ਜਨਮੇ– ਬਾਬਾ ਅਟੱਲ ਰਾਇ ਜੀ ਅਤੇ ਸ੍ਰੀ (ਗੁਰੂ) ਤੇਗ ਬਹਾਦਰ ਜੀ। ਮਾਤਾ ਜੀ ਦਾ ਦੇਹਾਂਤ ਸੰਮਤ ੧੭੩੫ ਵਿੱਚ ਕੀਰਤਪੁਰ ਹੋਇਆ।

ਬਾਬਾ ਅਟੱਲ ਰਾਇ ਜੀ ਦਾ ਜਨਮ ਸੰਮਤ ੧੬੭੬ ਵਿੱਚ ਅੰਮ੍ਰਿਤਸਰ ਹੋਇਆ। ਸੰਮਤ ੧੬੮੫ ਵਿੱਚ ਇਨ੍ਹਾਂ ਨੇ ਆਪਣੇ ਇਕ ਮਰ ਗਏ ਖਿਡਾਰੀ ਹਾਣੀ ਨੂੰ ਆਪਣੀ ਸ਼ਕਤੀ ਨਾਲ ਜਿਵਾਲ ਦਿੱਤਾ। ਗੁਰੂ ਜੀ ਨੂੰ ਪਤਾ ਲੱਗਾ ਤਾਂ ਉਹ ਨਾਰਾਜ਼ ਹੋਏ। ਇਸ ਤੇ ਬਾਬਾ ਅਟੱਲ ਰਾਇ ਜੀ ਚਾਦਰ ਤਾਣ ਕੇ ਪੈ ਗਏ ਅਤੇ ਜੋਤੀ ਜੋਤਿ ਸਮਾ ਗਏ। ਉਸ ਥਾਂ ਮਗਰੋਂ ਨੌਂ-ਛੱਤਾ ਸ਼ਾਨਦਾਰ ਗੁਰਦੁਆਰਾ ਬਣਿਆ।

ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਜਨਮ ਸੰਮਤ ੧੬੭੮ ਵਿੱਚ ਅੰਮ੍ਰਿਤਸਰ ਹੋਇਆ। ਇਨ੍ਹਾਂ ਦਾ ਵਿਸਥਾਰ ਪੂਰਵਕ ਹਾਲ ਅਗਾਂਹ ਦਿੱਤਾ ਜਾਵੇਗਾ।

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦਾ ਤੀਜਾ ਵਿਆਹ ਮੰਡਿਆਲੀ ਨਿਵਾਸੀ ਸ੍ਰੀ ਦਇਆ ਰਾਮ ਮਰਵਾਹੇ ਖੱਤਰੀ ਦੀ ਸਪੁੱਤਰੀ, ਸ੍ਰੀ (ਮਾਤਾ) ਮਹਾਂਦੇਵੀ ਜੀ ਨਾਲ ੧੧ ਸਾਵਣ ਸੰਮਤ ੧੬੭੨ ਨੂੰ ਹੋਇਆ। ਗੋਤ-ਨਾਂ ਦੇ ਕਾਰਨ ਇਤਿਹਾਸ ਵਿੱਚ ਇਨ੍ਹਾਂ ਦਾ ਨਾਂ 'ਮਰਵਾਹੀ' ਵੀ ਲਿਖਿਆ ਹੈ। ਇਨ੍ਹਾਂ ਦੀ ਕੁੱਖ ਤੋਂ ਸ੍ਰੀ ਸੂਰਜ ਮੱਲ ਜੀ ਸੰਮਤ ੧੬੭੪ ਵਿੱਚ ਅੰਮ੍ਰਿਤਸਰ ਵਿੱਚ ਪੈਦਾ ਹੋਏ। ਇਹ ਮਾਤਾ ਜੀ ਸੰਮਤ ੧੭੦੨ ਵਿੱਚ ਕੀਰਤਪੁਰ ਜੋਤੀ ਜੋਤਿ ਸਮਾਏ।

## ਗੁਰਸਿੱਖੀ ਦਾ ਪ੍ਰਚਾਰ

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਗਵਾਲੀਅਰ ਤੋਂ ਸੰਮਤ ੧੬੭੧ (ਸੰਨ ੧੬੧੪) ਵਿੱਚ ਵਾਪਸ ਆਏ। ਇਸ ਤੋਂ ਮਗਰੋਂ

ਜਹਾਂਗੀਰ ਬਾਦਸ਼ਾਹ ਆਪ ਦਾ ਮਿੱਤਰ ਬਣਿਆ ਰਿਹਾ ਤੇ ਉਸ ਨੇ ਆਪ ਦੇ ਕੰਮ ਵਿੱਚ ਕੋਈ ਦਖਲ ਨਾ ਦਿੱਤਾ ਤੇ ਵਿਘਨ ਨਾ ਪਾਇਆ । ਗੁਰੂ ਜੀ ਆਪ ਅਮਨ ਦੇ ਚਾਹਵਾਨ ਸਨ ਅਤੇ ਅਮਨ ਵਿੱਚ ਰਹਿ ਕੇ ਗੁਰਸਿੱਖੀ ਦਾ ਪ੍ਰਚਾਰ ਕਰਨਾ ਚਾਹੁੰਦੇ ਸਨ । ਇਸ ਕਰ ਕੇ ਗੁਰੂ ਜੀ ਨੇ ਹੁਣ ਸਿੱਖੀ ਦਾ ਪ੍ਰਚਾਰ ਕਰਨ ਅਤੇ ਸਿੱਖੀ ਦੇ ਟਿਕਾਣੇ ਜਾਂ ਅਸਥਾਨ ਕਾਇਮ ਕਰਨ ਵੱਲ ਧਿਆਨ ਦਿੱਤਾ । ਸ੍ਰੀ ਗੁਰੂ ਨਾਨਕ ਦੇਵ ਜੀ ਮਗਰੋਂ ਆਪ ਜੀ ਪਹਿਲੇ ਸਤਿਗੁਰੂ ਸਨ ਜਿਨ੍ਹਾਂ ਨੇ ਸਿੱਖੀ ਦੇ ਪ੍ਰਚਾਰ ਦੀ ਖਾਤਰ ਪੰਜਾਬ ਤੋਂ ਬਾਹਰ ਦਾ ਦੌਰਾ ਕੀਤਾ । ਆਪ ਸਤਿਨਾਮ ਤੇ ਅੰਮ੍ਰਿਤ ਦੇ ਗੱਫੇ ਵਰਤਾਉਂਦੇ ਥਾਂ-ਥਾਂ ਪੁੱਜੇ ਅਤੇ ਅਨੇਕਾਂ ਹਿੰਦੂਆਂ ਤੇ ਮੁਸਲਮਾਨਾਂ ਨੂੰ ਸਿੱਖੀ ਦੇ ਮੰਡਲ ਵਿੱਚ ਲਿਆਉਣ ਵਿੱਚ ਸਫਲ ਹੋਏ ।

ਅੰਮ੍ਰਿਤਸਰੋਂ ਚਲ ਕੇ ਪਹਿਲਾਂ ਆਪ ਲਾਹੌਰ ਪੁੱਜੇ । ਓਥੋਂ ਜਹਾਂਗੀਰ ਬਾਦਸ਼ਾਹ ਦਾ ਸੱਦਾ ਆਇਆ ਸੀ । ਗੁਰੂ ਜੀ ਨੇ ਆਪਣਾ ਡੇਰਾ ਮੁੰਜ਼ਗੀਂ ਲਾਇਆ ।* ਅਗਲੇ ਦਿਨ ਆਪ ਬਾਉਲੀ ਸਾਹਿਬ ਗਏ ਤੇ ਫੇਰ ਉਸ ਥਾਂ ਗਏ ਜਿਥੇ ਸ੍ਰੀ ਗੁਰੂ ਅਰਜਨ ਦੇਵ ਜੀ ਜੋਤੀ-ਜੋਤਿ ਸਮਾਏ ਸਨ । ਇਸ ਥਾਂ ਆਪ ਨੇ ਛੋਟਾ ਜਿਹਾ ਮੰਦਰ ਬਣਵਾਇਆ ਅਤੇ ਭਾਈ ਲੰਗਾਹ ਨੂੰ ਇਸ ਦੀ ਸੇਵਾ ਲਈ ਨੀਅਤ ਕੀਤਾ ।

ਲਾਹੌਰੋਂ ਚੱਲ ਕੇ ਗੁਜ਼ਰਾਂਵਾਲਾ, ਵਜ਼ੀਰਾਬਾਦ ਭਿੰਬਰ ਆਦਿਕ ਥਾਵਾਂ ਤੋਂ ਹੁੰਦੇ ਹੋਏ ਅਤੇ ਹਰ ਥਾਂ ਅਨੇਕਾਂ ਜੀਵਾਂ ਨੂੰ ਗੁਰਸਿੱਖੀ ਦਾਨ ਕਰਦੇ ਹੋਏ ਗੁਰੂ ਜੀ ਕਸ਼ਮੀਰ ਪੁੱਜੇ । ਓਥੇ ਹਕੂਮਤ ਦੇ ਰੋਹਬ ਤੇ ਦਬਾ ਦੇ ਕਾਰਨ ਬਹੁਤ ਸਾਰੇ ਹਿੰਦੂ, ਮੁਸਲਮਾਨ ਬਣ ਚੁੱਕੇ ਸਨ ਤੇ ਬਣਦੇ ਜਾ ਰਹੇ ਸਨ । ਗੁਰੂ ਜੀ ਦੇ ਪ੍ਰਚਾਰ ਨੇ ਇਸ ਲਹਿਰ ਨੂੰ

*ਇਸ ਥਾਂ ਮਗਰੋਂ ਗੁਰਦੁਆਰਾ ਛੇਵੀਂ ਪਾਤਸ਼ਾਹੀ ਬਣਿਆ ਇਹ ੧੯੪੭ ਵਿੱਚ ਬਰਬਾਦ ਕੀਤਾ ਗਿਆ ।



ਕੇਵਲ ਠੱਲ ਹੀ ਨਾ ਪਾਈ, ਸਗੋਂ ਇਸ ਦਾ ਰੌਂ ਹੀ ਬਦਲ ਦਿੱਤਾ। ਅਨੇਕਾਂ ਹਿੰਦੂਆਂ ਤੋਂ ਇਲਾਵਾ ਹਜ਼ਾਰਾਂ ਹੀ ਅਜਿਹੇ ਮੁਸਲਮਾਨ ਸਿੱਖ ਬਣੇ, ਜਿਹੜੇ ਹਿੰਦੂ ਧਰਮ ਤਿਆਗ ਕੇ ਮੁਸਲਮਾਨ ਬਣੇ ਸਨ । ਗੁਰੂ ਜੀ ਨੇ ਕਸ਼ਮੀਰ ਵਿੱਚ ਗੁਰਸਿੱਖੀ ਦੇ ਪ੍ਰਚਾਰ ਦਾ ਕੰਮ ਚਾਲੂ ਰੱਖਣ ਲਈ ਭਾਈ ਗੜ੍ਹੀਏ ਨੂੰ ਨੀਯਤ ਕੀਤਾ ।

ਗੁਰੂ ਜੀ ਨੇ ਸ੍ਰੀਨਗਰ (ਕਸ਼ਮੀਰ) ਰਹਿਣ ਸਮੇਂ ਆਪ ਨੂੰ ਸ਼ਿਵਾ ਜੀ ਮਰਹੱਟੇ ਦੇ ਧਾਰਮਕ ਗੁਰੂ ਸ੍ਰੀ ਸਮ੍ਰਥ ਰਾਮਦਾਸ ਜੀ ਮਿਲੇ । ਗੁਰੂ ਜੀ ਸ਼ਸਤਰ ਪਹਿਨੀ ਤੇ ਘੋੜੇ 'ਤੇ ਚੜ੍ਹੀ ਸ਼ਿਕਾਰ ਖੇਡ ਕੇ ਵਾਪਸ ਆਏ ਸਨ । ਸ੍ਰੀ ਸਮ੍ਰਥ ਰਾਮਦਾਸ ਜੀ ਨੇ ਕਿਹਾ, *'ਅਸਾਂ ਸੁਣਿਆ ਸੀ ਕਿ ਤੁਸੀਂ ਗੁਰੂ ਨਾਨਕ ਜੀ ਦੀ ਗੱਦੀ 'ਤੇ ਬਿਰਾਜਮਾਨ ਹੋ, ਪਰ ਗੁਰੂ ਨਾਨਕ ਦੇਵ ਜੀ ਤਾਂ ਤਿਆਗੀ ਸਾਧੂ ਸਨ, ਤੁਸੀਂ ਸ਼ਸਤਰ ਪਹਿਨਦੇ ਹੋ, ਤੁਸਾਂ ਫੌਜ ਤੇ ਘੋੜੇ ਰੱਖੇ ਹੋਏ ਹਨ, ਤੁਸੀਂ 'ਸੱਚਾ ਪਾਤਸ਼ਾਹ' ਅਖਵਾਉਂਦੇ ਹੋ । ਤੁਸੀਂ ਕਿਹੋ ਜਿਹੇ ਸਾਧੂ ਹੋ ?'*

ਗੁਰੂ ਜੀ ਨੇ ਉਤਰ ਦਿੱਤਾ, *'ਬਾਤਨ ਫਕੀਰੀ, ਜਾਹਰ ਅਮੀਰੀ, ਸ਼ਸਤਰ ਗਰੀਬ ਦੀ ਰੱਖਿਆ, ਜਰਵਾਣੇ ਕੀ ਭੱਖਿਆ* ਬਾਬਾ ਨਾਨਕ ਨੇ ਸੰਸਾਰ ਨਹੀਂ ਤਿਆਗਿਆ ਸੀ, ਮਾਇਆ ਤਿਆਗੀ ਸੀ ।'*

ਇਹ ਉਤਰ ਮਹਾਤਮਾ ਰਾਮਦਾਸ ਦੇ ਦਿਲ ਲੱਗਾ ਅਤੇ ਉਨ੍ਹਾਂ ਨੇ ਗੁਰੂ ਜੀ ਨੂੰ ਨਮਸਕਾਰ ਕੀਤਾ ।

ਕੁਝ ਚਿਰ ਕਸ਼ਮੀਰ ਰਹਿ ਕੇ ਗੁਰੂ ਜੀ ਵਾਪਸ ਮੁੜੇ ਥਾਂ-ਥਾਂ ਸਿੱਖੀ ਦਾ ਪ੍ਰਚਾਰ ਕਰਦੇ-ਕਰਦੇ ਬਾਰਾਂਮੂਲੇ ਹੁੰਦੇ ਹੋਏ ਪੰਜਾਬ ਵਿੱਚ ਆਏ । ਗੁਜਰਾਤ ਪਹੁੰਚ ਕੇ ਆਪ ਕੁਝ ਚਿਰ ਓਥੇ ਠਹਿਰੇ ਤੇ ਸਿੱਖੀ ਪ੍ਰਚਾਰ ਕਰਦੇ ਰਹੇ । ਸੈਂਕੜੇ ਹਿੰਦੂ ਤੇ ਮੁਸਲਮਾਨ ਸਿੱਖ

*ਤਬਾਹੀ, ਨਾਸ ।

ਬਣੇ । ਏਥੇ ਆਪ ਨੂੰ ਪ੍ਰਸਿੱਧ ਫਕੀਰ ਸ਼ਾਹ ਦੌਲਾ ਮਿਲਿਆ । ਉਸ ਨੇ ਗੁਰੂ ਜੀ ਦਾ ਮੀਰੀ ਤੇ ਪੀਰੀ ਵਾਲਾ ਠਾਠ-ਬਾਠ ਵੇਖ ਕੇ ਉਨ੍ਹਾਂ ਤੋਂ ਚਾਰ ਸਵਾਲ ਕੀਤੇ : ੧) ਹਿੰਦੂ ਕੀ ਤੇ ਫ਼ਕੀਰੀ ਕੀ ?

੨) ਔਰਤ ਕੀ ਤੇ ਪੀਰੀ ਕੀ ?

੩) ਪੁੱਤਰ ਕੀ ਤੇ ਵੈਰਾਗ ਕੀ ?

੪) ਦੌਲਤ ਕੀ ਤੇ ਤਿਆਗ ਕੀ ?

ਉਸ ਦਾ ਮਤਲਬ ਗੁਰੂ ਜੀ ਨੂੰ ਇਹ ਕੁਝ ਜਿਤਾਉਣ ਦਾ ਸੀ, 'ਆਪ ਨੂੰ ਫਕੀਰੀ, ਪੀਰੀ, ਵੈਰਾਗ ਅਤੇ ਤਿਆਗ ਦਾ ਮਾਲਕ ਕਿਹਾ ਜਾਂਦਾ ਹੈ, ਪਰ ਇਹ ਗੱਲ ਠੀਕ ਨਹੀਂ । ਫਕੀਰ ਤਾਂ ਮੁਸਲਮਾਨ ਹੀ ਹੋ ਸਕਦੇ ਹਨ, ਤੁਸੀਂ ਹਿੰਦੂ ਹੋ, ਇਸ ਕਰ ਕੇ ਤੁਸੀਂ ਫਕੀਰ ਨਹੀਂ ਹੋ ਸਕਦੇ ।'

'ਵਿਆਹੇ ਹੋਏ ਹੋਣ ਕਰ ਕੇ ਤੁਸੀਂ ਪੀਰੀ ਦੇ ਹੱਕਦਾਰ ਨਹੀਂ, ਤੁਹਾਡਾ ਬਾਲ-ਬੱਚਾ ਤੇ ਪਰਵਾਰ ਹੈ, ਇਸ ਕਰ ਕੇ ਤੁਸੀਂ ਵੈਰਾਗੀ ਨਹੀਂ ਕਹੇ ਜਾ ਸਕਦੇ ।'

'ਤੁਸੀਂ ਧਨ-ਦੌਲਤ ਵਾਲੇ ਹੋ, ਫਿਰ ਤੁਸੀਂ ਤਿਆਗੀ ਕਿਵੇਂ ਅਖਵਾ ਸਕਦੇ ਹੋ ?'

ਗੁਰੂ ਜੀ ਨੇ ਇਨ੍ਹਾਂ ਚਹੁੰਆਂ ਪ੍ਰਸ਼ਨਾਂ ਦੇ ਉਤਰ ਇਹ ਦਿੱਤੇ:

੧) ਔਰਤ ਇਮਾਨ ।

੨) ਪੁੱਤਰ ਨਿਸ਼ਾਨ ।

੩) ਦੌਲਤ ਗੁਜ਼ਰਾਨ

੪) ਫਕੀਰ ਨਾ ਹਿੰਦੂ ਨਾ ਮੁਸਲਮਾਨ ।

ਗੁਰੂ ਜੀ ਦਾ ਭਾਵ ਇਹ ਸੀ ਇਨਸਾਨ ਦੀ ਇਸਤਰੀ ਉਸ ਦਾ ਆਚਰਨ ਕਾਇਮ ਰੱਖਣ ਵਿੱਚ ਸਹਾਈ ਹੁੰਦੀ ਹੈ, ਪੁੱਤਰ ਉਸ ਦੀ ਯਾਦਗਾਰ ਕਾਇਮ ਰੱਖਦੇ ਹਨ, ਧਨ-ਦੌਲਤ ਉਸ ਦੇ ਗੁਜ਼ਾਰੇ



ਵਾਸਤੇ ਜ਼ਰੂਰੀ ਹੁੰਦਾ ਹੈ ਅਤੇ ਫਕੀਰ ਤਾਂ ਰੱਬ ਦਾ ਪਿਆਰਾ ਹੁੰਦਾ ਹੈ । ਉਹ ਨਾ ਹਿੰਦੂ ਹੈ, ਨਾ ਮੁਸਲਮਾਨ, ਉਹ ਸਭ ਧਰਮਾਂ ਤੇ ਧਰਮਾਂ ਵਾਲਿਆਂ ਨੂੰ ਇਕੋ ਜਿਹਾ ਜਾਣਦਾ ਗਿਣਦਾ ਹੈ ।

ਗੁਜਰਾਤੋਂ ਤੁਰ ਕੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਵਜ਼ੀਰਾਬਾਦ, ਭਾਈ ਕੇ ਮੱਟੂ, ਹਾਫਜ਼ਾਬਾਦ, ਸ਼ਰਕਪੁਰ ਆਦਿ ਤੋਂ ਹੁੰਦੇ ਹੋਏ ਆਪ ਨਨਕਾਣੇ ਸਾਹਿਬ ਪੁੱਜੇ । ਓਥੇ ਆਪ ਨੇ ਸਭ ਗੁਰ-ਅਸਥਾਨਾਂ ਦੀ ਸੰਭਾਲ ਦਾ ਪ੍ਰਬੰਧ ਕੀਤਾ । ਫੇਰ ਗੁਰੂ ਜੀ ਅੰਮ੍ਰਿਤਸਰ ਆ ਗਏ ।

ਅੱਗੇ ਦੱਸਿਆ ਗਿਆ ਹੈ ਕਿ ਪੀਲੀਭੀਤ (ਉਤਰ ਪ੍ਰਦੇਸ਼) ਦੇ ਪਾਸ ਜੋਗੀਆਂ ਦਾ ਵੱਡਾ ਅਸਥਾਨ ਗੋਰਖਮਤਾ ਸੀ । ਇਥੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਿਧਾਂ ਜੋਗੀਆਂ ਨਾਲ ਗੋਸ਼ਟ ਕਰ ਕੇ ਉਨ੍ਹਾਂ ਨੂੰ ਹਰਾਇਆ ਸੀ, ਜਿਸ ਕਰ ਕੇ ਉਸ ਥਾਂ ਦਾ ਨਾਂ ਨਾਨਕ ਮਤਾ ਹੋ ਗਿਆ ਸੀ । ਗੁਰੂ ਨਾਨਕ ਦੇਵ ਜੀ ਤੋਂ ਮਗਰੋਂ ਇਸ ਥਾਂ ਦਾ ਪੰਜਾਬ ਤੇ ਸਿੱਖੀ ਦੇ ਕੇਂਦਰ ਨਾਲ ਸੰਬੰਧ ਨਾ ਰਿਹਾ । ਜੋਗੀ ਫੇਰ ਜ਼ੋਰ ਫੜ ਗਏ ਅਤੇ ਗੁਰਦੁਆਰੇ ਦੇ ਸਿੱਖ ਸੇਵਕ ਨੂੰ ਤੰਗ ਕਰਨ ਲੱਗ ਪਏ । ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇਸਮੇਂ ਉਸ ਅਸਥਾਨ ਦੀ ਸੇਵਾ ਭਾਈ ਅਲਮਸਤ ਕਰਦਾ ਸੀ । ਉਸ ਨੇ ਗੁਰੂ ਜੀ ਨੂੰ ਖ਼ਬਰ ਭੇਜੀ ਕਿ ਜੋਗੀਆਂ ਨੇ ਗੁਰ-ਅਸਥਾਨ ਦੀ ਨਿਰਾਦਰੀ ਕੀਤੀ ਹੈ ਅਤੇ ਮੈਨੂੰ ਵੀ ਕੁੱਟਿਆ ਹੈ । ਇਹ ਖ਼ਬਰ ਸੁਣ ਕੇ ਕੁਝ ਸੂਰਬੀਰ ਸਿੱਖਾਂ ਨੂੰ ਨਾਲ ਲੈ ਕੇ ਗੁਰੂ ਜੀ ਨਾਨਕ ਮਤੇ ਪਹੁੰਚ ਗਏ । ਜੋਗੀ ਡਰਦੇ ਭੱਜ ਗਏ । ਗੁਰੂ ਜੀ ਨੇ ਗੁਰਦੁਆਰਾ ਬਣਾਇਆ ਅਤੇ ਸਿੱਖੀ ਦਾ ਕੇਂਦਰ ਫੇਰ ਮਜ਼ਬੂਤੀ ਸਹਿਤ ਕਾਇਮ ਕੀਤਾ । ਇਸ ਇਲਾਕੇ ਦੇ ਰਾਜੇ ਬਾਜ ਬਹਾਦਰ, ਨੇ ਗੁਰੂ ਜੀ ਦੇ ਦਰਸ਼ਨ ਕੀਤੇ ਅਤੇ ਉਪਦੇਸ਼ ਸੁਣ ਕੇ ਸਿੱਖੀ ਧਾਰਨ ਕੀਤੀ । ਨਾਨਕ ਮਤੇ ਵਿੱਚ ਗੁਰਦੁਆਰੇ ਦੀ ਸੰਭਾਲ ਅਤੇ ਸਿੱਖੀ ਪ੍ਰਚਾਰ

ਦਾ ਪ੍ਰਬੰਧ ਕਰ ਕੇ ਗੁਰੂ ਜੀ ਵਾਪਸ ਆ ਗਏ ।

ਕੁਝ ਚਿਰ ਮਗਰੋਂ ਗੁਰੂ ਜੀ ਨੇ ਨਾਲਾਗੜ੍ਹ, ਦੂਨ ਤੇ ਪਹਾੜੀ ਇਲਾਕੇ ਦਾ ਦੌਰਾ ਕੀਤਾ ਅਤੇ ਸਭ ਥਾਈਂ ਅਨੇਕਾਂ ਹਿੰਦੂਆਂ ਤੇ ਮੁਸਲਮਾਨਾਂ ਨੂੰ ਗੁਰਸਿੱਖੀ ਦਾ ਦਾਨ ਦਿੱਤਾ ।

ਉਸ ਤੋਂ ਕੁਝ ਚਿਰ ਮਗਰੋਂ ਗੁਰੂ ਜੀ ਨੇ ਪ੍ਰਚਾਰ ਦੀ ਖਾਤਰ ਮਾਲਵੇ ਦਾ ਦੌਰਾ ਕੀਤਾ । ਆਪ ਕਾਫੀ ਸਮਾਂ ਆਪਣੇ ਸਾਂਢੂ ਤੇ ਸ਼ਰਧਾਲੂ ਭਾਈ ਸਾਈਂ ਦਾਸ ਦੇ ਪਿੰਡ ਡਰੋਲੀ, ਜ਼ਿਲ੍ਹਾ ਫਿਰੋਜ਼ਪੁਰ ਵਿੱਚ ਠਹਿਰੇ । ਓਥੇ ਵੀ ਅਨੇਕਾਂ ਨੇ ਸਿੱਖੀ ਧਾਰਨ ਕੀਤੀ । ਉਨ੍ਹਾਂ ਵਿੱਚ ਸਖੀ ਸਰਵਰ ਦੇ ਦੋ ਉਪਾਸ਼ਕ ਸਾਧੂ ਤੇ ਰੂਪਾ ਵੀ ਸਨ । ਇਕ ਦਿਨ ਗੁਰੂ ਜੀ ਡਰੋਲੀ ਤੋਂ ਸ਼ਿਕਾਰ ਖੇਡਣ ਚੜ੍ਹੇ । ਸਾਧੂ ਤੇ ਰੂਪਾ ਖੇਤ ਵਿੱਚ ਕੰਮ ਕਰ ਰਹੇ ਸਨ । ਇਨ੍ਹਾਂ ਨੂੰ ਤੇਹ ਲੱਗੀ, ਇਕ ਰੁੱਖ ਦੀ ਟਹਿਣੀ ਨਾਲ ਟੰਗੀ ਹੋਈ ਟਿੰਡ ਵਿੱਚੋਂ ਪਾਣੀ ਪੀਣ ਲੱਗੇ, ਤਾਂ ਵੇਖਿਆ ਕਿ ਪਾਣੀ ਬਹੁਤ ਠੰਡਾ ਹੈ । ਉਨ੍ਹਾਂ ਦੇ ਦਿਲ ਵਿੱਚ ਖਿਆਲ ਆਇਆ ਕਿ ਇਹ ਠੰਡਾ ਪਾਣੀ ਤਾਂ ਗੁਰੂ ਜੀ ਦੇ ਪੀਣ ਲਾਇਕ ਹੈ । ਫੇਰ ਉਨ੍ਹਾਂ ਦੋਹਾਂ ਨੇ ਅਰਦਾਸ ਕੀਤੀ, 'ਹੇ ਗੁਰੂ ਜੀ ! ਕਿਰਪਾ ਕਰੋ, ਦਰਸ਼ਨ ਦਿਓ ਅਤੇ ਇਹ ਠੰਡਾ ਜਲ ਛਕੋ ।' ਗੁਰੂ ਜੀ ਨੂੰ ਸਿੱਖ ਸ਼ਰਧਾਲੂਆਂ ਦੀ ਅਰਦਾਸ ਝੱਟ ਪੁੱਜ ਗਈ । ਉਹ ਝੱਟ ਘੋੜਾ ਭਜਾਈ ਪਹੁੰਚ ਗਏ । ਸਾਧੂ ਤੇ ਰੂਪੇ ਦਾ ਠੰਡਾ ਪਾਣੀ ਪੀ ਕੇ ਗੁਰੂ ਜੀ ਬਹੁਤ ਖੁਸ਼ ਹੋਏ । ਆਪ ਨੇ ਉਸ ਪਰਵਾਰ ਨੂੰ ਦੇਗ ਤੇਗ ਚਲਾਉਣ ਲਈ ਕੜਛਾ ਤੇ ਖੰਡਾ ਬਖਸ਼ਿਆ । ਸੰਮਤ ੧੬੮੮ ਵਿੱਚ ਉਨ੍ਹਾਂ ਦੋਹਾਂ ਨੇ ਗੁਰੂ ਜੀ ਦੀ ਆਗਿਆ ਅਨੁਸਾਰ 'ਰੂਪਾ' ਪਿੰਡ ਬੱਧਾ । ਭਾਈ ਸਾਹਿਬ ਖਾਗੜੀਆਂ ਇਸੇ ਘਰਾਣੇ ਵਿੱਚੋਂ ਹਨ ।



ਕਾਂਡ ੩

## ਰਚੇ ਅਸਥਾਨ ਤੇ ਨੱਗਰ

ਸਿੱਖ ਗੁਰੂ ਸਾਹਿਬ ਇਕ ਪਾਸੇ ਤਾਂ ਉਪਦੇਸ਼ਾਂ ਤੇ ਪੂਰਨਿਆਂ ਰਾਹੀਂ ਲੋਕਾਂ ਦੇ ਜੀਵਨ ਉਚੇ-ਸੁੱਚੇ ਕਰਨੇ ਅਤੇ ਉਨ੍ਹਾਂ ਦੇ ਦਿਲਾਂ ਵਿੱਚ ਅਣਖ, ਦਲੇਰੀ ਤੇ ਨਿਰਭੈਤਾ ਦੇ ਭਾਵ ਤੇ ਆਜ਼ਾਦੀ ਲਈ ਪਿਆਰ ਪੈਦਾ ਕਰਨੇ ਚਾਹੁੰਦੇ ਸਨ, ਦੂਜੇ ਪਾਸੇ ਉਹ ਥਾਂ-ਥਾਂ ਵਸੋਂ ਵਿਹਾਰ ਦੇ ਕੇਂਦਰ ਵਸਾ ਬਣਾ ਕੇ, ਲੋਕਾਂ ਨੂੰ ਕਾਰਾਂ-ਵਿਹਾਰਾਂ ਤੇ ਸੁਦਾਗਰੀ ਵਪਾਰ ਵਿੱਚ ਪਾ ਕੇ, ਦੇਸ਼ ਦੀ ਤੇ ਦੇਸ਼ ਵਾਲਿਆਂ ਦੀ ਆਰਥਕ (ਮਾਇਕ) ਹਾਲਤ ਸੁਧਾਰਨ ਦੇ ਜਤਨ ਕਰਦੇ ਸਨ । ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਵੀ ਦੇਸ਼ ਤੇ ਜਨਤਾ ਦੀ ਭਲਾਈ ਦਾ ਇਹ ਦੋ-ਪੱਖਾ ਪ੍ਰੋਗਰਾਮ ਚਾਲੂ ਰੱਖਿਆ । ਆਪ ਨੇ ਹੇਠ ਲਿਖੇ ਅਸਥਾਨ ਬਣਾਏ ਤੇ ਨੱਗਰ ਵਸਾਏ—

੧) ਲੋਹਗੜ੍ਹ— ਅੰਮ੍ਰਿਤਸਰ ਦੀ ਰੱਖਿਆ ਲਈ ਬਣਾਇਆ ਗਿਆ ਕਿਲ੍ਹਾ, ਜਿਸ ਦਾ ਜ਼ਿਕਰ ਅੱਗੇ ਆ ਚੁੱਕਿਆ ਹੈ ।

੨) ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਅੰਮ੍ਰਿਤਸਰ— ਜਿਸ ਦਾ ਹਾਲ ਅੱਗੇ ਦੱਸਿਆ ਗਿਆ ਹੈ ।

੩) ਡੇਹਰਾ ਸਾਹਿਬ, ਲਾਹੌਰ— ਲਾਹੌਰ ਦੇ ਕਿਲ੍ਹੇ ਦੇ ਪਾਸ ਜਿਸ ਥਾਂ ਪੰਜਵੇਂ ਸਤਿਗੁਰੂ ਜੋਤੀ-ਜੋਤਿ ਸਮਾਏ ਸਨ, ਉਸ ਥਾਂ ਦਾ ਪਤਾ ਗੁਰੂ ਜੀ ਨਾਲ ਗਏ ਸਿੱਖ, ਭਾਈ ਲੰਗਾਹ ਪਾਸੋਂ ਲੈ ਕੇ ਯਾਦਗਾਰੀ ਅਸਥਾਨ ਸੰਮਤ ੧੬੬੯ ਵਿੱਚ ਕਾਇਮ ਕੀਤਾ ਅਤੇ ਭਾਈ ਲੰਗਾਹ ਨੂੰ ਇਸ ਦੀ ਸੇਵਾ ਲਈ ਨੀਅਤ ਕੀਤਾ ।

੪) ਕੀਰਤਪੁਰ— ਜ਼ਿਲ੍ਹਾ ਹੁਸ਼ਿਆਰਪੁਰ, ਤਹਿਸੀਲ ਅਨੰਦਪੁਰ ਦੇ ਪਹਾੜੀ ਇਲਾਕੇ ਵਿੱਚ ਸਤਲੁਜ ਦੇ ਕੰਢੇ 'ਤੇ ਵਾਕਿਆ ਇਹ ਨੱਗਰ ਗੁਰੂ ਹਰਿਗੋਬਿੰਦ ਸਾਹਿਬ ਨੇ ਸੰਮਤ ੧੬੮੩ ਵਿੱਚ ਵਸਾਇਆ । ਇਸ ਖਾਤਰ ਕਾਹਲੂਰ ਦੇ ਰਾਜਾ ਤਾਰਾ ਚੰਦ ਪਾਸੋਂ ਭੋਂ ਖਰੀਦੀ, ਨੀਂਹ ਗੁਰੂ ਜੀ ਨੇ ਬਾਬਾ

ਗੁਰਦਿੱਤਾ ਜੀ ਪਾਸੋਂ ਰਖਵਾਈ । ਸੰਮਤ ੧੬੯੧ ਵਿੱਚ ਛੇਵੇਂ ਗੁਰੂ ਜੀ ਏਥੇ ਆ ਟਿਕੇ ਅਤੇ ਜਗਤ-ਫੇਰੀ ਦੇ ਅਖੀਰ ਤੀਕ ਏਥੇ ਹੀ ਰਹੇ । ਏਥੇ ਹੀ ਸ੍ਰੀ ਗੁਰੂ ਹਰਿਰਾਇ ਤੇ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਦਾ ਅਵਤਾਰ ਹੋਇਆ । ਏਥੇ ਹੀ ਇਨ੍ਹਾਂ ਦੋਹਾਂ ਗੁਰੂ ਸਾਹਿਬਾਂ ਨੂੰ ਗੁਰਿਆਈ ਦੇ ਤਿਲਕ ਲਾਏ ਗਏ । ਇਥੇ ਹੀ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਤੇ ਗੁਰੂ ਹਰਿਰਾਇ ਜੀ ਦੇ ਜੋਤੀ-ਜੋਤਿ ਸਮਾਉਣ ਦਾ ਅਸਥਾਨ ਹੈ ਜਿਸ ਨੂੰ 'ਪਤਾਲਪੁਰੀ' ਕਹਿੰਦੇ ਹਨ। ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਦੇ ਫੁੱਲ ਵੀ ਦਿੱਲੀ ਤੋਂ ਲਿਆ ਕੇ ਇਥੇ ਟਿਕਾਏ ਗਏ ।

੫) ਮਹਿਰਾਜ (ਮਰਾਝ)– ਇਹ ਨੱਗਰ ਗੁਰੂ ਹਰਿਗੋਬਿੰਦ ਸਾਹਿਬ ਨੇ ਸੰਮਤ ੧੬੮੪ (ਸੰਨ ੧੬੨੭) ਵਿੱਚ ਵਸਾਇਆ । ਇਸ ਦੇ ਵੱਸਣ ਦੀ ਕਥਾ ਇਉਂ ਹੈ- ਮਾਲਵੇ ਵਿੱਚ ਪ੍ਰਚਾਰ ਕਰਦੇ -ਕਰਦੇ ਛੇਵੇਂ ਸਤਿਗੁਰੂ ਪਿੰਡ ਮਾੜੀ ਪੁੱਜੇ । ਏਥੇ ਕੌੜੇ ਭੁੱਲਰਾਂ ਦੇ ਵਡਕੇ ਦਾ ਮੇਲਾ ਲੱਗਦਾ ਸੀ । ਗੁਰੂ ਜੀ ਨੇ ਮੇਲੇ 'ਤੇ ਜੁੜੇ ਹੋਏ ਲੋਕਾਂ ਵਿੱਚ ਸਿੱਖੀ ਦਾ ਪ੍ਰਚਾਰ ਕੀਤਾ । ਬਹੁਤ ਸਾਰੇ ਲੋਕ ਸਿੱਖ ਬਣੇ । ਸਿੱਖ ਬਣਨ ਵਾਲਿਆਂ ਵਿਚੋਂ ਮਹਿਰਾਜ (ਮਰਾਝ) ਦੀ ਔਲਾਦ ਵਿਚੋਂ ਮੋਹਨ ਅਤੇ ਉਸ ਦੇ ਦੋ ਪੁੱਤ ਰੂਪਚੰਦ ਤੇ ਕਾਲਾ ਵੀ ਸਨ। ਇਨ੍ਹਾਂ ਦੀ ਬਰਾਦਰੀ ਅਰਥਾਤ ਮਹਿਰਾਜ (ਮਰਾਝ) ਦੀ ਉਲਾਦ ਸਿੱਧੂ ਜੱਟ ਸਨ, ਜਿਨ੍ਹਾਂ ਨੂੰ ਪਚਾਧਿਆਂ ਤੇ ਭੱਟੀਆਂ ਨੇ ਘਰਾਂ ਘਾਟਾਂ ਤੋਂ ਉਜਾੜ, ਕੱਢ ਛਡਿਆ ਹੋਇਆ ਸੀ । ਉਹ ਇਸ ਇਲਾਕੇ ਵਿੱਚ ਟੱਪਰੀ-ਵਾਸ ਬਣੀ ਫਿਰਿਆ ਕਰਦੇ ਸਨ । ਮੋਹਨ ਤੇ ਉਸ ਦੇ ਦੋਂਹ ਪੁੱਤਾਂ ਨੇ ਛੇਵੇਂ ਗੁਰੂ ਜੀ ਅੱਗੇ ਬੇਨਤੀ ਕੀਤੀ: *'ਸੱਚੇ ਪਾਤਸ਼ਾਹ ! ਸਾਡਾ ਕੋਈ ਥਾਂ ਟਿਕਾਣਾ ਨਹੀਂ । ਸਾਡੇ ਉਪਰ ਦਇਆ ਕਰੋ ਕੌੜੇ ਭੁੱਲਰਾਂ ਪਾਸੋਂ ਸਾਨੂੰ ਪਿੰਡ ਬੰਨ੍ਹਣ ਲਈ ਥੋੜ੍ਹੀ ਜਿਹੀ ਭੋਂ ਲੈ ਦਿਓ ।'* ਗੁਰੂ ਜੀ ਨੇ ਭੁੱਲਰਾਂ ਦੇ ਮੁਖੀਆਂ ਲਾਲ ਤੇ ਬਘੇਲੇ ਨੂੰ ਕਿਹਾ ਕਿ ਇਨ੍ਹਾਂ ਗਰੀਬ ਜੱਟ ਭਰਾਵਾਂ ਨੂੰ ਪਿੰਡ ਬੰਨ੍ਹਣ ਜੋਗੀ ਥਾਂ ਦਿਓ, ਪਰ ਉਹ ਨਾਂ ਮੰਨੇ । ਗੁਰੂ ਜੀ ਨੇ ਕਾਲੇ ਦੇ ਪੁੱਤਾਂ (ਮੋਹਨ ਦੇ ਪੋਤਿਆਂ) ਨੂੰ ਕਿਹਾ : *'ਤੁਸੀਂ ਇਉਂ ਕਰੋ ।*



*ਏਥੋਂ ਤੁਰ ਪਵੋ, ਜਿੱਥੇ ਰਾਤ ਪੈ ਜਾਵੇ, ਉਥੇ ਠਹਿਰ ਜਾਇਓ ਤੇ ਪਿੰਡ ਬੰਨ੍ਹ ਲਿਓ ।'* ਉਨ੍ਹਾਂ ਨੇ ਅਜਿਹਾ ਹੀ ਕੀਤਾ । ਜਿਸ ਥਾਂ ਉਨ੍ਹਾਂ ਨੂੰ ਰਾਤ ਪਈ ਓਥੇ ਪਿੰਡ ਦੀ ਮੋੜ੍ਹੀ ਗੱਡੀ ਗਈ । ਇਸ ਪਿੰਡ ਦਾ ਨਾਂ ਮਹਿਰਾਜ (ਮਰਾਝ) ਰੱਖਿਆ ਗਿਆ । ਇਸ 'ਤੇ ਗੁੱਸਾ ਖਾ ਕੇ ਕੌੜੇ ਭੁੱਲਰਾਂ ਨੇ ਜੈਦ ਪਰਾਣੇ ਨੂੰ ਨਾਲ ਲੈ ਕੇ ਮਹਿਰਾਜ ਕਿਆਂ ਉਪਰ ਹੱਲਾ ਕਰ ਦਿੱਤਾ । ਗੁਰੂ ਹਰਿਗੋਬਿੰਦ ਸਾਹਿਬ ਨੇ ਮਹਿਰਾਜਕਿਆਂ ਦੀ ਸਹਾਇਤਾ ਕੀਤੀ । ਭੁੱਲਰਾਂ ਨੂੰ ਹਾਰ ਹੋਈ ਅਤੇ ਜੈਦ ਪੁਰਾਣਾ ਮਾਰਿਆ ਗਿਆ ।

ਮਹਿਰਾਜ (ਮਰਾਝ)– ਜ਼ਿਲ੍ਹਾ ਫੀਰੋਜ਼ਪੁਰ ਵਿੱਚ ਬਾਹੀਏ ਦਾ ਵੱਡਾ ਨੱਗਰ ਹੈ । ਏਸ ਤੋਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਵਰ ਦਾ ਸਦਕਾ ਬਾਹੀਆ ਬਣਿਆ ਅਤੇ ਫੂਲ-ਬੰਸ ਦਾ ਅਰੰਭ ਹੋਇਆ। ਉਸ ਵਰ ਦਾ ਹਾਲ ਅੱਗੇ ਆਵੇਗਾ ।

੬) ਕੌਲਸਰ– ਇਹ ਤਾਲ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਸੰਮਤ ੧੬੮੪ ਵਿੱਚ ਤਿਆਰ ਕਰਵਾਇਆ । ਸਾਖੀ ਇਸ ਪ੍ਰਕਾਰ ਹੈ:

ਜਦ ਗੁਰਸਿੱਖੀ ਦਾ ਪ੍ਰਚਾਰ ਕਰਦੇ-ਕਰਦੇ ਗੁਰੂ ਹਰਿਗੋਬਿੰਦ ਸਾਹਿਬ ਜੀ ਲਾਹੌਰ ਪੁੱਜੇ ਅਤੇ ਮੁਜ਼ੰਗੀਂ ਜਾ ਟਿਕੇ, ਤਾਂ ਓਥੇ ਮੀਆਂ ਮੀਰ ਆਪ ਦੇ ਦਰਸ਼ਨਾਂ ਲਈ ਆਇਆ । ਉਸ ਨੇ ਗੁਰੂ ਜੀ ਨੂੰ ਕਿਹਾ : 'ਕਾਜ਼ੀ ਰੁਸਤਮ ਖਾਂ ਦੀ ਧੀ, ਕੌਲਾਂ ਸਾਡੀ ਮੁਰੀਦ ਹੈ ਅਤੇ ਖੁਦਾ ਦੀ ਬੰਦਗੀ ਵਿੱਚ ਲੱਗੀ ਰਹਿੰਦੀ ਹੈ । ਉਸ ਨੇ ਵਿਆਹ ਕਰਾਉਣੋਂ ਨਾਂਹ ਕਰ ਦਿੱਤੀ ਹੈ । ਉਹ ਆਪ ਦੇ ਸਤਿਸੰਗ ਵਿੱਚ ਹਾਜ਼ਰ ਹੁੰਦੀ ਰਹੀ ਹੈ ਅਤੇ ਸਿੱਖ ਬਣ ਗਈ ਹੈ । ਉਸ ਦਾ ਪਿਓ ਉਸ ਨੂੰ ਕਾਫਰ ਹੋ ਗਈ ਸਮਝ ਕੇ ਕਤਲ ਕਰਨਾ ਚਾਹੁੰਦਾ ਹੈ । ਜੇ ਤੁਸੀਂ ਉਸ ਨੂੰ ਓਟ ਦਿਓ, ਤਾਂ ਉਹ ਬਚ ਜਾਵੇਗੀ ਅਤੇ ਆਪਣੀ ਉਮਰ ਰੱਬ ਦੀ ਭਗਤੀ ਵਿੱਚ ਗੁਜ਼ਾਰੇਗੀ ।' ਗੁਰੂ ਜੀ ਨੇ ਸਾਈਂ ਜੀ ਦਾ ਬਚਨ ਮੰਨ ਕੇ ਕੌਲਾਂ ਨੂੰ ਪਨਾਹ (ਆਸਰਾ) ਦੇਣ ਦਾ ਇਕਰਾਰ ਕੀਤਾ । ਓਧਰੋਂ ਸਾਈਂ ਜੀ ਦੀ ਸਲਾਹ ਅਨੁਸਾਰ ਕੌਲਾਂ ਇਕ ਸਹੇਲੀ ਸਮੇਤ ਅੰਮ੍ਰਿਤਸਰ ਚਲੀ ਗਈ । ਉਸ ਨੂੰ ਗੁਰੂ ਜੀ ਨੇ

ਵੱਖਰਾ ਮਕਾਨ ਦੇ ਦਿੱਤਾ । ਓਥੇ ਉਹ ਭਜਨ-ਬੰਦਗੀ ਕਰਦੀ ਰਹੀ। ਇਕ ਦਿਨ ਉਸ ਨੇ ਆਪਣੇ ਸਾਰੇ ਕੀਮਤੀ ਗਹਿਣੇ ਗੁਰੂ ਜੀ ਅੱਗੇ ਢੇਰੀ ਕਰ ਕੇ ਕਿਹਾ ਕਿ ਇਨ੍ਹਾਂ ਨੂੰ ਵੇਚ ਕੇ ਵਟਕ ਨੂੰ ਕਿਸੇ ਅਜਿਹੇ ਧਾਰਮਕ ਕਾਰਜ 'ਤੇ ਲਾਓ ਜਿਸ ਤੋਂ ਮੇਰਾ ਨਾਂ ਕੁਝ ਚਿਰ ਜੱਗ ਵਿੱਚ ਕਾਇਮ ਰਹੇ । ਗੁਰੂ ਜੀ ਨੇ ਕਿਹਾ : 'ਚੰਗਾ ਪੁੱਤਰੀ ! ਤੇਰੀ ਅਜਿਹੀ ਯਾਦਗਾਰ ਬਣਾਵਾਂਗੇ ਜੋ ਸਦਾ ਕਾਇਮ ਰਹੇਗੀ ।' ਸੋ ਗੁਰੂ ਜੀ ਨੇ ਸੰਮਤ ੧੬੮੧ ਵਿੱਚ ਇਕ ਤਾਲ ਬਣਾਉਣਾ ਅਰੰਭਿਆ, ਜੋ ਸੰਮਤ ੧੬੮੪ ਵਿੱਚ ਸੰਪੂਰਨ ਹੋਇਆ। ਇਸ ਦਾ ਨਾਂ ਗੁਰੂ ਜੀ ਨੇ ਕੌਲਸਰ ਰੱਖਿਆ, ਕੁਝ ਚਿਰ ਮਗਰੋਂ ਕੌਲਾਂ ਕਰਤਾਰਪੁਰ ਜਾ ਟਿੱਕੀ, ਉਥੇ ਹੀ ਉਸ ਦਾ ਦੇਹਾਂਤ ਹੋਇਆ ।

੭) ਸ੍ਰੀ ਬਿਬੇਕਸਰ– ਇਹ ਸਰੋਵਰ ਸ੍ਰੀ ਅੰਮ੍ਰਿਤਸਰ ਵਿੱਚ ਸ੍ਰੀ ਰਾਮਸਰ ਦੇ ਪਾਸ ਹੈ । ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਬਿਬੇਕੀ ਬਿਹੰਗਮਾਂ ਦੇ ਟਿਕਣ ਲਈ ਸੰਮਤ ੧੬੮੫ ਵਿੱਚ ਤਿਆਰ ਕਰਵਾਇਆ ।

੮) ਸ੍ਰੀ ਹਰਿਗੋਬਿੰਦਪੁਰ– ਜ਼ਿਲ੍ਹਾ ਗੁਰਦਾਸਪੁਰ ਦਾ ਇਹ ਨੱਗਰ ਸ੍ਰੀ ਗੁਰੂ ਅਰਜਨ ਦੇਵ ਜੀ ਨੇ ੧੬੫੪ ਦੇ ਕਰੀਬ ਵਸਾਇਆ । ਇਸ ਦਾ ਨਾਂ ਸ੍ਰੀ ਗੋਬਿੰਦਪੁਰ ਰੱਖਿਆ । ਮਗਰੋਂ ਚੰਦੂ ਦੀ ਸ਼ਰਾਰਤ ਨਾਲ ਇਹ ਪਿੰਡ ਭਗਵਾਨ ਦਾਸ ਘੇਰੜ ਨੂੰ ਮਿਲ ਗਿਆ । ਸ੍ਰੀ ਹਰਿਗੋਬਿੰਦ ਸਾਹਿਬ ਸੰਮਤ ੧੬੮੭ ਵਿੱਚ ਇਥੇ ਆਏ, ਤਾਂ ਭਗਵਾਨ ਦਾਸ ਨੇ ਬੜਾ ਵਿਰੋਧ ਕੀਤਾ । ਇਸ ਦਾ ਫਲ ਉਸ ਨੇ ਸਣੇ ਸਾਥੀਆਂ ਸ੍ਰੀ ਹਰਿਗੋਬਿੰਦਪੁਰ ਦੇ ਜੁੱਧ ਵਿੱਚ ਭੁਗਤਿਆ । ਛੇਵੀਂ ਪਾਤਸ਼ਾਹੀ ਨੇ ਇਸ ਨੱਗਰ ਨੂੰ ਵਧੇਰੇ ਰੌਣਕ ਦਿਤੀ ਤੇ ਨਾਂ ਹਰਿਗੋਬਿੰਦਪੁਰ ਪ੍ਰਚੱਲਤ ਹੋ ਗਿਆ । ਇਥੇ ਗੁਰੂ ਜੀ ਨੇ ਮੁਸਲਮਾਨਾਂ ਲਈ ਇਕ ਮਸੀਤ ਵੀ ਬਣਵਾਈ ।

੯) ਗੁਰੂ-ਸਰ– ਇਹ ਤਾਲ ਆਪ ਜੀ ਨੇ ਮਹਿਰਾਜ (ਮਰਾਝ) ਦੇ ਯੁੱਧ ਦੀ ਜਿੱਤ ਦੀ ਯਾਦਗਾਰ ਵਜੋਂ ਤਿਆਰ ਕਰਵਾਇਆ ।

❀ ❀ ❀



## ਕਾਂਡ ੬

# ਗੁਰੂ ਹਰਿਗੋਬਿੰਦ ਸਾਹਿਬ ਦੇ ਜੰਗ

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਤਾਂ ਚਾਹੁੰਦੇ ਸਨ ਕਿ ਅਮਨ ਸਹਿਤ ਰਹਿ ਕੇ ਦੁਨੀਆਂ ਵਿੱਚ ਪਿਆਰ, ਏਕਤਾ, ਸੇਵਾ ਤੇ ਭਗਤੀ ਦਾ ਪ੍ਰਚਾਰ ਕੀਤਾ ਜਾਵੇ ਅਤੇ ਲੋਕਾਂ ਨੂੰ ਦੀਨ ਧਰਮ ਦੇ ਵਿਤਕਰੇ, ਵਿਰੋਧ ਤਿਆਗ ਕੇ ਭਰਾਵਾਂ-ਭਰਾਵਾਂ ਵਾਕੁਰ ਰਲ-ਮਿਲ ਕੇ ਰਹਿਣ ਦੀ ਜਾਚ ਸਿਖਾਈ ਜਾਵੇ, ਪਰ ਕਰਤਾਰ ਨੂੰ ਕੁਝ ਹੋਰ ਹੀ ਮਨਜ਼ੂਰ ਸੀ । ਗੁਰੂ ਜੀ ਨੂੰ ਬਹੁਤਾ ਚਿਰ ਅਮਨ ਵਿੱਚ ਨਾ ਰਹਿਣ ਦਿੱਤਾ ਗਿਆ । ਆਪ ਨੂੰ ਚਹੁੰ ਜੰਗਾਂ ਵਿੱਚ ਸ਼ਾਮਲ ਹੋਣ ਲਈ ਮਜ਼ਬੂਰ ਕੀਤਾ ਗਿਆ । ਉਹ ਇਹ ਸਨ– ੧) ਅੰਮ੍ਰਿਤਸਰ, ਪਿਪਲੀ ਸਾਹਿਬ ਦਾ ਜੰਗ, ੨) ਸ੍ਰੀ ਹਰਿਗੋਬਿੰਦਪੁਰ ਦਾ ਜੰਗ, ੩) ਗੁਰੂ-ਸਰ ਮਹਿਰਾਜ ਦਾ ਜੰਗ, ੪) ਕਰਤਾਰਪੁਰ ਦਾ ਜੰਗ ।

ਜਿੰਨਾਂ ਚਿਰ ਜਹਾਂਗੀਰ ਜਿਉਂਦਾ ਰਿਹਾ, ਉਸ ਨੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਕੰਮ ਵਿੱਚ ਦਖਲ ਨਾ ਦਿੱਤਾ ਅਤੇ ਮਿੱਤਰਤਾ ਕਾਇਮ ਰੱਖੀ । ਉਹ ਸੰਨ ੧੬੨੭ (ਸੰਮਤ ੧੬੮੪) ਵਿੱਚ ਮਰ ਗਿਆ । ਉਸ ਦੇ ਥਾਂ ਉਸ ਦਾ ਪੁੱਤ, ਸ਼ਾਹਜਹਾਨ, ਤਖ਼ਤ 'ਤੇ ਬੈਠਾ । ਇਸ ਬਾਦਸ਼ਾਹ ਨੇ ਗੈਰ-ਮੁਸਲਮਾਨੀ ਸਬੰਧੀ ਸਾਰੀ ਨੀਤੀ-ਰਵੱਈਏ ਨੂੰ ਉੱਕਾ ਹੀ ਬਦਲ ਦਿੱਤਾ । ਉਸ ਨੇ ਮੁਸਲਮਾਨਾਂ ਨੂੰ ਇਸਲਾਮ ਛੱਡ ਕੇ ਹੋਰ ਧਰਮ ਧਾਰਨ ਲਈ ਪ੍ਰੇਰਨ ਦੀ ਮਨਾਹੀ ਕਰ ਦਿੱਤੀ । ਇਸ ਦਾ ਕਾਰਨ ਇਹ ਸੀ ਕਿ ਗੁਰੂ ਸਾਹਿਬਾਂ ਦਾ ਉਪਦੇਸ਼ ਸੁਣ ਕੇ ਤੇ ਜੀਵਨ-ਪੂਰਨੇ ਤੱਕ ਕੇ, ਹਜ਼ਾਰਾਂ ਹੀ ਮੁਸਲਮਾਨ ਸਿੱਖ ਬਣ ਚੁੱਕੇ ਸਨ ਅਤੇ ਹੋਰ ਬਣ ਰਹੇ ਸਨ । ਇਹ ਗੱਲ ਕੱਟੜ ਸ਼ਰਈ ਮੁਸਲਮਾਨ ਬਾਦਸ਼ਾਹ, ਉਸ ਦੇ ਸਲਾਹਕਾਰ ਕਾਜ਼ੀ, ਮੁੱਲਾਂ ਤੇ ਅਹਿਲਕਾਰ ਅਤੇ ਆਮ ਕੱਟੜ

ਮੁਸਲਮਾਨ ਕਦ ਜਰ ਸਕਦੇ ਸਨ ? ਜਿਹੜੀ ਗੱਲ ਮੁਸਲਮਾਨਾਂ ਨੂੰ ਸਭ ਤੋਂ ਵੱਧ ਚੁਭਵੀਂ, ਦੁਖਦਾਈ ਅਤੇ ਭੜਕਾਊ ਭਾਸੀ, ਉਹ ਸੀ ਲਾਹੌਰ ਦੇ ਕਾਜ਼ੀ ਦੀ ਧੀ ਕੌਲਾਂ ਦਾ ਸਿੱਖ ਹੋ ਕੇ ਅੰਮ੍ਰਿਤਸਰ ਚਲੇ ਜਾਣਾ । ਬਾਦਸ਼ਾਹ ਨੇ ਅਜਿਹੀ ਧਰਮ-ਤਬਦੀਲੀ ਦੀ ਮਨਾਹੀ ਕਰ ਦਿੱਤੀ । ਇਸ ਮਨਾਹੀ ਨੂੰ ਸਿੱਖਾਂ ਨੇ ਬੁਰਾ ਮਨਾਇਆ । ਉਨ੍ਹਾਂ ਨੇ ਪ੍ਰਣ ਕੀਤਾ ਹੋਇਆ ਸੀ ਕਿ ਧਰਮ ਪ੍ਰਚਾਰ ਵਿੱਚ ਇਹੋ ਜਿਹੀ ਬੰਦਸ਼ ਚੱਲਣ ਨਹੀਂ ਦੇਣੀ । ਬਹੁਤ ਸਾਰੇ ਮੰਦਰ ਢਾਹੇ ਗਏ ਅਤੇ ਉਨ੍ਹਾਂ ਦੇ ਥਾਂ ਮਸੀਤਾਂ ਬਣਾਈਆਂ ਗਈਆਂ । ਜਿਹੜੀ ਬਾਉਲੀ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਡੱਬੀ ਬਜ਼ਾਰ ਲਾਹੌਰ ਵਿੱਚ ਲਵਾਈ ਸੀ, ਉਹ ਸ਼ਾਹਜਹਾਨ ਨੇ ਪੁਰਵਾ ਦਿੱਤੀ ਅਤੇ ਲੰਗਰ ਦੇ ਥਾਂ ਮਸੀਤ ਬਣਵਾ ਦਿੱਤੀ । ਇਹ ਗੱਲ ਸਿੱਖਾਂ ਨੂੰ ਸਭ ਤੋਂ ਵਧੇਰੇ ਦੁਖਦਾਈ ਭਾਸੀ ।

ਇਨ੍ਹਾਂ ਗੱਲਾਂ ਕਰ ਕੇ ਸਿੱਖਾਂ ਦੇ ਦਿਲਾਂ ਵਿੱਚ ਜੋਸ਼ ਭੜਕ ਉਠਣਾ ਕੁਦਰਤੀ ਗੱਲ ਸੀ । ਉਪਰੋਂ ਮੁਸਲਮਾਨ ਵੀ ਹਕੂਮਤ ਦੇ ਨਸ਼ੇ ਵਿੱਚ ਦੀਨ ਦੇ ਜੋਸ਼ ਵਿੱਚ ਆ ਕੇ ਭੂਤਰੇ ਹੋਏ ਸਨ । ਅਜਿਹੀ ਹਾਲਤ ਵਿੱਚ ਜੰਗ ਹੋਣ ਲਈ ਮਾਮੂਲੀ ਜਿਹੇ ਬਹਾਨੇ ਜਾਂ ਕਾਰਨ ਦੀ ਹੀ ਲੋੜ ਸੀ, ਉਹ ਵੀ ਛੇਤੀ ਪੈਦਾ ਹੋ ਗਿਆ ।

### ੧) ਸ੍ਰੀ ਅੰਮ੍ਰਿਤਸਰ (ਪਿਪਲੀ ਸਾਹਿਬ) ਦਾ ਜੰਗ

ਸੰਨ ੧੬੨੮ (ਸੰਮਤ ੧੬੮੫) ਵਿੱਚ ਇਕ ਦਿਨ ਸ਼ਾਹਜਹਾਨ ਅੰਮ੍ਰਿਤਸਰ ਦੇ ਨੇੜੇ ਸ਼ਿਕਾਰ ਖੇਡਣ ਆਇਆ ਓਧਰੋਂ ਸਿੱਖਾਂ ਦਾ ਇਕ ਸ਼ਿਕਾਰੀ ਜੱਥਾ ਵੀ ਨੇੜੇ ਹੀ ਸ਼ਿਕਾਰ ਖੇਡ ਰਿਹਾ ਸੀ । ਸ਼ਾਹਜਹਾਨ ਦਾ ਇਕ ਬਾਜ਼ ਉਡ ਕੇ ਸਿੱਖਾਂ ਦੇ ਹੱਥ ਆ ਗਿਆ । ਬਾਦਸ਼ਾਹ ਦੇ ਆਦਮੀ ਉਹ ਬਾਜ਼ ਵਾਪਸ ਮੰਗਣ ਲਈ ਆਏ । ਸ਼ਿਕਾਰੀਆਂ ਦਾ ਦਸਤੂਰ ਸੀ ਕਿ ਜੇ ਕਿਸੇ ਦਾ ਬਾਜ਼ ਉਡ ਕੇ ਹੋਰ ਕਿਸੇ ਦੇ ਬਾਜ਼ਾਂ ਵਿੱਚ ਜਾ ਰਲੇ ਤਾਂ ਉਹ ਉਸ ਦੂਜੇ ਧਿਰ ਦੀ ਮਾਲਕੀ ਬਣ ਗਿਆ ਸਮਝਿਆ ਜਾਂਦਾ ਸੀ । ਨਾਲੇ ਸਿੱਖਾਂ ਨੂੰ



ਬਾਜ਼ ਮੰਗਣ ਆਇਆਂ ਦੀ ਜਾਣ-ਪਛਾਣ ਵੀ ਨਹੀਂ ਸੀ । ਉਨ੍ਹਾਂ ਨੂੰ ਕੀ ਪਤਾ ਸੀ ਕਿ ਇਹ ਕੌਣ ਅਤੇ ਬਾਜ਼ ਕਿਸ ਦਾ ਹੈ ? ਨਾਲੇ ਸ਼ਾਹਜਹਾਨ ਦੇ ਬੰਦੇ ਰੁਹਬ ਪਾ ਕੇ ਈਨ ਮਨਾਉਣੀ ਚਾਹੁੰਦੇ ਸਨ। ਅਜਿਹੀ ਈਨ ਮੰਨਣੀ ਸਿੱਖੀ ਸੁਭਾਅ ਦੇ ਉਲਟ ਸੀ । ਸਿੱਖਾਂ ਨੇ ਬਾਜ਼ ਨਾ ਦਿੱਤਾ ।

ਸ਼ਾਹ ਜਹਾਨ ਦੇ ਆਦਮੀਆਂ ਨੇ ਵਾਪਸ ਜਾ ਕੇ ਸਾਰੀ ਗੱਲ ਉਸ ਨੂੰ ਦੱਸੀ । ਉਸ ਦੇ ਸਾਥੀਆਂ ਸਲਾਹਕਾਰਾਂ ਨੇ ਕਿਹਾ : 'ਅੱਜ ਸਿੱਖਾਂ ਨੇ ਤੁਹਾਡੇ ਬਾਜ਼ ਨੂੰ ਹੱਥ ਪਾਇਆ ਹੈ, ਭਲਕੇ ਉਹ ਤੁਹਾਡੇ ਤਾਜ ਨੂੰ ਹੱਥ ਪਾਉਣਗੇ । ਇਨ੍ਹਾਂ ਨੂੰ ਵੇਲੇ ਸਿਰ ਸੋਧਣਾ ਤੇ ਦਬਾਉਣਾ ਚਾਹੀਦਾ ਹੈ ।' ਇਹ ਦਲੀਲ ਮੰਨ ਕੇ ਸ਼ਾਹ ਜਹਾਨ ਨੇ ਗੁਰੂ ਜੀ ਨੂੰ ਗ੍ਰਿਫਤਾਰ ਕਰ ਕੇ ਲਾਹੌਰ ਲਿਆਉਣ ਲਈ ਮੁਖਲਿਸ ਖਾਂ ਦੀ ਕਮਾਨ ਹੇਠ ਸੱਤ ਹਜ਼ਾਰ ਫੌਜ ਭੇਜੀ ।

ਗੁਰੂ ਜੀ ਨੂੰ ਚਿੱਤ ਚੇਤਾ ਹੀ ਨਹੀਂ ਸੀ ਕਿ ਜੰਗ ਛਿੜਨ ਵਾਲੀ ਹੈ । ਉਹ ਤਾਂ ਬੀਬੀ ਵੀਰੋ ਦੇ ਵਿਆਹ ਦੇ ਆਹਰ-ਪਾਹਰ ਵਿੱਚ ਰੁੱਝੇ ਹੋਏ ਸਨ । ਉਨ੍ਹਾਂ ਦੀ ਜੰਗ ਲਈ ਮੂਲੋਂ ਹੀ ਤਿਆਰੀ ਨਹੀਂ ਸੀ । ਗੁਰੂ ਜੀ ਪਾਸ ਨਾ ਕੋਈ ਤੋਪ ਸੀ ਅਤੇ ਨਾ ਹੀ ਕਾਫੀ ਦਾਰੂ ਸਿੱਕਾ ਹੀ ਸੀ । ਤੋਪ ਦੀ ਲੋੜ ਭਾਸਣ ਤੇ ਇਕ ਰੁੱਖ ਦੇ ਖੋਖਲੇ ਤਣੇ ਤੋਂ ਲੱਕੜ ਦੀ ਤੋਪ ਬਣਾ ਕੇ ਚਲਾਈ ਗਈ ।

ਮੁਖਲਿਸ ਖਾਂ ਮਾਰੋ-ਮਾਰ ਕਰਦਾ ਅੰਮ੍ਰਿਤਸਰ ਆ ਪੁੱਜਾ । ੨੩ ਜੇਠ ਸੰਮਤ ੧੬੮੫ ਨੂੰ ਸਿੱਖਾਂ ਤੇ ਮੁਗਲ ਸੈਨਾਂ ਵਿਚਕਾਰ ਲੜਾਈ ਸ਼ੁਰੂ ਹੋਈ । ਇਹ ਲੜਾਈ ਪਿਪਲੀ ਸਾਹਿਬ ਦੇ ਪਾਸ ਖਾਲਸਾ ਕਾਲਜ ਵਾਲੀ ਥਾਂ ਹੋਈ । ਸਿੱਖਾਂ ਦੀ ਕਮਾਨ ਗੁਰੂ ਜੀ ਆਪ ਅਤੇ ਉਨ੍ਹਾਂ ਦੇ ਸੂਰਬੀਰ ਜੋਧੇ ਭਾਈ ਬਿਧੀ ਚੰਦ, ਭਾਈ ਜੇਠਾ, ਪੈਂਦੇ ਖਾਂ ਆਦਿ ਕਰ ਰਹੇ ਸਨ । ਪਹਿਲੇ ਦਿਨ ਦੀ ਲੜਾਈ ਵਿੱਚ ਸਿੱਖਾਂ ਨੇ ਵੈਰੀਆਂ ਨੂੰ ਭਜਾ ਦਿੱਤਾ । ਦੂਜੇ ਦਿਨ ਹੋਰ ਸਖ਼ਤ ਲੜਾਈ ਹੋਈ ਅਤੇ ਤੀਜੇ ਦਿਨ ਹੋਰ ਵਧੇਰੇ ਕਟਾ-ਵੱਢ ਹੋਈ ।

ਗੁਰੂ ਜੀ ਨੇ ਲੱਕੜ ਦੀ ਤੋਪ ਚਲਾਈ । ਜਿਸ ਨਾਲ ਵੈਰੀਆਂ ਦਾ ਬੜਾ ਨੁਕਸਾਨ ਹੋਇਆ ਪਰ ਉਸ ਦੀ ਫੌਜ ਦੀ ਗਿਣਤੀ ਸਿੱਖ ਸੈਨਾ ਦੀ ਗਿਣਤੀ ਨਾਲੋਂ ਕਈ ਗੁਣਾਂ ਜ਼ਿਆਦਾ ਸੀ । ਮੁਗਲ ਫੌਜ ਸ਼ਹਿਰ ਵਿੱਚ ਦਾਖਲ ਹੋ ਗਈ ਤੇ ਉਸ ਨੇ ਸ਼ਹਿਰ ਨੂੰ ਲੁੱਟਿਆ। ਗੁਰੂ ਕੇ ਮਹਿਲਾਂ ਦੀ ਵੀ ਲੁੱਟ ਹੋਈ । ਗੁਰੂ ਜੀ ਦਾ ਪ੍ਰਵਾਰ ਮਸਾਂ-ਮਸਾਂ ਬਚ ਕੇ ਝਬਾਲ ਨੂੰ ਚਲਿਆ ਗਿਆ ਪਰ ਅੰਤ ਮੁਗਲਾਂ ਦੇ ਪੈਰ ਉਖੜ ਗਏ । ਗੁਰੂ ਜੀ ਨੇ ਖੰਡੇ ਨਾਲ ਮੁਖਲਿਸ ਖਾਂ ਨੂੰ ਟੋਟੇ ਕਰ ਕੇ ਢੇਰੀ ਕਰ ਦਿੱਤਾ । ਉਸ ਦੇ ਮਰਨ ਦੀ ਦੇਰ ਹੀ ਸੀ ਕਿ ਮੁਗਲ ਫੌਜ ਸਿਰ 'ਤੇ ਪੈਰ ਧਰ ਕੇ ਹਰਨ ਹੋ ਗਈ ।

ਗੁਰੂ ਜੀ ਨੇ ਆਪਣਾ ਪਰਵਾਰ ਝਬਾਲ ਘੱਲ ਦਿੱਤਾ ਸੀ । ਜੰਗ ਮਗਰੋਂ ਆਪ ਝਬਾਲ ਗਏ ਅਤੇ ੨੬ ਜੇਠ ਸੰਮਤ ੧੬੮੫ ਨੂੰ ਓਥੇ ਹੀ ਚੌਧਰੀ ਭਾਈ ਲੰਗਾਹ ਦੇ ਘਰ ਬੀਬੀ ਵੀਰੋ ਦਾ ਵਿਆਹ ਕੀਤਾ ਗਿਆ ।

ਮੈਕਾਲਿਫ ਦੀ ਲਿਖਤ ਅਨੁਸਾਰ ਇਹ ਜੁੱਧ ਅੰਮ੍ਰਿਤਸਰੋਂ ਚਾਰ ਮੀਲ ਤੀਕ ਦੱਖਣ ਵੱਲ ਵੀ ਹੁੰਦਾ ਰਿਹਾ । ਓਥੇ ਗੁਰੂ ਜੀ ਦੀ ਜਿੱਤ ਦੀ ਯਾਦਗਾਰ ਵਿੱਚ ਗੁਰਦੁਆਰਾ ਸੰਗਰਾਣਾ ਸਾਹਿਬ ਹੈ ।

੨) ਸ੍ਰੀ ਹਰਿਗੋਬਿੰਦਪੁਰ ਦਾ ਜੰਗ (ਸੰਮਤ ੧੬੮੭)

ਅਮਨ ਦੇ ਚਾਹਵਾਨ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਹੋਰ ਝਗੜੇ-ਬਖੇੜੇ ਤੋਂ ਦੂਰ ਰਹਿਣ ਦੀ ਖਾਤਰ ਸ੍ਰੀ ਅੰਮ੍ਰਿਤਸਰ ਛੱਡ ਕੇ ਜਲੰਧਰ ਦੁਆਬੇ ਵਿਚਲੇ ਕਰਤਾਰਪੁਰ ਵਿੱਚ ਜਾ ਟਿਕੇ । ਫੇਰ ਓਥੋਂ ਆਪ ਗੁਰਦਾਸਪੁਰ ਦੇ ਜ਼ਿਲ੍ਹੇ ਵਿਚਲੇ ਨੱਗਰ ਸ੍ਰੀ ਗੋਬਿੰਦਪੁਰ ਗਏ । ਇਹ ਪਿੰਡ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਵਸਾਇਆ ਸੀ। ਗੁਰੂ ਹਰਿਗੋਬਿੰਦ ਸਾਹਿਬ ਨੇ ਇਸ ਨੱਗਰੀ ਨੂੰ ਵਧਾਇਆ ਸੁਧਾਰਿਆ । ਇਸ ਤੋਂ ਉਸ ਦਾ ਨਾਂ ਸ੍ਰੀ ਹਰਿਗੋਬਿੰਦਪੁਰ ਪੈ ਗਿਆ । ਬਰਸਾਤ ਦੇ ਦਿਨਾਂ ਵਿੱਚ ਗੁਰੂ ਜੀ ਨੇ ਏਥੇ ਨਿਵਾਸ ਕੀਤਾ । ਇਸ ਇਲਾਕੇ ਦਾ ਸ਼ਾਹੀ ਮਾਲ ਗੁਜ਼ਰ (ਸਰਕਾਰੀ ਮਾਮਲਾ ਉਗਰਾਹ ਕੇ ਤਾਰਨ ਦਾ ਠੇਕੇਦਾਰ) ਭਗਵਾਨ ਦਾਸ ਘੇਰੜ ਸੀ,



ਜੋ ਸਿੱਖਾਂ ਨਾਲ ਵਾਧੂ ਦਾ ਵੈਰ ਰੱਖਦਾ ਸੀ । ਉਸ ਨੇ ਸੰਮਤ ੧੬੮੭ (ਸੰਨ ੧੬੩੦) ਵਿੱਚ ਖਾਹ-ਮਖਾਹ ਗੁਰੂ ਜੀ ਨਾਲ ਝਗੜਾ ਛੇੜਿਆ । ਲੜਾਈ ਹੋ ਪਈ । ਭਗਵਾਨ ਦਾਸ ਮਾਰਿਆ ਗਿਆ । ਉਸ ਦੇ ਪੁੱਤ ਰਤਨ ਚੰਦ ਨੇ ਜਲੰਧਰ ਦੇ ਫੌਜਦਾਰ ਅਬਦੁੱਲਾ ਖਾਂ ਪਾਸੋਂ ਮੱਦਦ ਮੰਗੀ । ਉਹ ਅੱਗੇ ਹੀ ਗੁਰੂ ਜੀ ਦਾ ਵਿਰੋਧੀ ਸੀ, ਉਸ ਨੇ ਚੜ੍ਹਾਈ ਕਰ ਦਿੱਤੀ । ਤਿੰਨ ਦਿਨ ਸਖਤ ਲੜਾਈ ਹੋਈ । ਅਬਦੁੱਲਾ ਖਾਂ ਤੇ ਰਤਨ ਚੰਦ ਨੂੰ ਗੁਰੂ ਜੀ ਨੇ ਝਟਕਾ ਦਿੱਤਾ । ਜਲੰਧਰ ਦੀ ਫੌਜ ਮੈਦਾਨ ਛੱਡ ਕੇ ਤਿੱਤਰ ਹੋ ਗਈ ।

ਅਗਲੇ ਦਿਨ ਗੁਰੂ ਜੀ ਨੇ ਜੰਗ ਵਿੱਚ ਸ਼ਹੀਦ ਹੋਏ ਸਿੱਖਾਂ ਦਾ ਸਸਕਾਰ ਕੀਤਾ । ਮੁਗ਼ਲ ਫੌਜ ਦੀਆਂ ਲੋਥਾਂ ਦਫਨਾਈਆਂ ਗਈਆਂ । ਇਸ ਥਾਂ ਗੁਰੂ ਜੀ ਨੇ ਦਮਦਮਾ ਬਣਵਾਇਆ ।

੩) ਮਹਿਰਾਜ (ਮਰਾਝ) ਦਾ ਜੰਗ (ਸੰਮਤ ੧੬੮੮)

ਹਰਿਗੋਬਿੰਦ ਪੁਰ ਦੇ ਜੰਗ ਮਗਰੋਂ ਗੁਰੂ ਹਰਿਗੋਬਿੰਦ ਸਾਹਿਬ ਫੇਰ ਸਿੱਖੀ ਪ੍ਰਚਾਰ ਵਿੱਚ ਰੁੱਝ ਗਏ ਪਰ ਉਨ੍ਹਾਂ ਨੂੰ ਲੋਕ-ਭਲਾਈ ਤੇ ਜਗਤ-ਸੁਧਾਰ ਦਾ ਇਹ ਮੰਨ ਭਾਉਂਦਾ ਕੰਮ ਕਰਨ ਦਾ ਬਹੁਤਾ ਚਿਰ ਮੌਕਿਆ ਨਾ ਮਿਲਿਆ । ਅਗਲੇ ਸਾਲ ਸੰਮਤ ੧੬੮੮ ਵਿੱਚ ਆਪ ਨੂੰ ਸ਼ਾਹੀ ਫੌਜ ਨਾਲ ਟਾਕਰਾ ਕਰਨਾ ਪਿਆ, ਇਸ ਜੰਗ ਦਾ ਪਰਤੱਖ ਕਾਰਨ ਦੋ ਘੋੜੇ ਬਣੇ । ਉਹ ਇਉਂ-

ਕਾਬਲ ਦਾ ਇਕ ਮਸੰਦ ਗੁਰੂ ਜੀ ਲਈ ਦੋ ਬਹੁਤ ਹੀ ਵਧੀਆ ਨਸਲ ਦੇ ਘੋੜੇ ਲਈ ਆਉਂਦਾ ਸੀ, ਉਹ ਘੋੜੇ ਲਾਹੌਰ ਦੇ ਸੂਬੇ ਨੇ ਖੋਹ ਲਏ । ਗੁਰੂ ਜੀ ਨੇ ਭਾਈ ਬਿਧੀ ਚੰਦ ਨੂੰ ਭੇਜਿਆ ਉਹ ਚਲਾਕੀ ਨਾਲ ਦੋਵੇਂ ਘੋੜੇ ਲੈ ਆਇਆ । ਪਹਿਲਾ ਘੋੜਾ ਘਾਹੀ ਬਣ ਕੇ ਅਤੇ ਦੂਜਾ ਜੋਤਸ਼ੀ-ਖੋਜੀ ਬਣ ਕੇ । ਇਸ 'ਤੇ ਜੰਗ ਹੋ ਪਿਆ ।

ਲਲਾਬੇਗ ਅਤੇ ਕਮਰਬੇਗ ਦੀ ਕਮਾਨ ਹੇਠ ਵੀਹ ਕੁ ਹਜ਼ਾਰ

ਫੌਜ ਗੁਰੂ ਜੀ ਦੇ ਵਿਰੁੱਧ ਭੇਜੀ ਗਈ। ਗੁਰੂ ਜੀ ਉਸ ਵੇਲੇ ਮਾਲਵੇ ਵਿੱਚ ਧਰਮ-ਪ੍ਰਚਾਰ ਕਰ ਰਹੇ ਸਨ। ਸ਼ਾਹੀ ਫੌਜ ਸੰਮਤ ੧੬੮੮ ਵਿੱਚ ਸਤਲੁਜੋਂ ਪਾਰ ਹੋਈ। ਗੁਰੂ ਜੀ ਨੂੰ ਪਹਿਲੋਂ ਪਤਾ ਲੱਗ ਗਿਆ ਸੀ। ਉਹ ਤਿਆਰ ਹੋ ਗਏ ਸਨ। ਉਨ੍ਹਾਂ ਨੇ ਮਹਿਰਾਜ (ਮਰਾਝ) ਦੇ ਪਾਸ ਨਥਾਣੇ ਦੀ ਢਾਬ ਦੇ ਪਾਸ ਮੋਰਚੇ ਕਾਇਮ ਕੀਤੇ। ਦੋ ਦਿਨ ਸਖ਼ਤ ਲੜਾਈ ਹੋਈ। ਲੋਥਾਂ ਦੇ ਢੇਰ ਲੱਗ ਗਏ। ਦੂਜੇ ਦਿਨ ਲਲਾਬੇਗ ਘੋੜਾ ਛੇੜ ਕੇ ਗੁਰੂ ਜੀ ਦੇ ਪਾਸ ਆ ਪੁੱਜਾ ਅਤੇ ਕਹਿਣ ਲੱਗਾ: 'ਖ਼ਲਕਤ ਨੂੰ ਕਾਹਨੂੰ ਮਰਵਾਉਂਦੇ ਹੋ ? ਆਓ, ਆਪਾਂ ਦੋਵੇਂ ਲੜ ਕੇ ਫੈਸਲਾ ਕਰ ਲਈਏ ਜਿੱਤ ਹਾਰ ਦਾ! ਗੁਰੂ ਜੀ ਨੇ ਕਿਹਾ, 'ਬੜੀ ਸੋਹਣੀ ਤੇ ਸਿਆਣੀ ਗੱਲ ਹੈ, ਆਓ।'

ਦ੍ਵੰਦ ਜੁੱਧ ਹੋਇਆ। ਪਹਿਲਾਂ ਤੀਰਾਂ ਨਾਲ ਲੜਾਈ ਹੋਈ ਅਤੇ ਫੇਰ ਤਲਵਾਰਾਂ ਨਾਲ। ਲਲਾਬੇਗ ਮਾਰਿਆ ਗਿਆ! ਉਸ ਦੇ ਡਿੱਗਣ ਦੀ ਦੇਰ ਸੀ ਕਿ ਸ਼ਾਹੀ ਫੌਜ ਮੈਦਾਨ ਛੱਡ ਕੇ ਤਿੱਤਰ ਹੋ ਗਈ। ਇਸ ਲੜਾਈ ਵਿੱਚ ੧੨੦੦ ਤੋਂ ਵਧ ਸਿੱਖ ਸ਼ਹੀਦ ਹੋਏ। ਸ਼ਾਹੀ ਫੌਜ ਦਾ ਇਸ ਤੋਂ ਵਧੇਰੇ ਨੁਕਸਾਨ ਹੋਇਆ। ਗੁਰੂ ਜੀ ਨੇ ਸ਼ਹੀਦ ਸਿੱਖਾਂ ਦੀਆਂ ਲਾਸ਼ਾਂ ਦਾ ਸਸਕਾਰ ਕੀਤਾ। ਮੁਸਲਮਾਨਾਂ ਦੀਆਂ ਲੋਥਾਂ ਨੂੰ ਦਫਨਾਇਆ ਗਿਆ। ਜਿਸ ਥਾਂ ਇਹ ਜੰਗ ਹੋਇਆ ਓਥੇ ਇਸ ਦੀ ਯਾਦਗਾਰ ਵਜੋਂ ਗੁਰੂ ਜੀ ਨੇ ਇਕ ਤਾਲ ਬਣਵਾਇਆ। ਜਿਸ ਦਾ ਨਾਂ ਗੁਰੂ-ਸਰ ਰੱਖਿਆ ਗਿਆ।

੪) ਕਰਤਾਰਪੁਰ ਦਾ ਜੰਗ-ਸੰਮਤ ੧੬੯੧

ਗੁਰੂ-ਸਰ ਮਹਿਰਾਜ ਦੇ ਜੁੱਧ ਮਗਰੋਂ ਛੇਤੀ ਹੀ ਸੰਮਤ ੧੬੮੯ (ਸੰਨ ੧੬੩੨) ਵਿੱਚ, ਗੁਰੂ ਜੀ ਕਰਤਾਰਪੁਰ (ਜਲੰਧਰ) ਚਲੇ ਗਏ ਅਤੇ ਕੁਝ ਚਿਰ ਓਥੇ ਰਹੇ। ਚੋਖੇ ਸਾਲ ਪਹਿਲਾਂ ਗੁਰੂ ਜੀ ਨੇ ਕਰਤਾਰਪੁਰ ਦੇ ਪਾਸਲੇ ਪਿੰਡ ਵੱਡੇ-ਮੀਰ ਦੇ ਕੁਝ ਮੁਸਲਮਾਨ ਪਠਾਣ ਨੌਕਰ ਰੱਖੇ ਸਨ। ਇਨ੍ਹਾਂ ਵਿੱਚ ਪੈਂਦੇ ਖਾਂ



(ਪੈਂਡੇ ਖਾਂ) ਵੀ ਸੀ, ਜਿਸ ਦੇ ਦਾਦਕੇ ਪਿੰਡ ਆਲਮਪੁਰ ਅਤੇ ਨਾਨਕੇ ਵੱਡੇ ਮੀਰ ਸਨ। ਇਹ ਬੜਾ ਕੱਦਾਵਾਰ ਤੇ ਬਲਵਾਨ ਗੱਭਰੂ ਸੀ। ਇਹ ਛੋਟੀ ਉਮਰੇ ਹੀ ਗੁਰੂ ਜੀ ਪਾਸ ਨੌਕਰ ਆ ਹੋਇਆ ਸੀ। ਇਸ ਦੀ ਪਾਲਣਾ ਤੇ ਸਿਖਲਾਈ ਗੁਰੂ ਜੀ ਨੇ ਪੁੱਤਾਂ ਵਾਂਗ ਕੀਤੀ ਤੇ ਇਸ ਨੂੰ ਆਪਣੀ ਫੌਜ ਦਾ ਇਕ ਸਰਦਾਰ ਥਾਪਿਆ। ਪਿਪਲੀ ਸਾਹਿਬ (ਅੰਮ੍ਰਿਤਸਰ) ਦੇ ਜੰਗ ਵਿੱਚ ਇਸ ਨੇ ਬੜੇ ਹੱਥ ਵਿਖਾਏ ਸਨ। ਗੁਰੂ ਜੀ ਇਸ ਉਪਰ ਬੜੇ ਖ਼ੁਸ਼ ਸਨ, ਪਰ ਇਸ ਨੂੰ ਹੰਕਾਰ ਹੋ ਗਿਆ। ਉਹ ਸਮਝਣ ਲੱਗ ਪਿਆ ਕਿ ਗੁਰੂ ਜੀ ਦੀ ਸਭ ਫੌਜੀ ਤਾਕਤ ਮੇਰੇ ਹੀ ਆਸਰੇ ਹੈ। ਫਿਰ ਉਸ ਦੇ ਜਵਾਈ ਆਸਮਾਨ ਖਾਂ ਨੇ ਉਸ ਨੂੰ ਸਿਖਾ ਭੜਕਾ ਕੇ ਗੁਰੂ ਜੀ ਦੇ ਵਿਰੁੱਧ ਕਰ ਦਿੱਤਾ। ਗੁਰੂ ਜੀ ਨੇ ਉਸ ਨੂੰ ਆਪਣੀ ਨੌਕਰੀਓਂ ਕੱਢ ਦਿੱਤਾ। ਉਹ ਬਾਦਸ਼ਾਹ ਪਾਸ ਜਾ ਨੌਕਰ ਹੋਇਆ। ਉਸ ਨੇ ਬਾਦਸ਼ਾਹ ਨੂੰ ਗੁਰੂ ਜੀ ਦੇ ਵਿਰੁੱਧ ਤਕੜੀ ਫੌਜ ਭੇਜਣ ਲਈ ਪ੍ਰੇਰ ਮਨਾ ਲਿਆ। ਇਹ ਫੌਜ ਕਾਲੇ ਖਾਂ ਦੀ ਕਮਾਨ ਹੇਠ ਸੀ। ਇਹ ਕਾਲੇ ਖਾਂ ਅੰਮ੍ਰਿਤਸਰ ਦੀ ਲੜਾਈ ਵਿੱਚ ਮਾਰੇ ਗਏ ਮੁਖਲਿਸ ਖਾਂ ਦਾ ਭਰਾ ਸੀ। ਪੈਂਦੇ ਖਾਂ ਅਤੇ ਜਲੰਧਰ ਦਾ ਫੌਜਦਾਰ ਕੁਤਬ ਖਾਂ ਉਸ ਦਾ ਸਾਥੀ ਸਹਾਇਕ ਸਨ।

ਹਾੜ ਵਦੀ ੭ ਸੰਮਤ ੧੬੯੧ (ਸੰਨ ੧੬੩੪) ਨੂੰ ਕਰਤਾਰਪੁਰ ਦੀ ਲੜਾਈ ਸ਼ੁਰੂ ਹੋਈ। ਸ਼ਾਹੀ ਫੌਜ ਨੇ ਸ਼ਹਿਰ ਉਦਾਲੇ ਘੇਰਾ ਘੱਤ ਲਿਆ। ਸਿੱਖਾਂ ਨੇ ਕਮਾਲ ਦਰਜੇ ਦੀ ਬਹਾਦਰੀ ਵਿਖਾਈ। ਉਹ ਆਪਣੇ ਧਰਮ ਅਤੇ ਗੁਰੂ ਵਾਸਤੇ ਲੜ ਰਹੇ ਸਨ। ਸ਼ਾਹੀ ਫੌਜ ਦੇ ਸਿਪਾਹੀ ਕੇਵਲ ਤਨਖ਼ਾਹ ਤੇ ਲੁੱਟ ਲਈ ਲੜ ਰਹੇ ਸਨ। ਸਿੱਖ ਸੈਨਾ ਦੀ ਅਗਵਾਈ ਬਾਬਾ ਗੁਰਦਿੱਤਾ ਜੀ ਅਤੇ ਭਾਈ ਬਿਧੀ ਚੰਦ ਜੀ ਕਰ ਰਹੇ ਸਨ। ਸਿੱਖਾਂ ਨੇ ਸ਼ਾਹੀ ਫੌਜ ਦੀਆਂ ਚਕ੍ਰੀਆਂ ਭੁਆ ਦਿੱਤੀਆਂ। ਸ੍ਰੀ ਤੇਗ ਬਹਾਦਰ ਜੀ ਵੀ, ਜੋ ਉਸ ਵੇਲੇ ੧੪ ਕੁ ਵਰ੍ਹਿਆਂ ਦੇ ਸਨ, ਕਮਾਲ ਦੀ

ਬਹਾਦਰੀ ਨਾਲ ਲੜੇ ਪਰ ਬਾਬਾ ਗੁਰਦਿੱਤਾ ਜੀ ਦੇ ਪੁੱਤਰ (ਗੁਰੂ ਜੀ ਦੇ ਪੋਤਰੇ) ਧੀਰਮਲ ਨੇ ਗੱਦਾਰੀ ਕੀਤੀ। ਉਸ ਨੇ ਪੈਂਦੇ ਖਾਂ ਨੂੰ ਚਿੱਠੀ ਲਿਖੀ ਤੇ ਕਿਹਾ : 'ਮੇਰੇ ਬਾਬੇ ਨੇ ਤੈਨੂੰ ਅਕਾਰਨ ਹੀ ਕੱਢ ਦਿੱਤਾ ਅਤੇ ਤੇਰੀ ਨਿਰਾਦਰੀ ਕੀਤੀ ਪਰ ਮੈਂ ਜਾਣਦਾ ਹਾਂ ਕਿ ਤੂੰ ਮੇਰਾ ਮਿੱਤਰ ਹੈਂ ਅਤੇ ਮੈਂ ਤੈਨੂੰ ਫਾਇਦਾ ਪੁਚਾਉਣ ਲਈ ਵੱਧ ਤੋਂ ਵੱਧ ਜਤਨ ਕਰਾਂਗਾ। ਜੇ ਤੂੰ ਅੱਜ ਰਾਤ ਨੂੰ ਆਵੇਂ ਅਤੇ ਝਟਾ-ਪਟ ਹੱਲਾ ਕਰ ਦੇਵੇਂ, ਤਾਂ ਕਿਲ੍ਹਾ ਤੇ ਇਸ ਦਾ ਖ਼ਜ਼ਾਨਾ ਤੇਰੇ ਕਬਜ਼ੇ ਵਿੱਚ ਆ ਜਾਵੇਗਾ। ਏਥੇ ਕਿਸੇ ਪ੍ਰਕਾਰ ਦੀ ਤਿਆਰੀ ਨਹੀਂ। ਮੈਂ ਹਰ ਤਰ੍ਹਾਂ ਤੇਰੀ ਸਹਾਇਤਾ ਕਰਾਂਗਾ।'

ਪੈਂਦੇ ਖਾਂ ਨੇ ਇਹ ਚਿੱਠੀ ਆਪਣੇ ਸਾਥੀਆਂ ਨੂੰ ਵਿਖਾਈ। ਉਹ ਬੜੇ ਖੁਸ਼ ਹੋਏ ਅਤੇ ਝੱਟ ਹੱਲੇ ਲਈ ਤਿਆਰ ਹੋ ਗਏ। ਬੜੀ ਜ਼ਬਰਦਸਤ ਲੜਾਈ ਹੋਈ। ਕਾਲੇ ਖਾਂ ਆਸਮਾਨ ਖਾਂ ਆਦਿ ਪਠਾਣ ਮਾਰੇ ਗਏ। ਪੈਂਦੇ ਖਾਂ ਨੇ ਗੁਰੂ ਜੀ ਨਾਲ ਹੱਥੋ-ਹੱਥ ਲੜਾਈ ਕੀਤੀ। ਗੁਰੂ ਜੀ ਨੇ ਉਸ ਨੂੰ ਪਹਿਲਾਂ ਵਾਰ ਕਰਨ ਤੇ ਦਿਲ ਦਾ ਉਬਾਲ ਕੱਢਣ ਦਾ ਮੌਕਿਆ ਦਿੱਤਾ ਅਤੇ ਉਸ ਦੇ ਸਭ ਵਾਰ ਰੋਕ ਕੇ ਅਸਫਲ ਕਰ ਦਿੱਤੇ। ਫੇਰ ਗੁਰੂ ਜੀ ਨੇ ਤਲਵਾਰ ਦਾ ਅਜਿਹਾ ਵਾਰ ਕੀਤਾ ਕਿ ਪੈਂਦੇ ਖਾਂ ਭੋਂ ਉਤੇ ਗੁਰੂ ਜੀ ਦੇ ਚਰਨਾਂ 'ਤੇ ਡਿੱਗ ਪਿਆ। ਗੁਰੂ ਜੀ ਨੇ ਉਸ ਨੂੰ ਕਿਹਾ, 'ਤੂੰ ਮੁਸਲਮਾਨ ਹੈਂ! ਹੁਣ ਤੇਰਾ ਕਲਮਾ ਪੜ੍ਹਨ ਦਾ ਵੇਲਾ ਹੈ।' ਅੱਗੋਂ ਪੈਂਦੇ ਖਾਂ ਬੋਲਿਆ, 'ਗੁਰੂ ਜੀ! ਤੁਹਾਡੀ ਤਲਵਾਰ ਹੀ ਮੇਰਾ ਕਲਮਾ ਤੇ ਮੁਕਤੀ-ਦਾਤਾ ਹੈ।' ਉਹ ਅਖੀਰਲੇ ਸਾਹਾਂ 'ਤੇ ਸੀ। ਗੁਰੂ ਜੀ ਨੇ ਉਸ ਨੂੰ ਧੁੱਪ ਤੋਂ ਬਚਾਉਣ ਲਈ ਆਪਣੀ ਢਾਲ ਨਾਲ ਉਸ ਦੇ ਚਿਹਰੇ ਉਤੇ ਛਾਂ ਕਰ ਦਿੱਤੀ।

ਸ਼ਾਹੀ ਫੌਜ ਨੂੰ ਭਾਜ ਪੈ ਗਈ ਤੇ ਉਹ ਜਲੰਧਰ ਵੱਲ ਨੂੰ ਨੱਸ ਗਈ। ਗੁਰੂ ਜੀ ਦੀ ਜਿੱਤ ਹੋਈ। ਗੁਰੂ ਜੀ ਨੇ ਸ਼ਹੀਦ ਸਿੱਖਾਂ ਦਾ ਸਸਕਾਰ ਕੀਤਾ ਤੇ ਮੁਸਲਮਾਨ ਫੌਜੀਆਂ ਦੀਆਂ ਲੋਥਾਂ ਨੂੰ



ਦਫਨਾਇਆ। ਉਸ ਤੋਂ ਮਗਰੋਂ ਗੁਰੂ ਜੀ ਪ੍ਰਵਾਰ ਸਮੇਤ ਕੀਰਤਪੁਰ ਨੂੰ ਤੁਰ ਪਏ।* ਹਾਰ ਖਾ ਕੇ ਭੱਜ ਆਏ ਪਠਾਣਾਂ ਨੇ ਇਕੱਠੇ ਹੋ ਕੇ ਫਗਵਾੜੇ ਲਾਗੇ ਫਿਰ ਟਾਕਰਾ ਕੀਤਾ, ਪਰ ਉਨ੍ਹਾਂ ਨੂੰ ਮੂੰਹ ਦੀ ਖਾਣੀ ਪਈ। ਫਗਵਾੜੇ ਪਾਸ ਜਿਸ ਥਾਂ ਇਹ ਟੱਕਰ ਹੋਈ ਓਥੇ ਇਸ ਦੀ ਯਾਦ ਵਿੱਚ ਗੁਰਦੁਆਰਾ 'ਪਲਾਹ ਸਾਹਿਬ' ਹੈ।

ਇਸ ਲੜਾਈ ਤੋਂ ਮਗਰੋਂ ਵੀ ਧੀਰਮਲ ਨੇ ਬਾਦਸ਼ਾਹ ਸ਼ਾਹਜਹਾਨ ਨੂੰ ਚਿੱਠੀ ਲਿਖੀ ਕਿ 'ਮੈਂ ਆਪ ਦਾ ਤਾਬੇਦਾਰ ਤੇ ਵਫਾਦਾਰ ਹਾਂ।' ਉਸ ਸਮੇਂ ਤੋਂ ਹੀ ਧੀਰ-ਮੱਲੀਏ ਗੁਰੂ-ਘਰ ਦੇ ਵਿਰੋਧੀ ਗਿਣੇ ਜਾਂਦੇ ਹਨ ਅਤੇ ਗੁਰਸਿੱਖਾਂ ਨੂੰ ਉਨ੍ਹਾਂ ਨਾਲ ਰੋਟੀ-ਬੇਟੀ ਦੀ ਸਾਂਝ ਕਰਨ ਦੀ ਮਨਾਹੀ ਹੈ।

ਜੁੱਧਾਂ ਬਾਰੇ ਵਿਚਾਰ– ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਚਾਰ ਜੁੱਧ ਲੜੇ ਤੇ ਚਾਰੇ ਹੀ ਜਿੱਤੇ। ਚਹੁੰਆਂ ਹੀ ਮੌਕਿਆਂ 'ਤੇ ਆਪ ਨੂੰ ਆਪਣੀ ਰੱਖਿਆ ਲਈ ਲੜਨਾ ਪਿਆ। ਆਪ ਨੇ ਪਹਿਲ ਕਿਤੇ ਨਹੀਂ ਸੀ ਕੀਤੀ। ਜਿੱਤਾਂ ਪ੍ਰਾਪਤ ਕਰ ਕੇ ਉਨ੍ਹਾਂ ਨੇ ਇੰਚ ਭਰ ਵੀ ਇਲਾਕਾ ਨਾ ਮੱਲਿਆ ਅਤੇ ਨਾ ਹੀ ਉਨ੍ਹਾਂ ਦੀ ਫੌਜ ਨੇ ਆਪ ਜੇਤੂ ਫੌਜਾਂ ਵਾਂਗ ਲੁੱਟ-ਮਾਰ ਹੀ ਮਚਾਈ। ਗੁਰੂ ਜੀ ਦੇ ਜੰਗ-ਢੰਗ ਵੀ ਉਚੇਰੇ ਪਾਏ ਦੇ ਸਨ। ਆਪ ਦੀ ਆਪਣੀ ਫੌਜ ਨੂੰ ਹਦਾਇਤ ਹੁੰਦੀ ਸੀ, 'ਵੈਰੀ ਦੇ ਸਨਮੁੱਖ ਹੋ ਕੇ ਲੜਨਾ ਹੈ, ਪਿੱਠ ਨਹੀਂ ਵਿਖਾਉਣੀ ਤੇ ਪਿੱਠ ਪਿੱਛੋਂ ਵਾਰ ਨਹੀਂ ਕਰਨਾ। ਭੱਜੇ ਜਾਂਦੇ

*ਧੀਰਮਲ ਤੇ ਉਸ ਦੀ ਮਾਤਾ ਗੁਰੂ ਜੀ ਦੇ ਨਾਲ ਨਾ ਗਏ। ਧੀਰਮਲ ਦੇ ਨਾ ਜਾਣ ਦਾ ਇਕ ਕਾਰਨ ਤਾਂ ਇਹ ਸੀ ਕਿ ਉਹ ਗੱਦਾਰ ਹੋ ਚੁਕਿਆ ਸੀ ਅਤੇ ਗੁਰੂ ਜੀ ਦੇ ਸਾਹਮਣੇ ਹੋਣੋਂ ਝਕਦਾ ਸੀ। ਦੂਜਾ, ਉਸ ਦਾ ਖ਼ਿਆਲ ਸੀ ਕਿ ਜੇ ਮੈਂ ਪਿੱਛੇ ਰਹਾਂਗਾ, ਤਾਂ ਕਰਤਾਰਪੁਰ ਵਿਚਲੀ ਗੁਰੂ ਜੀ ਦੀ ਸਾਰੀ ਜਾਇਦਾਦ ਦਾ ਮਾਲਕ ਬਣ ਜਾਵਾਂਗਾ ਅਤੇ ਸ੍ਰੀ ਗ੍ਰੰਥ ਸਾਹਿਬ ਵੀ ਮੇਰੇ ਕਬਜ਼ੇ ਵਿੱਚ ਰਹੇਗਾ, ਜਿਸ ਪਾਸ ਸ੍ਰੀ ਗ੍ਰੰਥ ਸਾਹਿਬ ਹੋਵੇਗਾ, ਉਹ ਹੀ ਗੁਰੂ ਹੋਵੇਗਾ।

ਕਿਸੇ ਵੈਰੀ ਉਪਰ ਵਾਰ ਨਹੀਂ ਕਰਨਾ । ਸ਼ਸਤਰ-ਹੀਣ ਉਪਰ ਵਾਰ ਨਹੀਂ ਕਰਨਾ ।'

ਗੱਲ ਇਹ ਸੀ ਕਿ ਗੁਰੂ ਜੀ ਦੇ ਜੁੱਧ ਰਾਜਸੀ ਨਹੀਂ ਸਨ ਸਗੋਂ ਧਰਮ-ਜੁੱਧ ਸਨ । ਉਹ ਰਾਜ ਕਾਇਮ ਕਰਨ ਦੀ ਖ਼ਾਤਰ ਨਹੀਂ, ਸਗੋਂ ਕੌਮ-ਉਸਾਰੀ ਦੀ ਇਕ ਜ਼ਰੂਰੀ ਮੰਜ਼ਲ ਦੇ ਤੌਰ 'ਤੇ ਲੜੇ ਗਏ ਸਨ । ਉਤੋਂ-ਉਤੋਂ ਤਾਂ ਇਉਂ ਜਾਪਦਾ ਹੈ ਕਿ ਇਹ ਜੰਗ ਬਾਜ਼ ਜਾਂ ਘੋੜਿਆਂ ਦੀ ਮਾਲਕੀ ਲਈ ਜਾਂ ਹੋਰ ਮਾਮੂਲੀ ਜਿਹੇ ਕਾਰਨਾਂ ਕਰ ਕੇ ਹੋਏ, ਪਰ ਅਸਲ ਕਾਰਨ ਡੂੰਘਾ ਸੀ । ਗੁਰੂ ਜੀ ਹਿੰਦੀਆਂ ਦੇ ਮਨਾਂ ਵਿੱਚ ਬੀਰ-ਰਸ ਭਰ ਕੇ ਉਨ੍ਹਾਂ ਨੂੰ ਜ਼ਬਰ ਤੇ ਜ਼ੁਲਮ ਵਿਰੁੱਧ ਉਠਣ ਤੇ ਡੱਟ ਕੇ ਲੜਨ ਅਤੇ ਪ੍ਰਦੇਸੀ ਹਕੂਮਤ ਦੀ ਮਹਾਨ ਤਾਕਤ ਨੂੰ ਨਾਸ ਕਰ ਕੇ ਦੇਸ਼ ਨੂੰ ਅਜ਼ਾਦ ਕਰਾਉਣ ਲਈ ਮੈਦਾਨ ਵਿੱਚ ਨਿਤਰਨ ਲਈ ਤਿਆਰ ਕਰ ਰਹੇ ਸਨ । ਉਹ ਆਪਣੇ ਦੇਸ਼-ਭਰਾਵਾਂ ਵਿੱਚ ਅਣਖ ਤੇ ਸਵੈ-ਸਤਿਕਾਰ ਪੈਦਾ ਕਰ ਕੇ ਉਨ੍ਹਾਂ ਵਿੱਚ ਅਜਿਹੀ ਸ਼ਕਤੀ ਭਰਨੀ ਚਾਹੁੰਦੇ ਸਨ ਕਿ ਉਹ ਵਧੀਕੀਆਂ ਸੀਨਾਜ਼ੋਰੀਆਂ ਤੇ ਨਿਰਾਦਰੀਆਂ ਨੂੰ ਨਿੱਸਲ ਪਏ ਜਰੀ ਜਾਣ ਦੀ ਥਾਂ ਲਲਕਾਰੇ ਮਾਰ ਕੇ ਉਠਣ ਤੇ ਉਨ੍ਹਾਂ ਦਾ ਟਾਕਰਾ ਕਰ ਕੇ ਉਨ੍ਹਾਂ ਨੂੰ ਅਸੰਭਵ ਬਣਾ ਦੇਣ । ਆਪ ਦੀਆਂ ਅਜਿਹੀਆਂ ਵਿਉਂਤਾਂ ਆਪ-ਹੁਦਰੇ ਹਾਕਮਾਂ ਨੂੰ ਕਿਵੇਂ ਭਾ ਸੁਖਾ ਸਕਦੀਆਂ ਸਨ ? ਮੁਗ਼ਲ ਸਰਕਾਰ ਅਜਿਹੀ ਮਹਾਨ ਤਬਦੀਲੀ ਨੂੰ ਰੋਕਣਾ ਚਾਹੁੰਦੀ ਸੀ । ਤੁਰਕਾਂ ਨਾਲ ਗੁਰੂ ਜੀ ਦੀਆਂ ਲੜਾਈਆਂ ਦਾ ਅਸਲੀ ਕਾਰਨ ਇਹ ਸੀ ।



ਕਾਂਡ ੭

# ਅਮਨ ਦੇ ਦਿਨ, ਸਿੱਖੀ-ਪ੍ਰਚਾਰ, ਸੱਚ-ਖੰਡ ਵਾਪਸੀ

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦਿਲੋਂ ਚਾਹੁੰਦੇ ਸਨ ਕਿ ਅਮਨ ਸਹਿਤ ਗੁਰਸਿੱਖੀ ਦਾ ਪ੍ਰਚਾਰ ਕੀਤਾ ਜਾਵੇ ਅਤੇ ਹਿੰਦੀ ਜਨਤਾ ਦੇ ਮਨਾਂ ਨੂੰ ਉਚਾ ਤੇ ਆਜ਼ਾਦ, ਦਿਲਾਂ ਨੂੰ ਸੁੱਚਾ ਤੇ ਤਕੜਾ ਅਤੇ ਤਨਾਂ ਨੂੰ ਨਰੋਆ ਤੇ ਬਲਵਾਨ ਬਣਾਇਆ ਜਾਵੇ । ਜੰਗਾਂ ਨੇ ਆਪ ਦੇ ਇਸ ਪ੍ਰੋਗਰਾਮ ਵਿੱਚ ਸਮੇਂ-ਸਮੇਂ ਰੁਕਾਵਟ ਪਾਈ, ਪਰ ਹਰੇਕ ਜੰਗ ਦੇ ਮੁਕਦਿਆਂ ਹੀ, ਆਪ ਝਟ-ਪਟ ਸਿੱਖੀ ਪ੍ਰਚਾਰ ਤੇ ਜਗਤ-ਉਧਾਰ ਦੇ ਕੰਮ ਵਿੱਚ ਜੁੱਟ ਪੈਂਦੇ ਸਨ ।

ਬਾਬਾ ਸਿਰੀ ਚੰਦ ਮਿਲਾਪ– ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵੱਡੇ ਸਾਹਿਬਜ਼ਾਦੇ, ਬਾਬਾ ਸ੍ਰੀ ਚੰਦ ਜੀ, ਪਿੰਡ ਬਾਰਠ ਵਿੱਚ ਰਹਿੰਦੇ ਸਨ । ਇਹ ਪਿੰਡ ਡੇਰਾ ਬਾਬਾ ਨਾਨਕ ਤੋਂ ੧੯-੨੦ ਮੀਲ ਉੱਤਰ-ਪੂਰਬ ਨੂੰ ਹੈ । ਉਹ ਉਦਾਸੀ ਮੱਤ ਦੇ, ਜੋ ਕਿ ਸਿੱਖ-ਧਰਮ ਦਾ ਇਕ ਅੰਗ ਹੈ, ਮੋਢੀ ਪ੍ਰਚਾਰਕ ਸਨ । ਇਕ ਵੇਰ ਸ੍ਰੀ ਹਰਿਗੋਬਿੰਦ ਸਾਹਿਬ ਆਪਣੇ ਵੱਡੇ ਸਾਹਿਬਜ਼ਾਦੇ, ਬਾਬਾ ਗੁਰਦਿੱਤਾ ਜੀ ਨੂੰ ਨਾਲ ਲੈ ਕੇ ਉਨ੍ਹਾਂ ਨੂੰ ਮਿਲਣ ਗਏ । ਬਾਬਾ ਜੀ ਬੜੇ ਪਿਆਰ ਸਤਿਕਾਰ ਨਾਲ ਮਿਲੇ । ਗੱਲ-ਬਾਤ ਕਰਦਿਆਂ ਬਾਬਾ ਸ੍ਰੀ ਚੰਦ ਜੀ ਨੇ ਗੁਰੂ ਜੀ ਤੋਂ ਪੁੱਛਿਆ, 'ਆਪ ਦੇ ਕਿੰਨੇ ਸਾਹਿਬਜ਼ਾਦੇ ਹਨ ?'

ਗੁਰੂ ਜੀ– 'ਅਕਾਲ ਪੁਰਖ ਨੇ ਪੰਜ ਪੁੱਤ ਬਖਸ਼ੇ ਹਨ ।'

ਬਾਬਾ ਜੀ– 'ਸਾਰੇ ਆਪ ਹੀ ਰੱਖਣੇ ਜੇ ਕਿ ਕੋਈ ਸਾਨੂੰ ਵੀ ਦਿਓਗੇ ?'

ਗੁਰੂ ਜੀ– ਇਹ ਸਾਡਾ ਵੱਡਾ ਪੁੱਤ, ਗੁਰਦਿੱਤਾ ਸਾਡੇ ਨਾਲ ਹੈ । ਇਹ ਆਪ ਦੀ ਸੇਵਾ ਲਈ ਹਾਜ਼ਰ ਹੈ ।'

ਇਹ ਸੁਣ ਕੇ ਬਾਬਾ ਸਿਰੀ ਚੰਦ ਜੀ ਬੜੇ ਪ੍ਰਸੰਨ ਹੋਏ। ਆਪ ਨੇ ਸੇਲ੍ਹੀ ਟੋਪੀ ਬਾਬਾ ਗੁਰਦਿੱਤਾ ਜੀ ਨੂੰ ਦਿੱਤੀ ਅਤੇ ਕਿਹਾ: *'ਗੁਰ-ਗੱਦੀ ਤਾਂ ਅੱਗੇ ਹੀ ਤੁਹਾਡੇ ਪਾਸ ਹੈ। ਸਾਡੇ ਪਾਸ ਥੋੜ੍ਹਾ ਜਿਹਾ ਤਪ ਤੇ ਫਕੀਰੀ ਸੀ, ਇਹ ਵੀ ਲੈ ਲਵੋ।'*

ਇਸ ਤਰ੍ਹਾਂ ਬਾਬਾ ਗੁਰਦਿੱਤਾ ਜੀ ਬਾਬਾ ਸਿਰੀ ਚੰਦ ਜੀ ਦੇ ਚੇਲੇ ਬਣ ਗਏ। ਬਾਬਾ ਸਿਰੀ ਚੰਦ ਜੀ ਨੇ ਆਪ ਨੂੰ ਆਗਿਆ ਕੀਤੀ : *'ਅਸੀਂ ਬਿਰਧ ਹਾਂ। ਅਸੀਂ ਚਾਹੁੰਦੇ ਹਾਂ ਕਿ ਪਿਤਾ ਗੁਰੂ ਨਾਨਕ ਦੇਵ ਦੇ ਧਰਮ ਦਾ ਦੇਸ਼-ਦੇਸ਼ਾਂਤਰਾਂ ਵਿੱਚ ਪ੍ਰਚਾਰ ਕੀਤਾ ਜਾਵੇ। ਇਹ ਕੰਮ ਹੁਣ ਤੁਸਾਂ ਕਰਨਾ ਹੈ।'*

ਬਾਬਾ ਗੁਰਦਿੱਤਾ ਜੀ ਨੂੰ ਜੰਗਾਂ ਵਿੱਚ ਸ਼ਾਮਲ ਹੋਣ ਤੋਂ ਪਹਿਲਾਂ ਵੀ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਸਿੱਖੀ-ਪ੍ਰਚਾਰ ਦਾ ਕੰਮ ਸੌਂਪ ਰੱਖਿਆ ਸੀ ਤਾਂ ਜੋ ਇਹ ਕੰਮ ਲਗਾਤਾਰ ਚੱਲਦਾ ਰਹੇ। ਜਿਹਾ ਕਿ ਅੱਗੇ ਦੱਸਿਆ ਗਿਆ ਹੈ, ਬਾਬਾ ਗੁਰਦਿੱਤਾ ਜੀ ਗ੍ਰਿਹਸਤੀ ਤੇ ਜੋਧੇ ਵੀ ਸਨ, ਪਰ ਨਾਲ ਹੀ ਆਪ ਪੂਰਨ ਸੰਤ ਵੀ ਸਨ। ਆਪ ਦੀ ਸ਼ਕਲ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਮਿਲਦੀ ਸੀ। ਕੀਰਤਪੁਰ ਦੇ ਪਾਸ ਰਹਿਣ ਵਾਲੇ, ਗੁਰੂ ਨਾਨਕ ਦੇਵ ਜੀ ਦੇ ਸ਼ਰਧਾਲੂ, ਸਾਈਂ ਬੁੱਢਣ ਸ਼ਾਹ ਨੇ ਜਦ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੂੰ ਕਿਹਾ ਸੀ ਕਿ ਸਾਨੂੰ ਗੁਰੂ ਨਾਨਕ ਦੇ ਰੂਪ ਵਿੱਚ ਦਰਸ਼ਨ ਦਿਓ, ਤਾਂ ਬੁੱਢਣ ਸ਼ਾਹ ਦੀ ਇੱਛਾ ਪੂਰਤੀ ਲਈ ਗੁਰੂ ਜੀ ਨੇ ਬਾਬਾ ਗੁਰਦਿੱਤਾ ਜੀ ਨੂੰ ਭੇਜਿਆ ਸੀ।

ਜਦ ਬਾਬਾ ਸਿਰੀ ਚੰਦ ਜੀ ਜੋਤੀ-ਜੋਤਿ ਸਮਾ ਗਏ, ਤਾਂ ਬਾਬਾ ਗੁਰਦਿੱਤਾ ਜੀ ਉਦਾਸੀ ਭੇਖ ਦੇ ਮੋਢੀ ਬਣੇ ਅਤੇ ਸਿੱਖੀ ਪ੍ਰਚਾਰ ਦੇ ਕੰਮ ਵਿੱਚ ਲੱਗ ਪਏ। ਸੰਮਤ ੧੬੯੩ (ਸੰਨ ੧੬੩੬) ਵਿੱਚ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਬਾਬਾ ਗੁਰਦਿੱਤਾ ਜੀ ਨੂੰ ਆਗਿਆ ਕੀਤੀ ਕਿ ਸਿੱਖੀ ਪ੍ਰਚਾਰ ਦੇ ਚਾਰ



ਮੁਖੀਏ ਨੀਅਤ ਕਰੋ ਅਤੇ ਸਿੱਖੀ ਪ੍ਰਚਾਰ ਦਾ ਕੰਮ ਜਥੇਬੰਦ ਢੰਗ ਨਾਲ ਚਾਲੂ ਕਰੋ। ਬਾਬਾ ਗੁਰਦਿੱਤਾ ਜੀ ਨੇ ਇਸ ਆਗਿਆ ਮੂਜਬ ਅਲਮਸਤ ਜੀ, ਬਾਲੂ ਹਸਨਾ ਜੀ, ਫੂਲਸ਼ਾਹ ਜੀ ਤੇ ਗੋਂਦਾ ਜੀ ਨੂੰ ਇਸ ਕੰਮ ਲਈ ਚੁਣਿਆ। ਇਨ੍ਹਾਂ ਨੇ ਚਾਰ ਧੂਣੀਆਂ ਜਾਂ ਧੂਏਂ ਕਾਇਮ ਕੀਤੇ ਜੋ ਸਿੱਖੀ ਪ੍ਰਚਾਰ ਦੇ ਸੋਮੇਂ ਬਣੇ। ਇਨ੍ਹਾਂ ਚਹੁੰ ਮੁਖੀਆਂ ਦੇ ਅਗਾਂਹ ਕਈ ਕਈ ਚੇਲੇ ਸਨ, ਜਿਨ੍ਹਾਂ ਨੇ ਉਦਾਸੀ ਭੇਖ ਧਾਰ ਕੇ ਦੂਰ-ਦੂਰ ਦੀਆਂ ਕਠਨ ਥਾਵਾਂ ਵਿੱਚ ਸਿੱਖੀ ਦਾ ਪ੍ਰਚਾਰ ਕੀਤਾ। ਪਹਿਲੇ ਗੁਰੂ ਸਾਹਿਬਾਂ ਦੇ ਥਾਪੇ ਹੋਏ ਮਸੰਦ ਜਿਉਂ-ਜਿਉਂ ਕੁਮੱਤੀਏ ਬਣਦੇ ਤੇ ਵਿਗੜਦੇ ਗਏ, ਤਿਉਂ-ਤਿਉਂ ਸਿੱਖ-ਧਰਮ ਦੇ ਇਨ੍ਹਾਂ ਉਦਾਸੀ ਪ੍ਰਚਾਰਕਾਂ ਦੀ ਮਹਾਨਤਾ ਵਧਦੀ ਗਈ।

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਸਿੱਖੀ ਪ੍ਰਚਾਰ ਲਈ ਹੋਰ ਪ੍ਰਬੰਧ ਵੀ ਕੀਤੇ, ਜਿਵੇਂ ਆਪ ਨੇ ਭਾਈ ਬਿਧੀ ਚੰਦ ਨੂੰ ਬੰਗਾਲ ਵਿੱਚ ਪ੍ਰਚਾਰ ਲਈ ਭੇਜਿਆ।

ਫੂਲ ਬੰਸ ਨੂੰ ਵਰ– ਉਪਰ ਦੱਸਿਆ ਗਿਆ ਹੈ ਕਿ ਸੰਮਤ ੧੬੮੪ (ਸੰਨ ੧੬੨੭) ਵਿੱਚ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਭਾਈ ਕਾਲਾ ਤੇ ਭਾਈ ਰੂਪ ਚੰਦ, ਸਿੱਧੂ ਜੱਟਾਂ ਨੂੰ ਟਿਕਾਣਾ ਦੇਣ ਦੀ ਖਾਤਰ ਮਹਿਰਾਜ (ਮਰਾੜ) ਪਿੰਡ ਵਸਾਇਆ ਸੀ। ਓਥੇ ਹੀ ਸੰਮਤ ੧੬੮੮ ਵਿੱਚ ਸ਼ਾਹੀ ਫੌਜਾਂ ਨਾਲ ਜੁੱਧ ਹੋਇਆ ਸੀ।

ਜੁੱਧ ਤੋਂ ਮਗਰੋਂ ਓਥੇ ਰੋਜ਼ ਦੀਵਾਨ ਸਜਦਾ, ਕਥਾ ਕੀਰਤਨ ਹੁੰਦਾ ਅਤੇ ਅੰਮ੍ਰਿਤ ਦੀ ਵਰਖਾ ਹੁੰਦੀ। ਇਕ ਦਿਨ ਭਾਈ ਕਾਲਾ ਆਪਣੇ ਦੋਂਹ ਭਤੀਜਿਆਂ ਸੰਦਲ ਤੇ ਫੂਲ ਨੂੰ ਲੈ ਕੇ ਗੁਰ-ਦਰਬਾਰੇ ਪੁੱਜਾ। ਫੂਲ ਉਸ ਦੇ ਮੋਢੇ ਉਤੇ ਸੀ ਅਤੇ ਸੰਦਲੀ ਉਂਗਲ ਫੜੀ ਤੁਰਿਆ ਆਉਂਦਾ ਸੀ। ਗੁਰੂ ਜੀ ਦੇ ਰੂ-ਬਰੂ ਪਹੁੰਚ ਕੇ ਫੂਲ ਆਪਣਾ ਢਿੱਡ ਵਜਾਉਣ ਲੱਗ ਪਿਆ। ਗੁਰੂ ਜੀ ਨੇ ਪੁੱਛਿਆ ਕਿ

ਉਹ ਬੱਚਾ ਆਪਣਾ ਢਿੱਡ ਕਿਉਂ ਵਜਾਉਂਦਾ ਹੈ ? ਭਾਈ ਕਾਲੇ ਨੇ ਉੱਤਰ ਦਿੱਤਾ, 'ਦੀਨ ਦਿਆਲ, ਸੱਚੇ ਪਾਤਸ਼ਾਹ ! ਇਹ ਯਤੀਮ ਹੈ । ਢਿੱਡੋਂ ਭੁੱਖਾ ਹੈ । ਬੋਲਣ ਅਜੇ ਜਾਣਦਾ ਨਹੀਂ । ਇਸ ਕਰ ਕੇ ਭੁੱਖ ਦਾ ਦੁੱਖ ਇਸ ਢੰਗ ਨਾਲ ਪ੍ਰਗਟ ਕਰਦਾ ਹੈ । ਇਹ ਆਪ ਪਾਸੋਂ ਕੁਝ ਖਾਣ-ਪੀਣ ਤੇ ਢਿੱਡ ਭਰਨ ਲਈ ਮੰਗਦਾ ਹੈ । ਤੁੱਠੋ, ਕਰੋ ਮਿਹਰ ਇਸ ਗਰੀਬ ਯਤੀਮ ਉਪਰ !'

ਗੁਰੂ ਜੀ ਨੂੰ ਉਸ ਢਿੱਡ ਵਜਾ ਰਹੇ ਮਸੂਮ ਬੱਚੇ ਉਪਰ ਤਰਸ ਆਇਆ । ਆਪ ਨੇ ਫੁਰਮਾਇਆ, ਭਾਈ ਕਾਲਾ ! ਇਹ ਬੜਾ ਵੱਡਾ ਉਂਘਾ ਤੇ ਅਮੀਰ ਹੋਵੇਗਾ । ਇਸ ਦੀ ਉਲਾਦ ਦੇ ਘੋੜੇ ਜਮਨਾ ਤੀਕ ਪਾਣੀ ਪੀਣਗੇ । ਇਸ ਦੀ ਉਲਾਦ ਕਈ ਪੀੜ੍ਹੀਆਂ ਤੀਕ ਏਥੇ ਰਾਜ ਕਰੇਗੀ ।'

ਜਦ ਭਾਈ ਕਾਲਾ ਘਰ ਪੁੱਜਾ ਤੇ ਉਸ ਨੇ ਭਤੀਜੇ ਨੂੰ ਮਿਲੇ ਵਰ ਦਾ ਹਾਲ ਆਪਣੀ ਵਹੁਟੀ ਨੂੰ ਦੱਸਿਆ, ਤਾਂ ਉਹ ਕਹਿਣ ਲੱਗੀ, 'ਤੁਸੀਂ ਆਪਣੇ ਪੁੱਤਾਂ ਨੂੰ ਕਿਉਂ ਨਾ ਗੁਰੂ ਪਾਸ ਲੈ ਗਏ। ਉਹ ਵੀ ਰਾਜੇ ਬਣ ਜਾਂਦੇ । ਹੁਣ ਉਹ ਫੂਲ ਨੂੰ ਟਕੇ ਭਰਿਆ ਕਰਨਗੇ । ਅਜੇ ਵੀ ਵੇਲਾ ਹੈ ਭਲਕੇ ਉਨ੍ਹਾਂ ਨੂੰ ਲੈ ਜਾਣਾ ।'

ਅਗਲੇ ਦਿਨ ਭਾਈ ਕਾਲਾ ਆਪਣੇ ਪੁੱਤਾਂ ਨੂੰ ਲੈ ਕੇ ਗੁਰੂ ਜੀ ਦੇ ਦਰਬਾਰ ਪੁੱਜਾ । ਜਿਵੇਂ ਕਿ ਉਨ੍ਹਾਂ ਨੂੰ ਸਿਖਾਇਆ ਗਿਆ ਸੀ, ਉਹ ਆਪਣੇ ਢਿੱਡ ਵਜਾ ਰਹੇ ਸਨ । ਗੁਰੂ ਜੀ ਨੇ ਕਿਹਾ, 'ਇਹ ਤਾਂ ਯਤੀਮ ਨਹੀਂ । ਉਹ ਸਮਾਂ ਵੀ ਲੰਘ ਗਿਆ । ਫਿਰ ਭੀ ਇਹ ਜ਼ਮੀਨਾਂ ਦੇ ਮਾਲਕ ਹੋਣਗੇ, ਆਪਣੀ ਕਮਾਈ ਖਾਣਗੇ, ਟਕੇ ਨਹੀਂ ਭਰਨਗੇ ਤੇ ਕਿਸੇ ਦੇ ਅਧੀਨ ਨਹੀਂ ਹੋਣਗੇ ।'

ਫੂਲ ਦੇ ਪੁੱਤਾਂ ਵਿਚੋਂ ਇਕ ਤਰਲੋਕ ਸਿੰਘ ਨਾਭੇ ਤੇ ਜੀਂਦ ਦੇ ਰਾਜਿਆਂ ਦਾ ਵਡਕਾ ਹੋਇਆ ਅਤੇ ਦੂਜਾ ਪੁੱਤ ਰਾਮ ਸਿੰਘ ਪਟਿਆਲੇ ਦੇ ਰਾਜਿਆਂ ਦਾ । ਇਨ੍ਹਾਂ ਤਿੰਨਾਂ ਰਿਆਸਤਾਂ ਨੂੰ ਫੂਲਕੀਆਂ ਰਿਆਸਤਾਂ ਆਖਦੇ ਸਨ । ਭਾਈ ਕਾਲੇ ਦੀ ਉਲਾਦ



੨੨ ਪਿੰਡਾਂ ਦੀ ਮਾਲਕ ਬਣੀ ਜਿਨ੍ਹਾਂ ਨੂੰ ਬਾਹੀਆ ਆਖਦੇ ਹਨ । ਬਾਹੀਏ ਵਾਲੇ ਜ਼ਮੀਨ ਦਾ ਮਾਮਲਾ ਨਹੀਂ ਸਨ ਭਰਿਆ ਕਰਦੇ ।

ਗੁਰ-ਗੱਦੀ ਲਈ ਚੋਣ– ਜਦੋਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਜਾਣਿਆ ਕਿ ਸਾਡਾ ਜੋਤੀ-ਜੋਤਿ ਸਮਾਉਣ ਦਾ ਸਮਾਂ ਨੇੜੇ ਆ ਰਿਹਾ ਹੈ, ਤਾਂ ਆਪ ਨੇ ਆਪਣੇ ਮਗਰੋਂ ਗੁਰ-ਗੱਦੀ ਦੀਆਂ ਜ਼ੁੰਮੇਵਾਰੀਆਂ ਸੰਭਾਲਣ ਵਾਲੇ ਦੀ ਚੋਣ ਕੀਤੀ । ਆਪ ਦੇ ਪੰਜ ਸਾਹਿਬਜ਼ਾਦੇ ਸਨ- ਬਾਬਾ ਗੁਰਦਿੱਤਾ ਜੀ, ਸ੍ਰੀ ਸੂਰਜ ਮੱਲ ਜੀ, ਸ੍ਰੀ ਅਣੀ ਰਾਇ ਜੀ, ਬਾਬਾ ਅਟੱਲ ਰਾਇ ਜੀ ਅਤੇ ਸ੍ਰੀ (ਗੁਰੂ) ਤੇਗ ਬਹਾਦਰ ਜੀ । ਇਨ੍ਹਾਂ ਵਿਚੋਂ ਤਿੰਨ ਬਾਬਾ ਗੁਰਦਿੱਤਾ ਜੀ, ਬਾਬਾ ਅਟੱਲ ਰਾਇ ਜੀ ਤੇ ਸ੍ਰੀ ਅਣੀ ਰਾਇ ਜੀ ਜੋਤੀ ਜੋਤ ਸਮਾ ਚੁੱਕੇ ਸਨ । ਸ੍ਰੀ ਸੂਰਜ ਮੱਲ ਜੀ ਦਾ ਝੁਕਾਅ (ਉਲੇਰ) ਬਹੁਤਾ ਦੁਨੀਆਂਦਾਰੀ ਵੱਲ ਸੀ । ਸ੍ਰੀ ਤੇਗ ਬਹਾਦਰ ਜੀ ਬਹੁਤੇ ਤਿਆਗੀ ਸੁਭਾਅ ਵਾਲੇ ਸਨ । ਸਮੇਂ ਦੀ ਮੰਗ ਅਜੇ ਹੋਰ ਸੀ । ਗੁਰੂ ਜੀ ਦੇ ਦੋ ਪੋਤਰੇ ਸਨ ਜੋ ਬਾਬਾ ਗੁਰਦਿੱਤਾ ਜੀ ਦੇ ਪੁੱਤ ਸਨ । ਇਹ ਸਨ ਧੀਰਮਲ ਤੇ ਸ੍ਰੀ ਹਰਿਰਾਇ ਜੀ । ਧੀਰਮਲ ਗੁਰੂ-ਘਰ ਦਾ ਵਿਰੋਧੀ ਤੇ ਗੱਦਾਰ ਸੀ ਅਤੇ ਵੈਰੀਆਂ ਨਾਲ ਗੰਢ-ਤੁੱਪ ਕਰਦਾ ਰਹਿੰਦਾ ਸੀ । ਸ੍ਰੀ ਗੁਰੂ ਅਰਜਨ ਦੇਵ ਜੀ ਦਾ ਤਿਆਰ ਕਰਵਾਇਆ ਸ੍ਰੀ ਗ੍ਰੰਥ ਸਾਹਿਬ ਛੇਵੇਂ ਪਾਤਸ਼ਾਹ ਕਰਤਾਰਪੁਰ (ਜਲੰਧਰ) ਛੱਡ ਆਏ ਸਨ। ਜਦ ਉਸ ਦੇ ਪਿਤਾ ਬਾਬਾ ਗੁਰਦਿੱਤਾ ਜੀ ਦਾ ਦੇਹਾਂਤ ਹੋਇਆ, ਤਾਂ ਗੁਰੂ ਜੀ ਨੇ ਉਸ ਨੂੰ ਸੱਦ ਭੇਜਿਆ ਤੇ ਕਿਹਾ ਕਿ ਸ੍ਰੀ ਗ੍ਰੰਥ ਸਾਹਿਬ ਨਾਲ ਲਈ ਆਇਓ ਤਾਂ ਜੁ ਤੁਹਾਡੇ ਪਿਤਾ ਜੀ ਦੇ ਨਮਿਤ ਪਾਠ ਕੀਤਾ ਕਰਾਇਆ ਜਾਵੇ, ਪਰ ਉਹ ਨਾ ਆਇਆ। ਹੋਰ ਵੀ ਕਈ ਮੌਕਿਆਂ ਤੇ ਉਸ ਨੇ ਗੁਰੂ ਜੀ ਦੀ ਆਗਿਆ ਭੰਗ ਕੀਤੀ ਸੀ । ਇਸ ਕਰ ਕੇ ਉਸ ਦੇ ਗੁਰੂ-ਗੱਦੀ ਲਈ ਵਿਚਾਰੇ ਜਾਣ ਦਾ ਸਵਾਲ ਹੀ ਨਹੀਂ ਸੀ ਉੱਠਦਾ ।

ਗੁਰੂ ਜੀ ਦੇ ਛੋਟੇ ਪੋਤਰੇ ਸ੍ਰੀ ਹਰਿਰਾਇ ਸਾਹਿਬ ਜੀ, ਹਰ ਤਰ੍ਹਾਂ ਗੁਰ-ਗੱਦੀ ਦੀਆਂ ਜ਼ੁੰਮੇਵਾਰੀਆਂ ਨਿਭਾਹੁਣ ਦੇ ਯੋਗ ਸਨ, ਇਸ ਕਰ ਕੇ ਉਨ੍ਹਾਂ ਨੂੰ ਹੀ ਆਪ ਨੇ ਗੁਰ-ਗੱਦੀ 'ਤੇ ਬਿਰਾਜਣ ਲਈ ਚੁਣਿਆ।

ਸੱਚ-ਖੰਡ ਵਾਪਸੀ– ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਚੇਤ ਸੁਦੀ ਪੰਚਮੀ (੬ ਚੇਤ) ਸੰਮਤ ੧੭੦੧, ਮੁਤਾਬਕ ੩ ਮਾਰਚ ਸੰਨ ੧੬੪੪ ਨੂੰ ਐਤਵਾਰ ਵਾਲੇ ਦਿਨ ਜੋਤੀ-ਜੋਤਿ ਸਮਾਏ।

ਆਪ ਦੇ ਦੇਹ ਤਿਆਗਣ 'ਤੇ ਆਪ ਦੇ ਚਰਨ-ਕੰਵਲਾਂ ਦੇ ਭੌਰੇ ਬਿਹਬਲ ਹੋ ਗਏ। ਬਹੁਤ ਸਾਰੇ ਤਾਂ ਆਪ ਦੇ ਸਰੀਰ ਦੇ ਨਾਲ ਚਿਖਾ ਵਿੱਚ ਪੈਣਾ ਲੋਚਦੇ ਸਨ। ਦੋ'ਹ ਜਣਿਆਂ–ਇਕ ਰਾਜਪੂਤ ਤੇ ਇਕ ਜੱਟ– ਨੇ ਤਾਂ ਚਿਖਾ ਉਪਰ ਛਾਲਾਂ ਮਾਰ ਵੀ ਦਿੱਤੀਆਂ। ਉਹ ਚਿਖਾ 'ਤੇ ਧਰੀ ਗੁਰੂ ਜੀ ਦੀ ਦੇਹ ਉਦਾਲੇ ਪ੍ਰਕਰਮਾਂ ਕਰਦੇ ਰਹੇ ਅਤੇ ਅੰਤ ਨੂੰ ਗੁਰੂ ਜੀ ਦੇ ਚਰਨਾਂ ਨਾਲ ਚਿੰਬੜ ਗਏ। ਉਨ੍ਹਾਂ ਦੇ ਸਰੀਰ ਅੱਗ ਦੀ ਭੇਟ ਹੋ ਗਏ ਅਤੇ ਉਨ੍ਹਾਂ ਦੀਆਂ ਆਤਮਾਂ ਗੁਰੂ ਜੀ ਦੀ ਭਾਲ ਵਿੱਚ ਉਡਾਰੀ ਲਾ ਗਈਆਂ। ਹੋਰ ਵੀ ਅਨੇਕਾਂ ਸਿੱਖ ਇਹੋ ਕੁਝ ਕਰਨਾ ਚਾਹੁੰਦੇ ਸਨ, ਪਰ ਸ੍ਰੀ ਗੁਰੂ ਹਰਿਰਾਇ ਜੀ ਨੇ ਉਨ੍ਹਾਂ ਨੂੰ ਰੋਕਿਆ ਅਤੇ ਧੀਰਜ ਦਿੱਤੀ।

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੀ ਦੇਹ ਦਾ ਸਸਕਾਰ ਕੀਰਤਪੁਰ ਵਿੱਚ ਸਤਲੁਜ ਦੇ ਕੰਢੇ ਕੀਤਾ ਗਿਆ ਉਸ ਥਾਂ ਦਾ ਨਾਂ 'ਪਤਾਲਪੁਰੀ' ਹੈ।

✿ ✿ ✿

## ਸੈਂਚੀ ਸੱਤਵੀਂ

# ਸ੍ਰੀ ਗੁਰੂ ਹਰਿਰਾਇ ਸਾਹਿਬ ਜੀ

*(ਸੰਮਤ ੧੬੮੬-੧੭੧੮, ਸੰਨ ੧੬੩੦-੧੬੬੧)*